# ਬਾਰਹਮਾਹਾ ਮਾਝ ਮਹਲਾ ੫
# ਅਸੁਨਿ

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂ. ਮਿਸ਼ਨ।*

*ਅਸੁਨਿ ਪ੍ਰੇਮ ਉਮਾਹੜਾ ਕਿਉ ਮਿਲੀਐ ਹਰਿ ਜਾਇ॥*
*ਮਨਿ ਤਨਿ ਪਿਆਸ ਦਰਸਨ ਘਣੀ ਕੋਈ ਆਣਿ ਮਿਲਾਵੈ ਮਾਇ॥*
*ਸੰਤ ਸਹਾਈ ਪ੍ਰੇਮ ਕੇ ਹਉ ਤਿਨ ਕੈ ਲਾਗਾ ਪਾਇ॥*
*ਵਿਣੁ ਪ੍ਰਭ ਕਿਉ ਸੁਖੁ ਪਾਈਐ ਦੂਜੀ ਨਾਹੀ ਜਾਇ॥*
*ਜਿੰਨੀ ਚਾਖਿਆ ਪ੍ਰੇਮ ਰਸੁ ਸੇ ਤ੍ਰਿਪਤਿ ਰਹੇ ਆਘਾਇ॥*
*ਆਪੁ ਤਿਆਗਿ ਬਿਨਤੀ ਕਰਹਿ ਲੇਹੁ ਪ੍ਰਭੂ ਲੜਿ ਲਾਇ॥*
*ਜੋ ਹਰਿ ਕੰਤਿ ਮਿਲਾਈਆ ਸਿ ਵਿਛੁੜਿ ਕਤਹਿ ਨ ਜਾਇ॥*
*ਪ੍ਰਭ ਵਿਣੁ ਦੂਜਾ ਕੋ ਨਹੀ ਨਾਨਕ ਹਰਿ ਸਰਣਾਇ॥*
*ਅਸੂ ਸੁਖੀ ਵਸੰਦੀਆ ਜਿਨਾ ਮਇਆ ਹਰਿ ਰਾਇ॥*
*ਅੰਗ - 135*

ਸਾਧਸੰਗਤ ਜੀ! ਚਿਤ ਬਿਰਤੀਆਂ ਇਕਾਗਰ ਕਰੋ, ਨੇਤਰਾਂ ਨੂੰ ਗੁਰੂ ਸਰੂਪ ਦੇ ਧਿਆਨ ਨਾਲ ਜੋੜੋ। ਮਨ ਨੂੰ ਫੁਰਨਿਆਂ ਤੋਂ ਰੋਕ ਕੇ, ਬੁੱਧੀ ਦੇ ਨਾਲ ਬਾਣੀ ਦੀ ਵਿਚਾਰ ਕਰਕੇ ਹਿਰਦੇ 'ਚ ਧਾਰਨ ਕਰੋ। ਫੇਰ ਫਲ ਕਿੰਨਾ ਹੋਏਗਾ?

*ਸੇਵਕ ਸਿਖ ਪੂਜਣ ਸਭਿ ਆਵਹਿ*
*ਸਭਿ ਗਾਵਹਿ ਹਰਿ ਹਰਿ ਊਤਮ ਬਾਨੀ॥*
*ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ*
*ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ॥*
*ਅੰਗ - 669*

ਜਿੰਨੀ ਦੇਰ ਤੱਕ ਗੁਰੂ ਦੀ ਆਗਿਆ ਨਹੀਂ ਮੰਨਦੇ, ਓਨੀ ਦੇਰ ਤਕ ਪ੍ਰਮੇਸ਼ਰ ਦਾ ਮਿਲਾਪ ਨਹੀਂ ਹੋਇਆ ਕਰਦਾ। ਆਪ ਸਾਰੇ ਕਾਰੋਬਾਰ ਸੰਕੋਚਦੇ ਹੋਏ ਅਸੁਨਿ ਮਹੀਨੇ ਦੀ ਸੰਗਰਾਂਦ ਦਾ ਦਿਨ ਜਾਣ ਕੇ ਪਿਆਰ ਦੇ ਨਾਲ ਹਰੀ ਜਸ ਕਰਨ ਵਾਸਤੇ ਇਸ ਅਸਥਾਨ ਤੇ ਪੁੱਜੇ ਓਂ। ਏਸ ਮਹੀਨੇ ਦੇ ਅੰਦਰ ਮਹਾਰਾਜ ਜੀ ਉਪਦੇਸ਼ ਦਿੰਦੇ ਨੇ ਕਿ ਜੇ ਵਾਹਿਗੁਰੂ ਨੂੰ ਮਿਲਣਾ ਹੈ ਤਾਂ ਪਿਆਰ ਕਰ ਓਸਨੂੰ। ਪਿਆਰ ਤੋਂ ਬਗੈਰ ਨਹੀਂ ਮਿਲਦਾ। ਨਾ ਅਸੀਂ ਵਾਹਿਗੁਰੂ ਦੇਖਿਐ, ਨਾ ਜਾਣਿਐ, ਨਾ ਸਾਨੂੰ ਪਤਾ ਲਗਦਾ ਹੈ। ਪਿਆਰ ਤਾਂ ਓਹਦੇ ਨਾਲ ਕੀਤਾ ਜਾਂਦਾ ਹੈ ਜਿਹਨੂੰ ਦੇਖ-ਦੇਖ ਜੀਵੀਏ। ਕਈ ਵਾਰੀ ਐਸਾ ਵੀ ਹੁੰਦਾ ਹੈ ਕਿਸੇ ਦੀ ਸਖਸ਼ੀਅਤ ਬਾਰੇ ਸੁਣਦੇ ਜਾਈਏ ਤਾਂ ਵੀ ਪਿਆਰ ਹੋ ਜਾਇਆ ਕਰਦਾ ਹੈ। ਕਈ ਵਾਰੀ ਐਸਾ ਵੀ ਹੁੰਦਾ ਹੈ ਕਿ ਲੋੜਵੰਦ ਹਾਂ ਅਸੀਂ, ਸਾਨੂੰ ਚੀਜ਼ਾਂ ਚਾਹੀਦੀਆਂ ਨੇ, ਲੋੜਾਂ ਨੇ ਸਾਡੀਆਂ - ਦੁੱਖ ਆਉਂਦਾ ਹੈ, ਅਸੀਂ ਘਬਰਾਹਟ 'ਚ ਜਾਂਦੇ ਹਾਂ, ਕੋਈ ਗੁਪਤ ਹੱਥ ਸਾਡੀ ਸਹਾਇਤਾ ਕਰਦਾ ਹੈ। ਕੋਈ ਪ੍ਰੇਮੀ ਪੈਸੇ ਵੀ ਭੇਜਦਾ ਹੈ ਲੇਕਿਨ ਆਪਣੇ ਆਪ ਨੂੰ ਦੂਰ ਰਖਦਾ ਹੈ। ਬੱਚਿਆਂ ਨੂੰ ਫੀਸਾਂ ਵੀ ਦਿੰਦੈ, ਕਿਤਾਬਾਂ ਵੀ ਦਿੰਦੈ, ਕਾਰੋਬਾਰ ਵੀ ਕਰਦਾ ਹੈ ਲੇਕਿਨ ਫੇਰ ਮੁਕਤ ਰਹਿੰਦਾ ਹੈ। ਸਾਡੇ ਮਨ ਵਿਚ ਨਿਹਚਾ ਹੋ ਜਾਂਦਾ ਹੈ ਕਿ ਕੋਈ ਬਹੁਤ ਅੱਛਾ ਬੰਦਾ ਹੈ ਉਹ। ਜਿਹੜਾ ਸਾਰਾ ਕੁਛ ਕਰ ਰਿਹਾ ਹੈ ਉਹਦੇ ਨਾਲ ਵੀ ਪਿਆਰ ਹੋ ਜਾਇਆ ਕਰਦਾ ਹੈ। ਲੇਕਿਨ ਰੱਬ ਨਾਲ ਨਹੀਂ ਹੁੰਦਾ। ਪਤਾ ਨਹੀਂ ਓਹਦੇ ਨਾਲ ਕੀ ਵੈਰ ਹੈ ਏਸ ਮਨੁੱਖ ਦਾ? ਉਹਨੂੰ ਐਵੇਂ ਹੀ ਗਿਣਦੈ। ਪਾਣੀ ਪੀਂਦਾ ਹੈ ਕਦੇ ਨਹੀਂ ਸੋਚਦਾ ਕਿ ਇਹ ਵਾਹਿਗੁਰੂ ਨੇ ਮੈਨੂੰ ਨਿਰਮਲ ਜਲ ਦਿਤਾ ਹੈ। ਜੇ ਭਲਾ ਇਹ ਦੂਸ਼ਿਤ ਹੋ ਗਿਆ ਕਿਥੋਂ ਪਾਣੀ ਪੀਵਾਂਗੇ। ਅਸੀਂ ਉਹਦੀ ਕਦਰ ਨਹੀਂ ਪਾਉਂਦੇ। ਕਿਉਂ ਨਹੀਂ ਪਾਉਂਦੇ? ਕਿ ਧਰਤੀ ਦੇ ਵਿਚ ਤਾਂ ਪਾਣੀ ਹੈਗਾ ਹੀ ਹੈਗਾ। ਜਿਥੇ ਕਿਤੇ ਪਾਣੀ ਦੀ ਬਹੁਤ ਘਾਟ ਹੋਵੇ, ਉਥੇ ਕੋਈ ਪਾਣੀ ਦਾ ਘੜਾ ਰੱਖ ਜਾਵੇ। ਸਾਡੀ ਪਿਆਸ ਬੁਝਾ ਜਾਵੇ, ਉਹਦੇ ਬਾਰੇ ਤਾਂ ਦਿਲ 'ਚ ਆਏਗਾ ਕਿ ਕਿੱਡਾ ਚੰਗਾ ਬੰਦਾ ਹੈ। ਪਰ ਪ੍ਰਮੇਸ਼ਰ ਨਾਲ ਸਾਡਾ ਪਿਆਰ ਨਹੀਂ ਪੈਂਦਾ, ਹੋਰ ਸਾਰੀਆਂ ਚੀਜ਼ਾਂ ਨਾਲ ਪੈ ਜਾਂਦਾ ਹੈ। ਪਿਆਰ ਤੋਂ ਬਗੈਰ ਪ੍ਰਭੂ ਨਹੀਂ ਮਿਲਦਾ, ਜਦ ਤੱਕ ਡੂੰਘਾ ਹੋ ਕੇ ਉਹਦੇ ਨਾਲ ਪਿਆਰ ਨਹੀਂ ਪਾਉਂਦਾ, ਓਨਾ ਚਿਰ ਰੱਬ ਦਾ ਮਿਲਾਪ ਨਹੀਂ ਹੋਇਆ ਕਰਦਾ। ਮਹਾਰਾਜ ਇਸ ਮਹੀਨੇ ਦੇ ਅੰਦਰ ਉਪਦੇਸ਼ ਦਿੰਦੇ ਫੁਰਮਾਨ ਕਰਦੇ ਨੇ -

*ਅਸੁਨਿ ਪ੍ਰੇਮ ਉਮਾਹੜਾ ਕਿਉ ਮਿਲੀਐ ਹਰਿ ਜਾਇ॥*
*ਅੰਗ - 134*

ਕਿ ਅੱਸੂ ਦੇ ਵਿਚ ਪ੍ਰੇਮ ਦਾ ਚਸ਼ਮਾ ਪੈਦਾ ਹੋ ਗਿਆ ਹਿਰਦੇ 'ਚ ਨਾਮ ਜਪਦੇ-ਜਪਦੇ, ਅੰਮ੍ਰਿਤ ਵੇਲੇ ਜਾਗ ਕੇ-

*ਭਿੰਨੀ ਰੈਨੜੀਐ ਚਾਮਕਨਿ ਤਾਰੇ॥*
*ਜਾਗਹਿ ਸੰਤ ਜਨਾ ਮੇਰੇ ਰਾਮ ਪਿਆਰੇ॥*
*ਰਾਮ ਪਿਆਰੇ ਸਦਾ ਜਾਗਹਿ ਨਾਮੁ ਸਿਮਰਹਿ ਅਨਦਿਨੋ॥*
*ਚਰਣ ਕਮਲ ਧਿਆਨੁ ਹਿਰਦੈ ਪ੍ਰਭ ਬਿਸਰੁ ਨਾਹੀ ਇਕੁ ਖਿਨੋ॥*
*ਅੰਗ - 459*

ਉਹ ਪਿਆਰ ਕਰਦੇ ਨੇ ਪ੍ਰਮੇਸ਼ਰ ਨੂੰ, ਖਿੱਚ ਪਾਉਂਦੇ ਨੇ। ਇਹਦੇ ਵਿਚ ਇਹ ਹੈ ਕਿ ਉਮਾਹ ਪੈਦਾ ਹੋ ਗਿਆ, ਚਸ਼ਮਾ ਪੈਦਾ ਹੋ ਗਿਆ ਪਿਆਰ ਦਾ ਤੇ ਹੁਣ ਕਿਵੇਂ ਜਾ ਕੇ ਓਸ ਨੂੰ ਮਿਲੀਏ।

*ਅਸੁਨਿ ਪ੍ਰੇਮ ਉਮਾਹੜਾ ਕਿਉ ਮਿਲੀਐ ਹਰਿ ਜਾਇ॥*
*ਅੰਗ - 134*

ਪਿਆਰ ਤਾਂ ਪੈਦਾ ਹੋ ਗਿਆ ਕਿਉਂਕਿ ਚੇਤ, ਵੈਸਾਖਿ, ਜੇਠ, ਹਾੜ, ਸਾਉਣ, ਭਾਦੋਂ ਛੇ ਮਹੀਨੇ ਸਿੱਕਾਂ

ਸਿਕਦਿਆਂ ਨੂੰ ਲੰਘ ਗਏ। ਬੇਨਤੀਆਂ ਕਰਦਿਆਂ ਨੂੰ ਲੰਘ ਗਏ ਕਿ ਹੇ ਪ੍ਰਭੂ! ਤੇਰਾ ਵਿਛੋੜਾ ਹੋ ਗਿਆ। ਕਿਸ ਤਰ੍ਹਾਂ ਤੂੰ ਮਿਲ ਸਕਦੈਂ?

*ਕਈ ਜਨਮ ਭਏ ਕੀਟ ਪਤੰਗਾ॥*
*ਕਈ ਜਨਮ ਗਜ ਮੀਨ ਕੁਰੰਗਾ॥*
*ਕਈ ਜਨਮ ਪੰਖੀ ਸਰਪ ਹੋਇਓ॥*
*ਕਈ ਜਨਮ ਹੈਵਰ ਬ੍ਰਿਖ ਜੋਇਓ॥*
*ਮਿਲੁ ਜਗਦੀਸ ਮਿਲਨ ਕੀ ਬਰੀਆ॥*
*ਚਿਰੰਕਾਲ ਇਹ ਦੇਹ ਸੰਜਰੀਆ॥* *ਅੰਗ - 176*

ਹੇ ਪ੍ਰਭੂ! ਤੇਰੇ ਨਾਲੋਂ ਵਿਛੜ ਕੇ ਬੜਾ ਹੀ ਦੁੱਖ ਪਾਇਆ ਹੈ। ਕੀੜੇ-ਮਕੌੜੇ, ਪੰਛੀ, ਹਰਨ, ਬਲਦ, ਮੱਛੀਆਂ, ਐਸੀਆਂ ਨਖਿੱਧ ਜੂਨੀਆਂ ਵਿਚ ਜੀਵ ਆਤਮਾ ਭਟਕਦਾ ਰਿਹਾ ਹੈ ਕਿਉਂਕਿ ਤੇਰੇ ਨਾਲੋਂ ਵਿਛੜ ਗਿਆ। ਵਾਸ਼ਨਾ ਦਾ ਬੰਨ੍ਹਿਆ ਹੋਇਆ ਭਟਕਦਾ ਰਿਹਾ -

*ਕੇਤੇ ਰੁਖ ਬਿਰਖ ਹਮ ਚੀਨੇ ਕੇਤੇ ਪਸੂ ਉਪਾਏ॥*
*ਕੇਤੇ ਨਾਗ ਕੁਲੀ ਮਹਿ ਆਏ ਕੇਤੇ ਪੰਖ ਉਡਾਏ॥*
*ਅੰਗ - 156*

ਬੜਾ ਕੁੱਛ ਦੇਖਿਆ ਹੈ, ਹੁਣ ਕ੍ਰਿਪਾ ਕਰਕੇ ਮੇਲ ਲੈ। ਪਹਿਲੇ ਮਹੀਨੇ 'ਚ ਕਹਿੰਦੇ ਨੇ ਮਹਾਰਾਜ -

*ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ॥*
*ਅੰਗ - 133*

ਜਿਨ੍ਹਾਂ ਨੂੰ ਵਿਛੋੜਾ ਲਗ ਗਿਆ। ਬਿਰਹੁ ਪੀੜ ਨੇ ਜਿਨ੍ਹਾਂ ਦਾ ਹਿਰਦਾ ਵਿੰਨ੍ਹ ਦਿਤਾ, ਕਹਿੰਦੇ ਉਹ ਕਿਸ ਤਰੀਕੇ ਨਾਲ ਟਿਕ ਸਕਦੇ ਨੇ। ਉਹ ਧੀਰਜ ਕਿਵੇਂ ਕਰ ਸਕਦੇ ਨੇ, ਧੀਰਜ ਨਹੀਂ ਹੁੰਦੀ ਉਨ੍ਹਾਂ ਤੋਂ। ਸੋ ਇਸ ਤਰ੍ਹਾਂ ਦੇ ਨਾਲ ਜੇਠ ਦਾ ਮਹੀਨਾ ਆਇਆ, ਹਾੜ੍ਹ ਦਾ ਆਇਆ। ਹਾੜ੍ਹ ਤਪਦਾ ਸੀ ਉਨ੍ਹਾਂ ਵਾਸਤੇ ਜਿਨ੍ਹਾਂ ਦਾ ਪਿਆਰ ਪ੍ਰਮੇਸ਼ਰ ਨਾਲ ਨਹੀਂ ਲੱਗਿਆ।

*ਸਾਵਣਿ ਸਰਸੀ ਕਾਮਣੀ ਚਰਨ ਕਮਲ ਸਿਉ ਪਿਆਰੁ॥*
*ਅੰਗ - 134*

ਸਾਵਣ ਦੇ ਬੱਦਲਾਂ ਨੇ ਅੰਦਰ ਠੰਢਕ ਲਿਆਂਦੀ ਤੇ ਪਿਆਰ ਪੈ ਗਿਆ ਉਸ ਸਾਂਈ ਨਾਲ, ਅਣਡਿੱਠੇ ਨਾਲ। ਜਿਹੜਾ ਅਣਮੰਗੀਆਂ ਦਾਤਾਂ ਦਿੰਦਾ ਹੈ। ਸੋ ਇਸ ਤਰ੍ਹਾਂ ਦੇ ਨਾਲ ਸਾਵਣਿ ਦੇ ਮਹੀਨੇ ਦੇ ਅੰਦਰ ਵੈਰਾਗ ਪੈਦਾ ਹੋ ਗਿਆ। ਭਾਦੋਂ ਨੇ ਦੱਸਿਆ ਕਿ ਤੂੰ ਕਿਉਂ ਭਰਮਾਂ 'ਚ ਭੁੱਲ ਗਿਆ, ਪ੍ਰਮੇਸ਼ਰ ਤੇਰੇ ਨਾਲ ਹੈ। ਭੁੱਲਿਆ ਹੋਇਆ ਤੂੰ ਦੁੱਖ ਪ੍ਰਾਪਤ ਕਰਦਾ ਹੈਂ। ਫੇਰ ਅੱਸੂ ਦੇ ਮਹੀਨੇ 'ਚ ਆ ਕੇ ਵਿਚਾਰ ਕੀਤੀ ਕਿ ਹੈਂ ਮੇਰੇ ਨਾਲ ਰਹਿੰਦਾ ਹੈ ਪ੍ਰਮੇਸ਼ਰ? ਹਰ ਵਕਤ ਮੇਰੇ ਨਾਲ ਰਹਿੰਦਾ ਹੈ? ਕਹਿੰਦੇ ਹਾਂ। -

*ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ॥*
*ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ॥*
*ਈਤ ਊਤ ਨਹੀ ਬੀਛੁੜੈ ਸੋ ਸੰਗੀ ਗਨੀਐ॥*
*ਅੰਗ - 677*

ਜਿਹੜਾ ਰਹਿੰਦਾ ਹੀ ਨਾਲ ਹੈ ਹਰ ਵਕਤ ਉਹਨੂੰ ਭੁੱਲ ਗਿਆ ਤੂੰ। ਉਸਨੂੰ ਨਾ ਭੁੱਲੋ। ਯਾਦ ਰੱਖੋ ਉਸਨੂੰ। ਅੱਸੂ ਦੇ ਮਹੀਨੇ 'ਚ ਉਮਾਹ ਆ ਗਿਆ। ਚਸ਼ਮਾ ਫੁੱਟ ਪਿਆ ਅੰਦਰ ਤੇ ਵੈਰਾਗ ਵਿਚ ਆ ਗਿਆ ਕਿ ਹੁਣ ਮਿਲੇ ਕਿਵੇਂ ਵਾਹਿਗੁਰੂ। ਦਰਸ਼ਨ ਦੀ ਪਿਆਸ ਲੱਗ ਗਈ -

*ਮਨਿ ਤਨਿ ਪਿਆਸ ਦਰਸਨ ਘਣੀ*
*ਕੋਈ ਆਣਿ ਮਿਲਾਵੈ ਮਾਇ॥* *ਅੰਗ - 135*

ਹੁਣ ਇਹ ਬੰਧਸ਼ ਨਹੀਂ ਰਹੀ ਕੋਈ ਹਿੰਦੂ ਆਵੇ, ਮੁਸਲਮਾਨ ਆਵੇ, ਇਸਾਈ ਆਵੇ, ਸਿੱਖ ਆਵੇ, ਬੱਚਾ ਆਵੇ, ਬੁੱਢਾ ਆਵੇ, ਕੋਈ ਆਓ ਤਾਂ ਸਹੀ ਜਿਹੜਾ ਮੈਨੂੰ ਉਸ ਪ੍ਰਮੇਸ਼ਰ ਨਾਲ ਮਿਲਾ ਦੇਵੇ। ਸਾਰੀ ਮਨੁੱਖਤਾ ਨੂੰ ਅਪੀਲ ਕਰ ਦਿਤੀ ਕਿ ਕੋਈ ਹੈ ਐਸਾ? ਐਸਾ ਕੋਈ ਸੱਜਣ ਟੋਲ੍ਹ ਲੈ ਜਿਹੜਾ ਮਿਲਾ ਦੇਵੇ ਪ੍ਰਮੇਸ਼ਰ ਦੇ ਨਾਲ। ਬਿਰਹੁ ਦੇ ਅੰਦਰ ਅਰਦਾਸਾਂ ਕਰਦਾ ਹੈ। ਕੋਈ ਹੈ ਸੰਸਾਰ ਦੇ ਅੰਦਰ ਐਸਾ ਪ੍ਰੇਮੀ, ਐਸਾ ਵਿਅਕਤੀ, ਐਸਾ ਮਿਹਰਬਾਨ ਜਿਹੜਾ ਮੈਨੂੰ ਆ ਕੇ ਮਿਲਾ ਦੇਵੇ।

*ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ*
*ਹਉ ਤਿਸੁ ਪਹਿ ਆਪੁ ਵੇਚਾਈ॥* *ਅੰਗ - 757*

ਮੇਰਾ ਜਿਹੜਾ ਸਭ ਕੁਝ ਹੈ ਮੈਂ ਉਹਦੇ ਚਰਨਾਂ ਵਿਚ ਨਿਛਾਵਰ ਕਰ ਦੇਵਾਂਗਾ। ਬਦਲੇ ਵਿਚ ਮੈਂ ਸਭ ਕੁਛ ਵੇਚ ਦੇਵਾਂਗਾ। ਤੂੰ ਮੈਨੂੰ ਮਿਲਾ ਦੇ ਮੇਰਾ ਸਭ ਕੁਝ ਲੈ ਲੈ। ਕੀਮਤ ਦੇਣੀ ਹੈ ਨਾ ਇਹਦੀ, ਐਵੇਂ ਤਾਂ ਮਿਲਦਾ ਨਹੀਂ ਹੈ। ਦੇਣਾ ਵੀ ਕੀ-ਕੀ ਪੈਂਦੈ।

*ਕੰਚਨ ਸਿਉ ਪਾਈਐ ਨਹੀ ਤੋਲਿ॥*
*ਮਨੁ ਦੇ ਰਾਮੁ ਲੀਐ ਹੈ ਮੋਲਿ॥* *ਅੰਗ - 327*

ਮਨ ਦੇਣਾ ਪੈਂਦਾ ਹੈ -

*ਮਨੁ ਬੇਚੈ ਸਤਿਗੁਰ ਕੈ ਪਾਸਿ॥*
*ਤਿਸੁ ਸੇਵਕ ਕੇ ਕਾਰਜ ਰਾਸਿ॥* *ਅੰਗ - 286*

ਕਹਿੰਦੇ ਮਨ ਦੇ ਦੇਵਾਂ, ਤਨ ਵੀ ਦੇ ਦੇਵਾਂ, ਧਨ ਵੀ ਦੇ ਦੇਵਾਂ -

*ਸਭੁ ਤਨੁ ਮਨੁ ਅਰਪਉ ਅਰਪਿ ਅਰਾਪਉ*
*ਕੋਈ ਮੇਲੈ ਪ੍ਰਭ ਮਿਲਥੇ॥* *ਅੰਗ - 1320*

ਸਭ ਕੁਛ ਅਰਪ ਦੇਵਾਂ, ਕੋਈ ਮੈਨੂੰ ਸੁਨੇਹਾ ਦੇ ਦੇਵੇ ਮੇਰੇ ਪਿਆਰੇ ਦਾ, ਪਿਆਰੇ ਦੀ ਲਗਨ ਲਗ ਗਈ, ਲੇਕਿਨ ਦਿਸਦਾ ਹੈ ਨਹੀਂ ਕਿਹੜੇ ਨੂੰ ਮਿਲੀਏ, ਕੀ ਰੂਪ ਹੈ ਓਹਦਾ।

ਇਕ ਕੋਈ ਪ੍ਰੇਮੀ ਮਹਾਂਪੁਰਸ਼ਾਂ ਦੇ ਕੋਲ ਆਇਆ। ਕਹਿੰਦੇ ਕੀ ਕਰਨ ਆਇਆ ਹੈਂ? ਸੰਸਾਰ ਨਹੀਂ ਜਾਣਦਾ ਕਿ ਸੰਤਾਂ ਕੋਲ ਕੀ ਕਰਨ ਆਈਦਾ ਹੈ। ਸੰਤਾਂ ਨੇ ਕੋਈ

ਠੇਕਾ ਤਾਂ ਨਹੀਂ ਲਿਆ ਹੋਇਆ, ਦੁਨੀਆਂ ਦੇ ਦੁੱਖ ਦੂਰ ਕਰਨ ਨੂੰ। ਉਨ੍ਹਾਂ ਦਾ ਕੰਮ ਤਾਂ ਹੁੰਦਾ ਹੈ ਪ੍ਰਭੂ ਨਾਲ ਮਿਲਾਉਣਾ। ਉਨ੍ਹਾਂ ਤੋਂ ਮਜ਼ੂਰਾਂ ਵਾਲਾ ਕੰਮ ਕਰਾਉਂਦੀ ਹੈ ਦੁਨੀਆਂ। ਜੇ ਸੰਤਾਂ ਨੂੰ ਕੋਈ ਭੇਟਾ ਕਰਦਾ ਹੈ ਉਹ ਲੇਖੇ 'ਚ ਲਾਉਂਦੇ ਨੇ, ਗੁਰੂ ਨੂੰ ਅਰਪਣ ਕਰਦੇ ਨੇ, ਆਪ ਤਾਂ ਕੁਝ ਨਹੀਂ ਲੈਂਦੇ ਤਾਂ ਕਿ ਦੇਣ ਵਾਲਿਆਂ ਦਾ ਭਲਾ ਹੋ ਜਾਏ। ਸੰਤਾਂ ਤੋਂ ਕੰਮ ਲਓ ਜਿਹੜੇ ਸੰਤ ਕਰਦੇ ਨੇ। ਸੰਤਾਂ ਦਾ ਕੰਮ ਹੁੰਦਾ ਹੈ ਪ੍ਰਮੇਸ਼ਰ ਮਿਲਾਉਣਾ, ਜੀਵ ਦਾ ਅਗਿਆਨ ਕੱਟਣਾ। ਪੈਸੇ ਤੁਸੀਂ ਸੰਤਾਂ ਨੂੰ ਦਿੰਦੇ ਓ, ਸੰਤ ਕਹਿੰਦੇ ਨੇ ਕਿ ਮੈਨੂੰ ਤਾਂ ਲੋੜ ਨਹੀਂ, ਇਹ ਜਿਹੜਾ ਤੇਰਾ ਦਿਤਾ ਹੋਇਆ ਦਾਨ ਹੈ ਇਹ ਫਲਣਾ ਹੈ, ਅਸੀਂ ਗੁਰੂ ਦੇ ਨਮਿਤ ਚਰਨਾਂ 'ਚ ਅਰਪਣ ਕਰਕੇ ਲੇਖੇ 'ਚ ਲਾ ਦਿੰਦੇ ਹਾਂ। ਐਸੇ ਖੇਤ ਵਿਚ ਤੇਰਾ ਦਾਣਾ ਬੀਜ ਦਿੰਦੇ ਹਾਂ ਜਿਥੋਂ ਤੈਨੂੰ ਵੱਢਣ ਵਾਸਤੇ ਬਹੁਤਾ ਮਿਲ ਜਾਏ। ਸੰਤਾਂ ਨੇ ਹਲ ਚਲਾਇਐ, ਸੰਤਾਂ ਨੇ ਸੁਹਾਗਾ ਦਿਤਾ, ਸੰਤਾਂ ਨੇ ਪਾਣੀ ਦਿਤਾ ਤੇ ਉਹਦੇ ਵਿਚ ਬੀਜ ਪਾਇਆ ਉਸ ਤੋਂ ਲੈ ਕੇ। ਬੀਜ ਦਾ ਜੋ ਫਲ ਹੋਇਆ ਕਹਿੰਦੇ ਵੱਢ ਲੈ ਭਾਈ। ਸੰਤਾਂ ਨੇ ਕੀ ਕਰਿਆ ਸੰਤਾਂ ਦੇ ਹਿੱਸੇ ਤਾਂ ਖੇਚਲ ਹੀ ਪਈ। ਸੰਤਾਂ ਦਾ ਇਹ ਕੰਮ ਨਹੀਂ ਹੁੰਦਾ। ਸੰਤਾਂ ਦਾ ਕੰਮ ਹੁੰਦਾ ਹੈ ਪ੍ਰਮੇਸ਼ਰ ਮਿਲਾ ਦੇਣਾ। ਸਾਰੇ ਦੁਨੀਆਂ ਹੀ ਮੰਗਦੇ ਨੇ। ਇਹ ਕੰਮ ਤਾਂ ਕੋਈ ਕਰਾਉਂਦਾ ਨਹੀਂ ਸੰਤਾਂ ਤੋਂ। ਸੋ ਕੋਈ ਪ੍ਰੇਮੀ ਹੈ ਜਿਹੜਾ ਕਹਿੰਦਾ ਹੈ ਕਿ ਮੈਨੂੰ ਮਿਲਾ ਦੇ ਪ੍ਰਮੇਸ਼ਰ ਨਾਲ, ਮੈਂ ਸਭ ਕੁਝ ਤੈਨੂੰ ਦੇ ਦੇਵਾਂਗਾ। ਜੋ ਕੁਝ ਮੇਰਾ ਆਪਣਾ ਹੈ ਅੱਜ, ਮਨ ਵੀ ਦੇ ਦੇਵਾਂਗਾ, ਤਨ ਵੀ ਦੇ ਦੇਵਾਂਗਾ, ਧਨ ਵੀ ਦੇਵਾਂਗਾ। ਪਰ ਮੈਨੂੰ ਉਸ ਸਾਈਂ ਦੇ ਦਰਸ਼ਨ ਕਰਾ ਦੇ। ਕਹਿੰਦੇ ਨੇ ਜੀ ਮੈਂ ਮਹਾਰਾਜ! ਮੈਂ ਦਰਸ਼ਨ ਕਰਨ ਆਇਆ ਹਾਂ। ਸੰਤ ਕਹਿਣ ਲੱਗੇ ਦਰਸ਼ਨ ਤਾਂ ਤੈਨੂੰ ਕਰਾ ਦੇਵਾਂਗੇ। ਪਰ ਤੂੰ ਐਉਂ ਦੱਸ ਕਿਹੋ ਜਿਹੇ ਰੱਬ ਦੇ ਦਰਸ਼ਨ ਕਰਨੇ ਨੇ? ਸੋਚ ਕੇ ਆ ਕੇ ਦੱਸੀਂ। ਘਰ ਆ ਕੇ ਸੋਚਣ ਲੱਗ ਗਿਆ ਕਿ ਕਿਹੋ ਜਿਹਾ ਰੱਬ ਦੱਸਾਂ। ਫੇਰ ਕਹਿੰਦਾ ਹੈ ਜੀ ਗੱਲ ਸਮਝ 'ਚ ਨਹੀਂ ਆਈ। ਕਹਿੰਦੇ ਫੇਰ ਜੇ ਸਮਝ 'ਚ ਨਹੀਂ ਆਈ, ਫੇਰ ਦਰਸ਼ਨ ਕਾਹਦੇ ਕਰੇਂਗਾ। ਪਹਿਲਾਂ ਮਨ ਤਾਂ ਬਣਾ ਕਿ ਕਿਹੋ ਜਿਹਾ ਰੱਬ ਚਾਹੀਦਾ ਹੈ ਤੈਨੂੰ। ਕਹਿੰਦਾ ਜਿਹੜਾ ਰੱਬ ਹੈ। ਸੰਤ ਕਹਿੰਦੇ ਰੱਬ ਦਾ ਤਾਂ ਕੋਈ ਰੂਪ ਹੀ ਨਹੀਂ ਹੈ।

*ਰੂਪੁ ਨ ਰੇਖ ਨ ਰੰਗੁ ਕਿਛੁ ਤ੍ਰਿਹੁ ਗੁਣ ਤੇ ਪ੍ਰਭ ਭਿੰਨ॥*
*ਤਿਸਹਿ ਬੁਝਾਏ ਨਾਨਕਾ ਜਿਸੁ ਹੋਵੈ ਸੁਪ੍ਰਸੰਨ॥* *ਅੰਗ - 283*

ਉਹ ਤਾਂ ਬੁੱਝਣਾ ਪੈਣਾ ਹੈ ਪਿਆਰਿਆ! ਉਹਦਾ ਰੂਪ ਨਹੀਂ, ਰੰਗ ਨਹੀਂ, ਰੇਖ ਨਹੀਂ, ਭੇਖ ਨਹੀਂ; ਦੱਸ ਫੇਰ ਕਿਹਨੂੰ ਮਿਲਣੈ ਹੈ ਤੂੰ। ਸੰਤ ਮਿਲਾ ਦਿੰਦੇ ਨੇ ਢੰਗ ਦੇ ਨਾਲ। ਕਹਿਣ ਲੱਗਿਆ ਆਹ ਤਾਂ ਮੈਨੂੰ ਪਤਾ ਨਹੀਂ। ਜੇ ਅਸਲੀ ਰੱਬ ਨੂੰ ਮਿਲਣਾ ਹੈ ਤਾਂ ਭਜਨ ਕਰ। ਪਹਿਲਾਂ ਜਿਹੜੇ ਤੇਰੇ ਪਾਪ ਬੀਜੇ ਹੋਏ ਨੇ, ਕਰਮ ਬੀਜੇ ਹੋਏ ਨੇ ਇਨ੍ਹਾਂ ਤੋਂ ਅੰਤਸ਼ਕਰਣ ਨੂੰ ਸ਼ੁੱਧ ਕਰ। ਇਹਦੇ ਵਿਚ ਟਿਕਾਉ ਆਏਗਾ, ਫੇਰ ਤੂੰ ਉਪਾਸ਼ਨਾ ਕਰ, ਨਾਮ ਜਪ, ਧਿਆਨ ਧਰ। ਉਸ ਤੋਂ ਬਾਅਦ ਤੇਰੇ ਅੰਦਰ ਅਨੁਭਵ ਦੀ ਕਿਰਨ ਜਾਗੇਗੀ ਫੇਰ ਉਹ ਦੇਖੇਗੀ ਰੱਬ ਕਿਹੋ ਜਿਹਾ ਹੈ, ਕਿਹਨੂੰ ਮਿਲਣਾ ਹੈ, ਉਹਨੂੰ ਮਿਲ ਸਕਦੈਂ ਤੇ ਤੂੰ ਭਰਿਆ ਹੋਇਆ ਪਾਪਾਂ ਦਾ ਹੁਣੇ ਆ ਕੇ ਕਹਿਣ ਲੱਗ ਗਿਆ ਕਿ ਮੈਨੂੰ ਰੱਬ ਮਿਲਾ ਦਿਓ। ਪਰ ਕੀਮਤ ਦਿੰਦਾ ਹੈਂ ਕਹਿੰਦੈ ਮੈਨੂੰ ਮਿਲਾ ਤਾਂ ਦਿਓ, ਮੈਂ ਸਭ ਕੁਝ ਦੇ ਦੇਵਾਂਗਾ। ਕਿਉਂਕਿ ਉਸ ਵੇਲੇ ਕਦਰ ਪੈ ਗਈ ਕਿ ਜੇ ਉਹ ਪਿਆਰਾ ਮਿਲ ਜਾਵੇ ਤਾਂ ਬਾਕੀ ਚੀਜ਼ਾਂ ਤਾਂ ਕੁਛ ਵੀ ਨਹੀਂ ਹੈਗੀਆਂ। ਉਹਦਾ ਪਿਆਰ ਉਠ ਗਿਆ ਅੰਦਰ। ਸੋ ਇਸ ਮਹੀਨੇ ਦੇ ਵਿਚ ਕਹਿੰਦੇ ਨੇ ਕਿ ਉਮਾਹ ਉਠ ਗਿਆ, ਚਸ਼ਮਾ ਚਲ ਪਿਆ ਪਿਆਰ ਦਾ। ਹੁਣ ਟਿਕਦਾ ਨਹੀਂ ਹੈ, ਬੇਚੈਨੀ ਲੱਗੀ ਰਹਿੰਦੀ ਹੈ ਕਿਉਂਕਿ ਬਗੈਰ ਮਿਲੇ ਤੋਂ ਸ਼ਾਂਤੀ ਨਹੀਂ ਆਉਣੀ। ਹਾਲਤ ਕਿਹੋ ਜਿਹੀ ਹੋ ਜਾਂਦੀ ਹੈ -

*ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ॥*
*ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ॥*
*ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ॥*
*ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ॥*
*ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ॥*
*ਅੰਗ - 708*

ਐਸਾ ਪਿਆਰ ਪ੍ਰੇਮੀ ਦਾ ਹੋ ਜਾਇਆ ਕਰਦਾ ਹੈ। ਮਹਾਰਾਜ ਕਹਿੰਦੇ ਜਿਹਦੇ ਅੰਦਰ ਪਿਆਰ ਉਹ ਭਾਵੇਂ ਰੋਟੀ ਖਾਂਦੇ ਨੇ, ਪਾਣੀ ਪੀਂਦੇ ਨੇ, ਸਾਹ ਲੈਂਦੇ ਨੇ, ਕੰਮ ਕਰਦੇ ਨੇ, ਤੁਰਦੇ ਨੇ, ਫਿਰਦੇ ਨੇ, ਗੱਲਾਂ ਕਰਦੇ ਨੇ, ਪੜ੍ਹਦੇ ਨੇ ਲਿਖਦੇ ਨੇ, ਮਕਾਨ ਬਣਾਉਂਦੇ ਨੇ, ਨੌਕਰੀਆਂ ਚਾਕਰੀਆਂ ਕਰਦੇ ਨੇ, ਬੜੇ ਅਹੁਦੇ ਪ੍ਰਾਪਤ ਕਰਦੇ ਨੇ, ਉਹ ਪ੍ਰਵਾਨ ਹਨ। ਪਰ ਉਹ ਜਿਹੜੇ ਪ੍ਰੇਮੀ ਨਹੀਂ ਉਨ੍ਹਾਂ ਦਾ ਜੋ ਜੀਵਨ ਹੈ, ਉਹ ਇਸ ਤਰ੍ਹਾਂ ਦਾ ਹੈ -

*ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ॥*
*ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ॥*
*ਅੰਗ - 253*

ਅਤਿ ਸੁੰਦਰ ਦੇਖੀ ਜਾਓ ਕਿ ਇਹ ਤਾਂ ਸਾਰਿਆਂ ਨਾਲੋਂ ਸੋਹਣਾ ਹੈ। ਝਾਕਦੇ ਨੇ ਅੱਜਕਲ੍ਹ ਕਿ ਕੌਣ ਸੋਹਣਾ ਹੈ ਵਿਸ਼ਵ ਦੇ ਅੰਦਰ। ਵਿਸ਼ਵ ਸੁੰਦਰੀ ਦਾ ਉਹਨੂੰ ਖਿਤਾਬ ਮਿਲਦਾ ਹੈ। ਵਿਸ਼ਵ ਸੁੰਦਰ ਦਾ ਖਿਤਾਬ ਮਿਲਦੈ। ਐਨਾ ਸੋਹਣਾ ਹੋਵੇ ਕਿ ਉਸ ਤੋਂ ਅੱਗੇ ਕੋਈ ਸੋਹਣਾ ਹੀ ਨਾ ਹੋਵੇ। ਕੁਲੀਨ ਹੋਵੇ, ਉਚੀ ਕੁਲ ਨਾਲ ਸਬੰਧ ਰੱਖਣ ਵਾਲਾ, ਚਤੁਰ ਹੋਵੇ ਗੱਲਾਂ-ਬਾਤਾਂ ਬਹੁਤ ਮਾਰਨ ਵਾਲਾ,

ਬ੍ਰਹਮਗਿਆਨ ਦੀਆਂ ਗੱਲਾਂ ਮੂੰਹ ਨਾਲ ਕਰਨ ਵਾਲਾ ਹੋਵੇ ਤੇ ਧਨ ਦਾ ਮਾਲਕ ਹੋਵੇ –

*ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ॥*
*ਅੰਗ - 253*

ਜਿਉਂਦਾ ਨਾ ਆਖੋ ਕਿਉਂਕਿ ਉਹਦੇ ਅੰਦਰ ਹਿਰਦੇ 'ਚ ਪਿਆਰ ਦੀ ਚਿੰਗਾਰੀ ਨਹੀਂ ਹੈ, ਖਿੱਚ ਨਹੀਂ ਹੈ। ਜਿਹਦੇ ਅੰਦਰ ਖਿੱਚ ਨਹੀਂ ਉਹ ਜਿਉਂਦਿਆਂ 'ਚ ਨਹੀਂ ਹੋਇਆ ਕਰਦਾ। ਮਰਿਆ 'ਚ ਹੋਇਆ ਕਰਦਾ ਹੈ। ਐਸਾ ਦਸਦੇ ਨੇ ਕਿ ਉਹਦਾ ਜਿਹੜਾ ਹਿਰਦਾ ਹੈ ਉਹ ਬਿਲਕੁਲ ਮਸਾਣ ਹੁੰਦਾ ਹੈ। ਮਸਾਣ ਦੇ ਵਿਚ ਤੁਸੀਂ ਬੀਜ ਪਾ ਦਿਓ, ਜੰਮਿਆ ਨਹੀਂ ਕਰਦਾ ਕਿਉਂਕਿ ਧਰਤੀ ਜਲ ਗਈ ਹੁੰਦੀ ਹੈ।

*ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ॥*
*ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ ਸੋ ਤਨੁ ਜਾਣੁ ਮਸਾਨੁ॥*
*ਅੰਗ - 1379*

ਪਿਆਰ ਹੀ ਨਹੀਂ ਜਿਸ ਹਿਰਦੇ 'ਚ, ਜਿਸ ਹਿਰਦੇ 'ਚ ਖਿੱਚ ਨਹੀਂ ਹੈ ਉਹ ਸੰਸਾਰ ਦੇ ਕੀ ਕੰਮ ਆਏਗਾ, ਆਪਣਾ ਜੀਵਨ ਜੀਵੇਗਾ, ਦੁਨੀਆਂ ਨੂੰ ਦੁਖੀ ਕਰੇਗਾ। ਜਿਉਂਦੇ ਉਹ ਨੇ ਜਿਹੜੇ ਦੂਸਰਿਆਂ ਦੇ ਵਾਸਤੇ ਸੇਵਾ ਕਰਦੇ ਨੇ। ਜਿਉਂਦੇ ਬੰਦਿਆਂ ਦੇ ਅੰਦਰ ਕਸ਼ਿਸ਼ ਹੋਇਆ ਕਰਦੀ ਹੈ, ਸੇਵਾ ਦੀ ਲਗਨ ਹੋਇਆ ਕਰਦੀ ਹੈ। ਜਿਹੜਾ ਮਰ ਜਾਂਦਾ ਹੈ ਉਹ ਮਰਿਆ ਹੋਇਆ ਹੀ ਹੈ, ਉਹਦੇ ਅੰਦਰ ਕੋਈ ਖਿੱਚ ਨਹੀਂ ਹੋਇਆ ਕਰਦੀ। ਆਹੀ ਫਰਕ ਹੈ ਜਿਉਂਦਿਆਂ 'ਚ ਤੇ ਮਰਿਆਂ 'ਚ। ਰੱਬ ਨੇ ਉਨ੍ਹਾਂ ਨੂੰ ਕੀ ਮਿਲਣਾ ਹੈ, ਨਾ ਰੱਬ ਦੀ ਉਨ੍ਹਾਂ ਨੂੰ ਲੋੜ ਹੈ। ਉਹ ਤਾਂ ਇਕ ਜੰਤ ਆਇਐ, ਜੀਵ ਆਇਐ, ਖਾਏਗਾ, ਪੀਏਗਾ। ਸੋ ਪਿਆਰ ਵਾਲੇ ਦਾ ਜੀਵਨ ਦੂਸਰਿਆਂ ਵਾਸਤੇ ਹੋਇਆ ਕਰਦਾ ਹੈ।

*ਅਸੁਨਿ ਪ੍ਰੇਮ ਉਮਾਹੜਾ ਕਿਉ ਮਿਲੀਐ ਹਰਿ ਜਾਇ॥*
*ਮਨਿ ਤਨਿ ਪਿਆਸ ਦਰਸਨ ਘਣੀ ਕੋਈ ਆਣਿ ਮਿਲਾਵੈ ਮਾਇ॥*
*ਅੰਗ - 135*

*ਕਹਾ ਭਯੋ ਜੋ ਦੋਊ ਲੋਚਨ ਮੂੰਦ ਕੈ*
*ਬੈਠਿ ਰਹਿਓ ਬਕ ਧਿਆਨ ਲਗਾਇਓ॥*
*ਨ੍ਹਾਤ ਫਿਰਿਓ ਲੀਏ ਸਾਤ ਸਮੁੰਦ੍ਰਨ*
*ਲੋਕ ਗਇਓ ਪਰਲੋਕ ਗਵਾਇਓ॥*
*ਬਾਸੁ ਕੀਓ ਬਿਖਿਆਨ ਸੋ ਬੈਠ ਕੈ*
*ਐਸੇ ਹੀ ਐਸੇ ਸੁ ਬੈਸ ਬਿਤਾਇਓ॥*
*ਸਾਚੁ ਕਹੌਂ ਸੁਨ ਲੇਹੁ ਸਭੈ ਜਿਨ ਪ੍ਰੇਮੁ ਕੀਓ*
*ਤਿਨ ਹੀ ਪ੍ਰਭੁ ਪਾਇਓ॥* *ਤ੍ਵਪ੍ਰਸਾਦਿ ਸ੍ਵਯੇ*

ਐਉਂ ਨਹੀਂ ਮਿਲਦਾ ਪ੍ਰਮੇਸ਼ਰ, ਬੈਠਾ ਰਹਿ ਅੱਖਾਂ ਮੀਟ ਕੇ। ਭੋਰਿਆਂ 'ਚ ਉਤਰ ਜਾ, ਨਹੀਂ ਰੱਬ ਮਿਲਣਾ ਜਦ ਤਕ ਅੰਦਰ ਪਿਆਰ ਭਰੀ ਖਿੱਚ ਨਹੀਂ ਪੈਦਾ ਹੁੰਦੀ। ਸੋ ਅੱਸੂ ਦੇ ਮਹੀਨੇ ਪਿਆਰ ਉਮੰਡਿਆ, ਪਿਆਰ ਦੀ ਖਿੱਚ ਪਈ –

*ਸੀਨੇ ਖਿੱਚ ਜਿਨ੍ਹਾਂ ਨੇ ਖਾਧੀ ਓ ਕਰ ਅਰਾਮ ਨਹੀਂ ਬਹਿੰਦੇ।*
*ਨਿਹੁੰ ਵਾਲੇ ਨੈਣਾਂ ਕੀ ਨੀਂਦਰ ਓ ਦਿਨੇ ਰਾਤ ਪਏ ਵਹਿੰਦੇ।*
*ਇਕੋ ਲਗਨ ਲਗੀ ਲਈ ਜਾਂਦੀ ਹੈ ਟੋਰ ਅਨੰਤ ਉਨ੍ਹਾਂ ਦੀ*
*ਵਸਲੋਂ ਉਰੇ ਮੁਕਾਮ ਨ ਕੋਈ ਸੋ ਚਾਲ ਪਏ ਨਿਤ ਰਹਿੰਦੇ।*
*ਡਾ. ਭਾਈ ਵੀਰ ਸਿੰਘ ਜੀ*

ਉਹ ਜਾਗਦੇ ਨੇ ਅੰਮ੍ਰਿਤ ਵੇਲੇ, ਸਰੀਰ ਦੀ ਨੀਂਦ ਪੂਰੀ ਕਰਕੇ ਉਠ ਜਾਂਦੇ ਨੇ। ਇਸ਼ਨਾਨ ਕਰਦੇ ਨੇ ਆਪਣੇ ਪ੍ਰਭੂ ਨੂੰ ਯਾਦ ਕਰਦੇ ਨੇ।

*ਭਿੰਨੀ ਰੈਨੜੀਐ ਚਾਮਕਨਿ ਤਾਰੇ॥*
*ਜਾਗਹਿ ਸੰਤ ਜਨਾ ਮੇਰੇ ਰਾਮ ਪਿਆਰੇ॥*
*ਰਾਮ ਪਿਆਰੇ ਸਦਾ ਜਾਗਹਿ ਨਾਮੁ ਸਿਮਰਹਿ ਅਨਦਿਨੋ॥*
*ਚਰਣ ਕਮਲ ਧਿਆਨੁ ਹਿਰਦੈ ਪ੍ਰਭ ਬਿਸਰੁ ਨਾਹੀ ਇਕੁ ਖਿਨੋ॥*
*ਅੰਗ - 459*

ਇਕ ਖਿਨ ਵਾਸਤੇ ਵੀ ਵਾਹਿਗੁਰੂ ਨੂੰ ਹਿਰਦੇ 'ਚੋਂ ਭੁਲਾਉਣਾ ਨਹੀਂ ਚਾਹੁੰਦੇ। ਸੋ ਐਸਾ ਜੇ ਪਿਆਰ ਹੋਵੇ, ਐਸੀ ਲਗਨ ਹੋਵੇ, ਪ੍ਰਮੇਸ਼ਰ ਦੂਰ ਨਹੀਂ ਹੈ ਸਾਧਸੰਗਤ ਜੀ, ਐਨਾ ਨੇੜੇ ਹੈ, ਜਿਨ੍ਹਾਂ ਨੇ ਦੇਖ ਲਿਆ ਉਹ ਕਹਿੰਦੇ ਐਵੇਂ ਹੀ ਭਟਕਦੇ ਫਿਰਦੇ ਸੀ ਕਿ ਇਹ ਤਾਂ ਨਾਲ ਹੀ ਹੈ ਬਿਲਕੁਲ ਹੀ।

*ਪੇਖਤ ਸੁਨਤ ਸਦਾ ਹੈ ਸੰਗੇ ਮੈ ਮੂਰਖ ਜਾਨਿਆ ਦੂਰੀ ਰੇ॥*
*ਅੰਗ - 612*

ਮੈਂ ਮੂਰਖ ਦੂਰ ਜਾਣਦਾ ਰਿਹਾ, ਲੁੱਕ ਕੇ ਕਰਦਾ ਰਿਹਾ ਕਿ ਰੱਬ ਨਾ ਦੇਖ ਲਵੇ। ਦਰਵਾਜ਼ੇ ਬੰਦ ਕਰ ਲਏ ਵਿਸ਼ੇ ਵਿਕਾਰਾਂ ਵਾਸਤੇ।

*ਚਿਤ੍ਰ ਗੁਪਤੁ ਜਬ ਲੇਖਾ ਮਾਗਹਿ*
*ਤਬ ਕਉਣੁ ਪੜਦਾ ਤੇਰਾ ਢਾਕੈ॥* *ਅੰਗ - 616*

ਉਹ ਤਾਂ ਚਿਤਰਗੁਪਤ ਦੀ ਗੱਲ ਹੈ, ਰੱਬ ਕੋਲ ਹੀ ਹੁੰਦਾ ਹੈ। ਉਹਦੀ ਹਾਜ਼ਰੀ ਨਹੀਂ ਮੰਨਦਾ। ਪਾਪ ਹੁੰਦਾ ਹੀ ਤਾਂ ਹੈ ਜੇ ਰੱਬ ਦੀ ਹਾਜ਼ਰੀ ਨਹੀਂ ਮੰਨਦਾ। ਰੱਬ ਨਾਲ ਰਹਿੰਦਾ ਹੈ ਹਰ ਵਕਤ, ਦੂਰ ਨਹੀਂ ਰਹਿੰਦਾ। ਫਰਕ ਕਿੰਨਾ ਹੈ, ਇਹਦੇ ਵਿਚ ਸਿਰਫ ਮੈਂ ਦਾ ਜਜ਼ਬਾ ਪਿਆ ਹੋਇਆ ਹੈ। ਇਹ ਜੇ ਮੈਂ ਨਹੀਂ ਮਿਟਦੀ ਓਨਾਂ ਚਿਰ ਨਹੀਂ ਉਹ ਆਉਂਦਾ। ਕੋਲ ਹੀ ਹੁੰਦਾ ਹੈ, ਪ੍ਰਗਟ ਨਹੀਂ ਹੁੰਦਾ ਕਿਉਂਕਿ ਮੈਂ ਦਾ ਬੂਰ ਉਹਨੂੰ ਢੱਕ ਕੇ ਰਖਦਾ ਹੈ ਜਿਵੇਂ ਪਾਣੀ ਦੇ ਉਤੇ ਬੂਰ ਆ ਜਾਵੇ। ਪਈ ਤਾਂ ਰੱਸੀ ਹੈ ਲੇਕਿਨ ਭਰਮ ਪੈ ਗਿਆ ਸੱਪ ਦਾ। ਸੱਪ ਦਾ ਜਿਹੜਾ ਭਰਮ ਹੈ ਰੱਸੀ ਨੂੰ ਉਹਨੇ ਢੱਕ ਕੇ ਰੱਖ ਲਿਆ ਉਹਨੇ ਸੱਪ ਬਣਾ ਦਿਤਾ ਉਹਨੂੰ। ਚਾਨਣਾ ਹੋਇਆ ਤਾਂ ਹੈਰਾਨ ਹੋ ਗਿਆ ਕਿ ਇਹ ਤਾਂ ਰੱਸੀ ਸੀ। ਇਸੇ ਤਰ੍ਹਾਂ ਮੈਂ ਦਾ ਬੂਰ ਪਿਆ ਹੋਇਆ ਹੈ, ਇਹ ਜਾਂ ਤਾਂ ਵੈਰਾਗ ਨਾਲ ਲਹਿੰਦਾ ਹੈ, ਹੱਦ ਤੋਂ ਜ਼ਿਆਦਾ ਵੈਰਾਗ ਹੋਵੇ। ਜਦੋਂ ਇਹ ਲਹਿ ਜਾਂਦਾ ਹੈ, ਆਦਮੀ ਮਰ

ਜਾਂਦਾ ਹੈ। ਜੀਵਤ ਮਿਰਤਕ ਹੋ ਜਾਂਦਾ ਹੈ ਉਸ ਵੇਲੇ ਪ੍ਰਮੇਸ਼ਰ ਪ੍ਰਗਟ ਹੋ ਜਾਇਆ ਕਰਦਾ ਹੈ। ਕਿਸੇ ਰੂਪ ਵਿਚ ਦਰਸ਼ਨ ਕਰ ਲਓ ਓਹਦੇ, ਜਿਹਦੇ ਜੀਅ ਕਰਦਾ ਹੈ। ਪਰ ਪਹਿਲਾਂ ਮਨਾਉਣਾ ਪੈਂਦਾ ਹੈ। ਜੇ ਉਹ ਦਰਸ਼ਨ ਦੇ ਦੇਵੇ, ਦੋ ਸਿੰਗਾਂ ਵਾਲਾ ਹੋ ਕੇ ਫੇਰ। ਅਸੀਂ ਕਹਾਂਗੇ ਤੂੰ ਤਾਂ ਰੱਬ ਨਹੀਂ ਹੈਂ ਕਿਉਂਕਿ ਪਛਾਣ ਨਹੀਂ ਸਾਨੂੰ ਓਹਦੀ। ਜਿਹੋ ਜਿਹਾ ਨਿਸ਼ਚਾ ਹੁੰਦਾ ਹੈ, ਪਰ ਸਾਰਿਆਂ ਨਾਲੋਂ ਨਿਸ਼ਚਾ ਵਧੀਆ ਹੁੰਦਾ ਹੈ ਗੁਰੂ ਦਾ ਕਿ ਮੈਨੂੰ ਤਾਂ ਗੁਰੂ ਨਾਨਕ ਹੋ ਕੇ ਦਰਸ਼ਨ ਦੇ ਦੇਵੇ। ਜੇ ਭਲਾ ਗੁਰੂ ਨਾਨਕ ਹੋ ਕੇ ਉਹੋ ਜਿਹੇ ਕਪੜੇ ਪਾ ਲਿਆਵੇ, ਜਿਹੋ ਜਿਹੇ ਆਰਟਿਸਟਾਂ ਨੇ ਪਾਏ ਨੇ, ਅਸੀਂ ਤਾਂ ਮੰਨਦੇ ਹੀ ਨਹੀਂ ਅਸੀਂ ਤਾਂ ਕਹਿੰਦੇ ਹਾਂ ਕਿ ਕੋਈ ਪਾਖੰਡੀ ਆ ਗਿਆ, ਬਚੋ ਇਸ ਤੋਂ ਇਹ ਧੋਖਾ ਦਏਗਾ। ਅਸੀਂ ਆਪਣੀ ਮਰਜ਼ੀ ਦਾ ਰੱਬ ਚਾਹੁੰਦੇ ਹਾਂ ਕਿ ਐਸ ਤਰ੍ਹਾਂ ਦਾ ਹੋਵੇ, ਨਿਰਾ ਹੀ ਪ੍ਰਕਾਸ਼ ਹੋਵੇ, ਪ੍ਰਕਾਸ਼ ਦੇ ਵਿਚ ਦਿਸਦਾ ਹੋਵੇ। ਐਹੋ ਜਿਹਾ ਰੱਬ ਹੋਵੇ ਇਹ ਧਾਰਨਾ ਹੈ ਆਪਣੀ, ਲੇਕਿਨ ਰੱਬ ਨੂੰ ਤਾਂ ਦੁਨੀਆਂ 'ਚ ਅੱਜ ਤਾਂਈ ਕਿਸੇ ਨੇ ਦੇਖਿਆ ਨਹੀਂ ਹੈ। ਉਹਦੇ ਨਾਲ ਮਿਲ ਤਾਂ ਜਾਈਦਾ ਹੈ ਪਰ ਦੇਖਿਆ ਨਹੀਂ ਜਾਂਦਾ। ਕਿਉਂਕਿ ਐਡੀ ਵੱਡੀ ਅੱਖ ਤੇ ਬੁੱਧੀ ਨਹੀਂ ਹੈ ਜਿਹਦੇ ਨਾਲ ਉਹਨੂੰ ਸਾਰੇ ਨੂੰ ਦੇਖ ਲਈਏ, ਥੋੜ੍ਹਾ ਜਿਹਾ ਦਿਸ ਜਾਂਦੈ। ਲੇਕਿਨ ਉਹ ਥੋੜ੍ਹਾ ਜਿਹਾ ਰੱਬ ਨਹੀਂ ਹੁੰਦਾ, ਜੇ ਪੂਰਾ ਦੇਖੋ ਤਾਂ ਰੱਬ ਹੁੰਦੈ। ਇਹ ਗੱਲ ਸਮਝ ਵਿਚ ਆਉਣੀ ਬੜੀ ਔਖੀ ਹੈ ਮੈਂ ਸੁਖਾਲੀ ਜਿਹੀ ਕਰਕੇ ਕਹੀ ਹੈ। ਕਿਉਂਕਿ ਪ੍ਰਮੇਸ਼ਰ ਅਨੇਕਾਂ ਰੂਪਾਂ ਰੰਗਾਂ ਦੇ ਅੰਦਰ ਆਪ ਪਸਰਿਆ ਹੈ।

*ਪਸਰਿਓ ਆਪਿ ਹੋਇ ਅਨਤ ਤਰੰਗ॥*
*ਲਖੇ ਨ ਜਾਹਿ ਪਾਰਬ੍ਰਹਮ ਕੇ ਰੰਗ॥*     *ਅੰਗ - 275*

ਸਾਨੂੰ ਤਾਂ ਇਹ ਧਰਤੀ ਦਾ ਗਿਆਨ ਹੈ ਉਹ ਵੀ ਉਹਨੂੰ ਹੈ ਜਿਹਨੇ ਸਮੁੰਦਰਾਂ 'ਚ ਚੁੱਭੀਆਂ ਲਾ ਲਈਆਂ, ਪਹਾੜਾਂ ਦੀਆਂ ਚੋਟੀਆਂ ਤੇ ਘੁੰਮ ਲਿਆ। ਹਵਾਈ ਜਹਾਜ਼ ਦੇ ਨਾਲ ਧਰਤੀ ਦੇ ਦੁਆਲੇ ਗੇੜੇ ਦੇ ਦਿਤੇ, ਸਾਰੇ ਦਰਿਆ ਦੇਖ ਲਏ, ਸਾਰੇ ਜਾਨਵਰ ਦੇਖ ਲਏ ਉਹਨੂੰ ਇਹ ਧਰਤੀ ਦਾ ਗਿਆਨ ਤਾਂ ਹੋ ਗਿਆ। ਇਹ ਇਕੱਲੀ ਧਰਤੀ ਤਾਂ ਰੱਬ ਨਹੀਂ ਨਾ ਹੈ। ਸਾਰਾ ਬ੍ਰਹਿਮੰਡ ਜਿਥੇ ਤੱਕ ਸਾਡੀ ਪਹੁੰਚ ਹੈ ਉਸ ਤੋਂ ਅੱਗੇ ਫੇਰ ਹੈ। ਇਹਨੂੰ ਸਾਰੇ ਨੂੰ ਕੌਣ ਦੇਖ ਲਏਗਾ। ਇਥੇ ਸਾਰਾ ਪ੍ਰਮੇਸ਼ਰ ਹੀ ਹੈ, ਇਥੇ ਹੋਰ ਕੋਈ ਹੈ ਹੀ ਨਹੀਂ ਦੂਜਾ। ਜੇ ਇਕੱਲੀ ਚੀਜ਼ ਨੂੰ ਹੱਥ ਲਾਵੋ, ਰੱਬ ਤੋਂ ਵੱਖ ਨਹੀਂ ਹੈ, ਪਰ ਰੱਬ ਨਹੀਂ ਹੈ ਉਹ। ਦਰਖਤ ਦੇ ਪੱਤੇ ਨੂੰ ਹੱਥ ਲਾਉਂਦੇ ਹੋ। ਦਰਖਤ ਤੋਂ ਵੱਖ ਨਹੀਂ ਹੈ ਪਰ ਉਹ ਪੱਤਾ ਹੈ ਜਿਹੜਾ ਤੁਹਾਡੇ ਹੱਥ 'ਚ ਆਇਆ ਹੈ। ਦਰਖਤ ਨਹੀਂ ਆਇਆ ਸਮੁੱਚਾ। ਜੇ ਤਣੇ ਨੂੰ ਜੱਫੀ ਪਾਉਂਦੇ ਹਾਂ ਤਾਂ ਤਣਾ ਆ ਗਿਆ ਜੱਫੀ ਦੇ ਅੰਦਰ ਪੱਤੇ ਨਾ ਆਏ, ਫੁੱਲ ਨਹੀਂ ਆਏ, ਉਹਦੇ ਫਲ ਨਹੀਂ ਆਏ। ਆਹੀ ਮਜ਼ਬੂਰੀ ਹੈ ਬੜੀ ਜ਼ਬਰਦਸਤ ਜਿਹੜੀ ਸਮਝ ਵਿਚ ਨਹੀਂ ਆਉਂਦੀ ਤੇ ਆਦਮੀ ਪ੍ਰਮੇਸ਼ਰ ਤੱਕ ਪਹੁੰਚ ਨਹੀਂ ਸਕਿਆ ਕਰਦਾ।

ਜਿਹੜਾ ਨਿਰਗੁਣ ਪ੍ਰਮੇਸ਼ਰ ਹੈ ਉਹਦੇ ਤਾਂ ਦਰਸ਼ਨ ਹੋ ਜਾਂਦੇ ਨੇ। ਅਨੁਭਵ 'ਚ ਆ ਜਾਂਦਾ ਹੈ, ਸਰਗੁਣ ਦੇ ਬੜੇ ਔਖੇ ਨੇ ਕਿਉਂਕਿ ਸਰਗੁਣ ਸਮੁੱਚਾ ਅਨੁਭਵ 'ਚ ਆਉਂਦਾ ਨਹੀਂ ਹੈ। ਇਹਦੇ ਅੰਦਰ ਜਿਹੜੀ ਜੋਤ ਹੈ ਉਹ ਆ ਜਾਂਦੀ ਹੈ, ਸੋ ਸਾਰਿਆਂ ਨਾਲੋਂ ਚੰਗਾ ਅਨੁਭਵ ਹੈ ਕਿ ਉਹ ਵਾਹਿਗੁਰੂ ਜਿਹੜਾ ਨਾਲ ਹੈ ਜਾਗ੍ਰਤ ਜੋਤ ਹੈ ਜਿਹਦੇ ਬਾਰੇ ਗੁਰੂ ਦਸ਼ਮੇਸ਼ ਪਿਤਾ ਨੇ ਏਸ ਤਰ੍ਹਾਂ ਦਾ ਬਚਨ ਕਰਿਆ ਹੈ–

*ਜਾਗਤ ਜੋਤ ਜਪੈ ਨਿਸ ਬਾਸੁਰ,*
*ਏਕ ਬਿਨਾਂ ਮਨ ਨੈਕ ਨ ਆਨੈ॥*
*ਪੂਰਨ ਪ੍ਰੇਮ ਪ੍ਰਤੀਤ ਸਜੈ,*
*ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ॥*
*ਤੀਰਥ ਦਾਨ ਦਇਆ ਤਪ ਸੰਜਮ,*
*ਏਕ ਬਿਨਾ ਨਹਿ ਏਕ ਪਛਾਨੈ॥*
*ਪੂਰਨ ਜੋਤ ਜਗੈ ਘਟ ਮੈ,*
*ਤਬ ਖਾਲਸ ਤਾਹਿ ਨਖਾਲਸ ਜਾਨੈ॥*     *(ਖਾਲਸਾ)*

*ਜਿਮੀ ਜਮਾਨ ਕੇ ਬਿਖੈ ਸਮੱਸਤਿ ਏਕ ਜੋਤ ਹੈ॥*
*ਨ ਘਾਟ ਹੈ ਨ ਬਾਢ ਹੈ, ਨ ਘਾਟਿ ਬਾਢਿ ਹੋਤ ਹੈ॥*
*ਅਕਾਲ ਉਸਤਤਿ*

ਘਟਦੀ ਵਧਦੀ ਨਹੀਂ ਹੈ, ਇਕ ਰਸ ਸਾਰੇ ਪਰੀਪੂਰਨ ਹੈ, ਚੇਤਨਤਾ ਜੇ ਕਹਿ ਦੇਈਏ ਤਾਂ ਕੁਛ-ਕੁਛ ਰਲਦਾ ਹੈ। ਉਹ ਜਾਗ੍ਰਤ ਜੋਤ ਹੈ, ਅਸਮਾਨ ਜਿਹੜਾ ਹੈ ਇਹ ਜਾਗ੍ਰਤ ਜੋਤ ਨਹੀਂ ਹੈ, ਫੈਲਿਆ ਤਾਂ ਇਹ ਵੀ ਹੈ ਬਹੁਤ ਦੂਰ ਤੱਕ। ਖਾਲੀ ਥਾਓਂ ਜਿਹੜੀ space ਹੈ ਹਰ ਥਾਂ ਹੈ ਸਾਡੀ ਜਿਥੇ ਸੁਰਤ ਪਹੁੰਚਦੀ ਹੈ ਉਸ ਤੋਂ ਵੀ ਅੱਗੇ ਹੈ। ਜਿਥੇ ਤੱਕ ਰੱਬ ਹੈ ਖਾਲੀ ਥਾਉਂ ਨਾਲ ਹੀ ਜਾਂਦੀ ਹੈ। ਪਰ ਪ੍ਰਮੇਸ਼ਰ ਇਸ ਤੋਂ ਲੱਖਾਂ ਗੁਣਾਂ ਸੂਖਸ਼ਮ ਹੈ, ਸਭ ਕੁਛ ਜਾਨਣ ਵਾਲਾ, ਸਭ ਨੂੰ ਪਿਆਰ ਕਰਨ ਵਾਲਾ। ਇਕ ਖੂਬੀ ਉਹਦੀ ਇਹ ਹੈ ਕਿ ਉਹ ਹਰ ਥਾਂ ਤੇ ਦੇਖਦਾ ਹੈ –

*ਸਹਸ ਤਵ ਨੈਨ ਨਨ ਨੈਨ ਹੈ ਤੋਹਿ ਕਉ*
*ਸਹਸ ਮੂਰਤਿ ਨਨਾ ਏਕ ਤੋਹੀ॥*
*ਸਹਸ ਪਦ ਬਿਮਲ ਨਨ ਏਕ ਪਦ*
*ਗੰਧ ਬਿਨੁ ਸਹਸ ਤਵ ਗੰਧ ਇਵ ਚਲਤ ਮੋਹੀ॥*
*ਅੰਗ - 663*

ਸਾਰੀਆਂ ਬੇਅੰਤ ਥਾਵਾਂ ਤੇ ਖੁਸ਼ਬੂ ਲੈਣ ਨੂੰ ਨਾਸਕਾ ਹੈ ਪਰ ਉਹਦੇ ਕੋਲ ਇਕ ਵੀ ਨਹੀਂ ਹੈ। ਬੇਅੰਤ ਨੇਤਰ ਨੇ ਓਹਦੇ ਲੇਕਿਨ ਕੋਈ ਨੇਤਰ ਨਹੀਂ ਹੈ। ਬੇਅੰਤ ਉਹਦੇ ਚਰਨ ਨੇ ਪਰ ਕੋਈ ਚਰਨ ਨਹੀਂ ਹੈ। ਆਹ ਗੱਲ ਕਿਵੇਂ ਸਮਝ ਵਿਚ ਆ ਜਾਵੇ? ਕਿਉਂਕਿ ਉਹ ਹਰ ਥਾਂ ਦੇ ਉਤੇ ਜਾਗ੍ਰਤ ਹੈ, ਹਰ ਥਾਂ ਦੇ ਉਤੇ ਉਹਨੂੰ ਪਤਾ ਹੈ ਕਿ ਆਹ ਸਰੀਰ

ਕੀ ਸੋਚਦਾ ਹੈ। ਉਸ ਸਰੀਰ ਦੇ ਅੰਦਰ ਕੀ ਮਜ਼ਬੂਰੀ ਹੈ -

*ਜੈਸੀ ਮਤਿ ਦੇਇ ਤੈਸਾ ਪਰਗਾਸੁ॥*
*ਪਾਰਬ੍ਰਹਮੁ ਕਰਤਾ ਅਬਿਨਾਸ॥* *ਅੰਗ - 275*

ਸਰੀਰ ਵਿਚ ਓਨਾ ਹੀ ਆਉਂਦਾ ਹੈ ਜਿੰਨੀ ਕੁ ਮਤ ਦਿਤੀ ਹੈ। ਕਮਰੇ ਦੇ ਵਿਚ ਦੀਵੇ ਨੇ, ਓਨਾ ਹੀ ਚਾਨਣਾ ਕਰਨਾ ਹੈ ਜਿੰਨੀ ਕਮਰੇ ਦੀ ਚਾਰਦੀਵਾਰੀ ਹੈ। ਹਜ਼ਾਰ ਵਾਟ ਦਾ ਬਲਬ ਲਾ ਦਿਓ, ਕਮਰੇ 'ਚ ਚਾਨਣਾ ਕਰੇਗਾ, ਕੰਧਾਂ ਤੋਂ ਬਾਹਰ ਤਾਂ ਉਹ ਕਰ ਨਹੀਂ ਸਕਦਾ। ਐਸੇ ਤਰ੍ਹਾਂ ਦੇ ਨਾਲ ਜੈਸੀ ਕਿਸੇ ਨੂੰ ਮੱਤ ਦਿਤੀ ਹੈ, ਓਹੋ ਜਿਹਾ ਪ੍ਰਕਾਸ਼ ਉਹਦੇ ਅੰਦਰ ਹੋ ਜਾਂਦਾ ਹੈ। ਉਹਦੇ ਅੰਦਰ ਦੇਖ ਲੈਂਦਾ ਹੈ ਲੇਕਿਨ ਸਮੁੱਚਾ ਬਹੁਤ ਮੁਸ਼ਕਲ ਹੈ ਸਾਰੀ ਚੀਜ਼ ਦੇਖਣੀ। ਸੋ ਇਹ ਇਕ ਬਹੁਤ ਭਾਰੀ ਮੁਸ਼ਕਲ ਹੈ ਪ੍ਰਮੇਸ਼ਰ ਨੂੰ ਮਿਲਣ ਵਾਸਤੇ। ਸਰਗੁਣ ਦਾ ਦਰਸ਼ਨ ਗੁਰੂ ਰੂਪ ਵਿਚ ਕਰ ਲਵੇ ਸਾਰਿਆਂ ਨਾਲੋਂ ਵਧੀਆ ਹੈ। ਜੇ ਕਿਸੇ ਨੂੰ ਕੋਈ ਮਹਾਤਮਾ ਦਰਸ਼ਨ ਦਿੰਦੇ ਨੇ, ਉਹ ਮਹਾਤਮਾ ਨਹੀਂ ਹੁੰਦਾ ਪ੍ਰਮੇਸ਼ਰ ਹੁੰਦਾ ਹੈ। ਮਹਾਤਮਾ ਤਾਂ ਬ੍ਰਹਮਲੀਨ ਹੋ ਗਿਆ। ਗੁਰੂ ਪਾਤਸ਼ਾਹ ਦਰਸ਼ਨ ਦਿੰਦੇ ਨੇ, ਪਹਿਲਾਂ ਤਾਂ ਅਸੀਂ ਗੁਰੂ ਨਾਨਕ ਨੂੰ ਜਾਣਦੇ ਨਹੀਂ, ਲੋਕਾਂ ਦੀਆਂ ਮਸੱਵਰਾਂ ਦੀਆਂ ਤਸਵੀਰਾਂ ਬਣਾਈਆਂ ਹੋਈਆਂ ਨੇ। ਗੁਰੂ ਨਾਨਕ ਦਾ ਦਰਸ਼ਨ ਕਰ ਲਓ, ਕਿਸੇ ਸਾਧੂ ਮਹਾਂਪੁਰਸ਼ ਦਾ ਦਰਸ਼ਨ ਕਰ ਲਓ, ਪ੍ਰਮੇਸ਼ਰ ਦਾ ਦਰਸ਼ਨ ਹੀ ਹੁੰਦਾ ਹੈ। ਸਾਰਿਆਂ ਨਾਲੋਂ ਵਧੀਆ ਹੁੰਦਾ ਹੈ ਕਿਸੇ ਦੇਵਤੇ ਦਾ ਧਿਆਨ ਧਰ ਲਿਆ ਪ੍ਰਮੇਸ਼ਰ ਰੂਪ ਜਾਣ ਕੇ, ਉਹ ਵੀ ਪ੍ਰਮੇਸ਼ਰ ਦਾ ਰੂਪ ਹੁੰਦੈ। ਇਸੇ ਤਰ੍ਹਾਂ ਦੇ ਨਾਲ ਪ੍ਰਭੂ ਦਾ ਦਰਸ਼ਨ ਪਿਆਰ ਤੋਂ ਬਗੈਰ ਨਹੀਂ ਹੋਇਆ ਕਰਦਾ। ਪਿਆਰ ਵਾਲਾ ਜਿਹੜਾ ਹੈ ਉਹ ਛੇਤੀ ਹੀ ਪ੍ਰਭੂ ਨੂੰ ਪ੍ਰਗਟ ਕਰ ਲੈਂਦਾ ਹੈ।

ਪ੍ਰਮੇਸ਼ਰ ਨੂੰ ਮਿਲਣ ਦਾ ਰਸਤਾ ਦੱਸਣ ਵਾਲਾ ਸਾਧੂ ਹੋਇਆ ਕਰਦਾ ਹੈ -

*ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ॥*
*ਰਾਮ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ॥*
*ਅੰਗ - 1373*

ਪ੍ਰਭੂ ਦੇ ਪਿਆਰ ਦੇ ਮਦਦਗਾਰ ਹੈ ਨੇ ਸੰਸਾਰ ਵਿਚ ਤਾਂ ਸਾਧੂ ਨੇ। ਪ੍ਰਭੂ ਦੇ ਪਿਆਰ ਦੇ ਜੇ ਵੈਰੀ ਨੇ ਤਾਂ ਉਹ ਮਨਮੁਖ ਨੇ। ਮਨਮੁਖ ਦੀ ਸੰਗਤ ਕਰਕੇ ਨਾਮ ਛੁਟ ਜਾਂਦਾ ਹੈ।

*ਸੰਤ ਸਹਾਈ ਪ੍ਰੇਮ ਕੇ ਹਉ ਤਿਨ ਕੇ ਲਾਗਾ ਪਾਇ।*

ਚਰਨ ਫੜ ਲਓ ਉਨ੍ਹਾਂ ਦੇ ਕਿਉਂਕਿ ਉਹ ਪ੍ਰਮੇਸ਼ਰ ਨੂੰ ਮਿਲਾਉਣ ਦੇ ਵਿਚ ਸਹਾਇਤਾ ਕਰਦੇ ਨੇ।

*ਨਾਨਕ ਮਨਮੁਖਾ ਨਾਲਹੁ ਤੁਟੀਆ ਭਲੀ*
*ਜਿਨਾ ਮਾਇਆ ਮੋਹਿ ਪਿਆਰੁ॥* *ਅੰਗ - 549*

ਤੋੜ ਦਿਓ ਮਨਮੁਖਾਂ ਨਾਲ ਕਿਉਂਕਿ ਉਨ੍ਹਾਂ ਦਾ ਮਾਇਆ ਨਾਲ, ਮਨਮੁਖਾਂ ਨਾਲ ਪਿਆਰ ਹੈ। ਉਨ੍ਹਾਂ ਦੇ ਕੰਮ ਨੇ ਝਗੜੇ ਕਰਨੇ, ਨਿੰਦਿਆ ਕਰਨੀ ਉਨ੍ਹਾਂ ਦਾ ਸੰਗ ਛੱਡ ਦਿਓ। ਅਰਦਾਸ ਕਰੋ ਰੋਜ਼ ਹੇ ਵਾਹਿਗੁਰੂ! ਉਨ੍ਹਾਂ ਦੇ ਦਰਸ਼ਨ ਕਰਾਈਂ, ਗੁਰਮੁਖਾਂ ਦਾ ਮੇਲ ਕਰਾਈਂ, ਜਿਨ੍ਹਾਂ ਦੇ ਮਿਲਿਆਂ ਤੇਰਾ ਨਾਮ ਚਿੱਤ ਆਵੇ। ਜਿਨ੍ਹਾਂ ਦੇ ਮਿਲਿਆਂ ਤੇਰਾ ਨਾਮ ਭੁੱਲੇ ਉਨ੍ਹਾਂ ਤੋਂ ਬਚਾ ਕੇ ਰੱਖੀਂ ਆਪ ਹੀ। ਅਸੀਂ ਨਹੀਂ ਜਾਣਦੇ ਤੂੰ ਜਾਣਦਾ ਹੈਂ ਕਿ ਇਹਦੇ ਮਿਲਣ ਨਾਲ ਇਹਦਾ ਨਾਮ ਟੁੱਟ ਜਾਏਗਾ। ਸੋ ਉਨ੍ਹਾਂ ਤੋਂ ਆਪ ਹੀ ਬਚਾ ਕੇ ਰੱਖੀਂ। ਮਨਮੁਖਾਂ ਦਾ ਦੀਦਾਰ ਨਾ ਕਰਾਈਂ, ਗੁਰਮੁਖਾਂ ਦਾ, ਪਿਆਰਿਆਂ ਦਾ, ਰੱਬ ਦੇ ਬਖਸ਼ਿਆਂ ਹੋਇਆਂ ਦਾ ਦਰਸ਼ਨ ਕਰਾਈਂ।

*ਸੰਤ ਸਹਾਈ ਪ੍ਰੇਮ ਕੇ ਹਉ ਤਿਨ ਕੈ ਲਾਗਾ ਪਾਇ॥*
*ਵਿਣੁ ਪ੍ਰਭ ਕਿਉ ਸੁਖੁ ਪਾਈਐ ਦੂਜੀ ਨਾਹੀ ਜਾਇ॥*
*ਅੰਗ - 135*

ਹੋਰ ਸੰਸਾਰ 'ਚ ਕੋਈ ਥਾਂ ਹੀ ਨਹੀਂ ਹੈ ਜਿਥੇ ਸੁਖ ਹੋਵੇ।

*ਸੁਖੁ ਨਾਹੀ ਬਹੁਤੈ ਧਨਿ ਖਾਟੇ॥*
*ਸੁਖੁ ਨਾਹੀ ਪੇਖੇ ਨਿਰਤਿ ਨਾਟੇ॥*
*ਸੁਖੁ ਨਾਹੀ ਬਹੁ ਦੇਸ ਕਮਾਏ॥*
*ਸਰਬ ਸੁਖਾ ਹਰਿ ਹਰਿ ਗੁਣ ਗਾਏ॥*
*ਅੰਗ - 1147*

ਬਾਕੀਆਂ ਚੀਜ਼ਾਂ 'ਚ ਸੁਖ ਨਹੀਂ ਹੈ। ਜਿਹੜੇ ਇਸ ਪਾਸੇ ਪਏ ਨੇ ਪੁਛ ਲਓ ਗੁਰੂ ਨਾਨਕ ਪਾਤਸ਼ਾਹ ਤੋਂ ਉਨ੍ਹਾਂ ਦਾ ਕੀ ਵਿਚਾਰ ਹੈ -

*ਬਾਲੀ ਰੋਵੈ ਨਾਹਿ ਭਤਾਰੁ॥*
*ਨਾਨਕ ਦੁਖੀਆ ਸਭੁ ਸੰਸਾਰੁ॥*
*ਮੰਨੇ ਨਾਉ ਸੋਈ ਜਿਣਿ ਜਾਇ॥*
*ਅਉਰੀ ਕਰਮ ਨ ਲੇਖੈ ਲਾਇ॥* *ਅੰਗ - 954*

ਜਿਹੜੇ ਤੁਸੀਂ ਦੇਖਦੇ ਹੋ ਨਾ ਬਹੁਤ ਵੱਡੇ-ਵੱਡੇ ਬੰਦੇ, ਜਿਨ੍ਹਾਂ ਦੀਆਂ ਕਰੋੜਾਂ ਦੀਆਂ ਆਮਦਨਾਂ ਨੇ, ਉਨ੍ਹਾਂ ਨੂੰ ਵੀ ਕਿੰਨੇ-ਕਿੰਨੇ ਹਉਕੇ ਆਉਂਦੇ ਨੇ।

*ਵਡੇ ਵਡੇ ਜੋ ਦੀਸਹਿ ਲੋਗ॥*
*ਤਿਨ ਕਉ ਬਿਆਪੈ ਚਿੰਤਾ ਰੋਗ॥* *ਅੰਗ - 188*

ਚਿੰਤਾ ਦਾ ਰੋਗ ਲਗ ਜਾਂਦਾ ਹੈ, ਕਾਰੋਬਾਰ ਰਾਸ ਨਹੀਂ ਆਉਂਦੇ, ਕੋਈ ਪਾਸਾ ਨੰਗਾ ਰਹਿ ਜਾਂਦਾ ਹੈ, ਕਿਤੇ ਅਧੂਰਾ ਹੋ ਜਾਂਦਾ ਹੈ, ਖਾਣ ਵਾਸਤੇ ਤਾਂ ਉਨ੍ਹਾਂ ਕੋਲ ਬੇਅੰਤ ਹੁੰਦਾ ਹੈ। ਪਰ ਫਸੇ ਹੁੰਦੇ ਨੇ, ਉਨ੍ਹਾਂ ਹੀ ਉਨ੍ਹਾਂ ਦੇ ਅੰਦਰ ਦੁਖ ਹੁੰਦਾ ਹੈ।

*ਪਰਸ ਰਾਮੁ ਰੋਵੈ ਘਰਿ ਆਇਆ॥*
*ਅਜੈ ਸੁ ਰੋਵੈ ਭੀਖਿਆ ਖਾਇ॥*
*ਐਸੀ ਦਰਗਹ ਮਿਲੈ ਸਜਾਇ॥*

*ਰੋਵੈ ਰਾਮੁ ਨਿਕਾਲਾ ਭਇਆ॥*
*ਸੀਤਾ ਲਖਮਣੁ ਵਿਛੁੜਿ ਗਇਆ॥*
*ਰੋਵੈ ਦਹਸਿਰੁ ਲੰਕ ਗਵਾਇ॥*
*ਜਿਨਿ ਸੀਤਾ ਆਦੀ ਡਉਰੂ ਵਾਇ॥*
*ਰੋਵਹਿ ਪਾਂਡਹ ਭਏ ਮਜੂਰ॥*
*ਜਿਨ ਕੈ ਸੁਆਮੀ ਰਹਤ ਹਦੂਰਿ॥*
*ਰੋਵੈ ਜਨਮੇਜਾ ਖੁਇ ਗਇਆ॥*
*ਏਕੀ ਕਾਰਣਿ ਪਾਪੀ ਭਇਆ॥* *ਅੰਗ - 954*

ਜੀਵ ਦੁੱਖੀ ਹੈ ਪਰ ਪ੍ਰਮੇਸ਼ਰ ਤੋਂ ਬਗੈਰ ਸੁਖੀ ਨਹੀਂ ਹੋਣਾ ਇਹਨੇ।

*ਐਸਾ ਜਗੁ ਦੇਖਿਆ ਜੁਆਰੀ॥*
*ਸਭਿ ਸੁਖ ਮਾਗੈ ਨਾਮੁ ਬਿਸਾਰੀ॥* *ਅੰਗ - 222*

ਭੁਲਦੈ ਨਾਮ ਨੂੰ ਤੇ ਮੰਗਦਾ ਹੈ ਸੁੱਖ। ਬਾਕੀ ਚੀਜ਼ਾਂ ਵਿਚ ਜਦ ਸੁਖ ਹੈ ਹੀ ਨਹੀਂ। ਰੇਤੇ ਵਿਚ ਤੇਲ ਨਹੀਂ, ਕਿਥੋਂ ਕੱਢ ਲਓਂਗੇ। ਸਰੋਂ ਦੇ ਦਾਣਿਆ 'ਚ ਤੇਲ ਹੈ ਓਧਰ ਜਾਂਦਾ ਨਹੀਂ ਹੈ। ਨਾਮ ਵਿਚ ਸੁਖ ਹੈ, ਨਾਮ ਵਲ ਪਿੱਠ ਕਰਕੇ ਸੁੱਖ ਨਹੀਂ ਹੈ, ਦੁਖ ਹੀ ਦੁਖ ਹੈ।

*ਵਿਣੁ ਪ੍ਰਭ ਕਿਉ ਸੁਖੁ ਪਾਈਐ ਦੂਜੀ ਨਾਹੀ ਜਾਇ॥*
*ਅੰਗ - 135*

ਦੱਸੋ ਕੋਈ ਹੋਰ ਥਾਂ ਹੈ?

*ਜਿੰਨੀ ਚਾਖਿਆ ਪ੍ਰੇਮ ਰਸੁ ਸੇ ਤ੍ਰਿਪਤਿ ਰਹੇ ਆਘਾਇ॥*
*ਅੰਗ - 135*

ਜਿਨ੍ਹਾਂ ਨੇ ਪ੍ਰਭੂ ਦੇ ਪਿਆਰ ਦਾ, ਨਾਮ ਦਾ ਰਸ ਚਖ ਲਿਆ, ਉਹ ਰੱਜੇ ਹੋਏ ਸੰਤੁਸ਼ਟ ਨੇ, ਉਨ੍ਹਾਂ ਨੂੰ ਭੁੱਖ ਨਹੀਂ ਲਗਦੀ ਤ੍ਰਿਸ਼ਨਾ ਦੀ। ਬਾਕੀਆਂ ਨੂੰ ਤਾਂ –

*ਏਹ ਤਿਸਨਾ ਵਡਾ ਰੋਗੁ ਲਗਾ*
*ਮਰਣੁ ਮਨਹੁ ਵਿਸਾਰਿਆ॥* *ਅੰਗ - 919*

ਕੰਮ ਪੂਰੇ ਨਹੀਂ ਹੁੰਦੇ, ਅਧੂਰੇ ਰਹਿ ਜਾਂਦੇ ਨੇ ਤ੍ਰਿਸ਼ਨਾ ਦਾ ਰੋਗ ਦੁਖੀ ਕਰਦਾ ਹੈ ਤੇ ਬਿਮਾਰੀਆਂ ਸਾਰੀ ਦੁਨੀਆਂ ਦੀਆਂ ਆਪਣੇ ਉਤੇ ਸਹੇੜ ਲੈਂਦਾ ਹੈ।

*ਆਪੁ ਤਿਆਗਿ ਬਿਨਤੀ ਕਰਹਿ ਲੇਹੁ ਪ੍ਰਭੂ ਲੜਿ ਲਾਇ॥*
*ਅੰਗ - 135*

ਆਪ ਛੱਡ ਕੇ ਆਪਣਾ ਆਪਾ ਜਿਹੜਾ ਬੇਨਤੀ ਕਰਦਾ ਹੈ ਕਿ ਹੇ ਪ੍ਰਭੂ ਮੈਨੂੰ ਗਲ ਲਾ ਲੈ।

*ਜੋ ਹਰਿ ਕੰਤਿ ਮਿਲਾਈਆ ...........॥*
*ਅੰਗ - 135*

ਉਹ ਰੱਬ ਦੇ ਨਾਲ ਮਿਲ ਜਾਂਦਾ ਹੈ, ਜੇ ਇਕ ਵਾਰੀ ਰੱਬ ਨਾਲ ਮਿਲ ਜਾਵੇ

*........... ਸਿ ਵਿਛੁੜਿ ਕਤਹਿ ਨ ਜਾਇ॥*
*ਅੰਗ - 135*

ਉਹਦੀ ਰੀਤ ਹੈ ਇਹ, ਮਰਿਆਦਾ ਹੈ ਇਹ ਕਿ ਜੇ ਇਕ ਵਾਰੀ ਮਿਲ ਜਾਏ ਫੇਰ ਨਹੀਂ ਵਿਛੋੜਾ ਹੁੰਦਾ। ਅਸੀਂ ਤਾਂ ਵਿਛੁੜ ਜਾਂਦੇ ਹਾਂ ਮਿਲ ਕੇ ਵੀ ਵਿਛੁੜ ਜਾਂਦੇ ਹਾਂ। ਕਦੇ ਕੋਈ ਮਿਤਰ ਹੁੰਦੈ, ਫੇਰ ਸਾਡਾ ਕਦੇ ਵੈਰੀ ਵੀ ਹੋਇਆ ਕਰਦਾ ਹੈ। ਓਹੀ ਬਣ ਜਾਂਦੈ ਵੈਰੀ। ਮਿਲਦੇ ਹਾਂ ਅਸੀਂ ਫੇਰ ਵਿਛੜ ਜਾਂਦੇ ਹਾਂ। ਸੋ ਰੀਤ ਹੈ ਉਸਦੀ –

*ਸੁਣਿ ਸਖੀਏ ਮਿਲਿ ਉਦਮੁ ਕਰੇਹਾ ਮਨਾਇ ਲੈਹਿ ਹਰਿ ਕੰਤੈ॥*
*ਅੰਗ - 249*

ਉਦਮ ਕਰ –

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥*
*ਉਦਮੁ ਕਰੇ ਭਲਕੇ ਪਰਭਾਤੀ*
*ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥*
*ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ*
*ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥*
*ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ*
*ਬਹਦਿਆ ਉਠਦਿਆ ਹਰਿ ਨਾਮੁ ਧਿਆਵੈ॥*
*ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ*
*ਸੋ ਗੁਰਸਿਖੁ ਗੁਰੂ ਮਨਿ ਭਾਵੈ॥*
*ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ*
*ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ॥* *ਅੰਗ - 306*

ਆਹ ਜਿਹੜਾ 'ਗੁਰਉਪਦੇਸ ਸੁਣਾਵੈ' ਹੈ ਇਹਨੂੰ ਅਸੀਂ ਸਾਰੀ ਜ਼ਿੰਦਗੀ ਨਹੀਂ ਸਮਝਦੇ ਕਿ ਗੁਰੂ ਸਾਹਿਬ ਕਿਹੜੇ ਉਪਦੇਸ਼ ਦੀ ਗੱਲ ਕਰਦੇ ਨੇ।

*ਕੋਈ ਆਇ ਮਿਲੈਗੋ ਗਾਹਕੀ ਲੇਗੋ ਮਹਗੇ ਮੋਲਿ॥*
*ਅੰਗ - 1376*

ਕਿਤੇ ਆ ਜਾਏਗਾ ਜ਼ਿੰਦਗੀ 'ਚ ਇਕ ਅੱਧਾ ਗਾਹਕ ਮਹਿੰਗੇ ਮੋਲ ਲੈ ਲਏਗਾ। ਸਭ ਕੁਛ ਦੇ ਜਾਏਗਾ ਤੇ ਬਚਨ ਲੈ ਜਾਏਗਾ। ਜਦ ਬਚਨ ਦੇ ਦਿਤਾ ਉਹ ਫੇਰ ਪ੍ਰਮੇਸ਼ਰ ਦੇ ਨਾਲ ਮਿਲ ਜਾਇਆ ਕਰਦਾ ਹੈ।

*ਸੁਣਿ ਸਖੀਏ ਮਿਲਿ ਉਦਮੁ ਕਰੇਹਾ ਮਨਾਇ ਲੈਹਿ ਹਰਿ ਕੰਤੈ॥*
*ਮਾਨੁ ਤਿਆਗਿ ਕਰਿ ਭਗਤਿ ਠਗਉਰੀ ਮੋਹਹ ਸਾਧੂ ਮੰਤੈ॥*
*ਅੰਗ - 249*

ਕਹਿੰਦੇ ਮਾਨ ਤਾਂ ਠੱਗ ਦੀ ਇਕ ਬੂਟੀ ਹੈ ਪਿਆਰ ਦੀ, ਉਹ ਪਿਆਰ ਦੀ ਬੂਟੀ ਸੁੰਘਾ ਦੇ ਰੱਬ ਨੂੰ, ਉਹ ਮੋਹਿਆ ਜਾਏਗਾ। ਸਾਧੂ ਦੇ ਮੰਤਰ ਦੇ ਨਾਲ ਮੋਹ ਹੋ ਜਾਣਾ ਹੈ ਉਹਨੇ। ਜਦ ਵਾਹਿਗੁਰੂ ਨਾਲ ਮੋਹ ਹੋ ਗਿਆ, ਉਹ ਠਗਉਰੀ ਜਿਵੇਂ ਸਾਨੂੰ ਲਾ ਦਿਤੀ ਨਾ ਓਹਨੇ, ਮਾਇਆ 'ਚ ਪਾ ਕੇ ਠਗਮੂਰੀ ਵੱਟੀ ਹੁੰਦੀ ਹੈ, ਬੂਟੀ ਹੁੰਦੀ ਹੈ, ਹੱਥ ਨੂੰ ਮਲ ਲਓ, ਨੱਕ ਕੋਲ ਦੀ ਲੰਘਾ ਦਿਓ ਆਦਮੀ ਬੇਸੁਰਤ ਹੋ ਜਾਂਦਾ ਹੈ। ਰੱਬ ਨੇ ਤਾਂ ਸਾਨੂੰ ਠਗਉਰੀ ਲਾ ਦਿਤੀ ਤੇ ਏਧਰ ਮਹਾਰਾਜ ਕਹਿੰਦੇ ਆਪਾਂ ਪਿਆਰ ਦੀ ਠਗਉਰੀ ਲਾ ਦਿਓ। ਪਿਆਰ 'ਚ ਮੋਹਿਆ ਜਾਂਦੈ।

*ਸਖੀ ਵਸਿ ਆਇਆ ਫਿਰਿ ਛੋਡਿ ਨ ਜਾਈ*
*ਇਹ ਰੀਤਿ ਭਲੀ ਭਗਵੰਤੈ॥*
*ਨਾਨਕ ਜਰਾ ਮਰਣ ਭੈ ਨਰਕ ਨਿਵਾਰੈ*
*ਪੁਨੀਤ ਕਰੈ ਤਿਸੁ ਜੰਤੈ॥* *ਅੰਗ - 249*

ਬੁਢਾਪਾ ਵੀ ਹਟਾ ਦਿਤਾ, ਮਰਨਾ ਵੀ ਹਟਾ ਦਿਤਾ, ਡਰ ਨਰਕਾਂ ਦਾ ਵੀ ਛੁਡਾ ਦਿਤਾ। ਉਹਨੇ ਮਹਾਂ ਪਵਿੱਤਰ ਕਰ ਦਿਤਾ।

ਧੰਨਾ ਜਿਹੜਾ ਸੀ ਉਹਨੂੰ ਬਚਪਨ ਤੋਂ ਪਿਆਰ ਲੱਗਿਆ ਹੋਇਆ ਸੀ। ਕਾਰੋਬਾਰ ਗਲ ਵੀ ਪਿਆ ਹੋਇਆ ਹੈ, ਛੋਟੀ ਉਮਰ ਹੈ ਬਹੁਤੀ ਉਮਰ ਨਹੀਂ, ਵਿਆਹਿਆ ਹੋਇਆ ਉਹ ਨਹੀਂ ਅਜੇ। ਖੇਤੀਬਾੜੀ ਕਰਦੈ, ਆਪਣਾ ਗੁਜ਼ਾਰਾ ਕਰਦੈ, ਫਸਲ ਬੀਜ ਦਿੰਦੈ, ਉਸ ਤੋਂ ਬਾਅਦ ਵੱਢ ਲੈਂਦੈ, ਲੇਕਿਨ ਜ਼ਿਆਦਾ ਧਿਆਨ ਪ੍ਰਮੇਸ਼ਰ ਵਲ ਹੈ। ਉਹ ਸਤਿਸੰਗ ਨਹੀਂ ਛੱਡਦਾ। ਜਿਥੇ ਮਹਾਂਪੁਰਸ਼ਾਂ ਦਾ ਸਤਿਸੰਗ ਹੁੰਦੈ, ਉਥੇ ਉਹ ਚਲਿਆ ਹੀ ਜਾਂਦੈ। ਛੱਡਦਾ ਨਹੀਂ ਆਪਣਾ ਕੰਮ, ਰਾਤ ਨੂੰ ਕਰੈ ਚਾਹੇ ਸਵੇਰੇ ਕਰੇ। ਪਹਿਲਾਂ ਹੀ ਵਿਉਂਤ ਰਖਦਾ ਹੈ ਕਿ ਮੈਂ ਜਾਣਾ ਹੈ ਉਥੇ। ਉਸ ਨੇ ਸਾਰੇ ਮਹਾਂਪੁਰਸ਼ਾਂ ਦਾ ਜੀਵਨ ਬੜੇ ਹੀ ਧਿਆਨ ਨਾਲ ਸਰਵਣ ਕਰਿਆ।

*ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮਦੇਉ ਮਨੁ ਲੀਣਾ॥*
*ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ॥*
*ਅੰਗ - 487*

ਗਰੀਬ ਬੰਦਾ ਪ੍ਰਮੇਸ਼ਰ ਦਾ ਭਜਨ ਕਰਕੇ ਐਡਾ ਵੱਡਾ ਹੋ ਗਿਆ ਕਿ ਹਿੰਦੁਸਤਾਨ ਦਾ ਚਕਰਵਰਤੀ ਬਾਦਸ਼ਾਹ ਸਲੇਮਸ਼ਾਹ ਜਿਹਨੂੰ ਸ਼ੇਰਸ਼ਾਹ ਸੂਰੀ ਕਹਿੰਦੇ ਨੇ ਉਹ ਮੂੰਹ ਵਿਚ ਘਾਹ ਪਾ ਕੇ ਕਹਿੰਦਾ ਹੈ ਨਾਮਦੇਵ ਨੂੰ ਕਿ –

*ਬਖਸੀ ਹਿੰਦੂ ਮੈ ਤੇਰੀ ਗਾਇ॥* *ਅੰਗ - 1166*

ਮੈਨੂੰ ਬਖਸ਼ ਦੇ ਮੈਂ ਤੇਰੀ ਕਾਲੀ ਗਊ ਹਾਂ। ਐਡੀ ਵੱਡੀ ਪਦਵੀ ਮਿਲ ਜਾਂਦੀ ਹੈ ਨਾਮ ਜਪਣ ਵਾਲੇ ਨੂੰ। ਲੋਕ ਹੈਰਾਨ ਹੋ ਜਾਂਦੇ ਨੇ ਕਿ ਐਡੀ ਵੱਡੀ ਪਦਵੀ। ਸਾਰਾ ਸੁਣਿਆ ਧੰਨੇ ਨੇ ਕਿ ਇਹਦਾ ਦੇਹੁਰਾ ਫੇਰ ਦਿਤਾ। ਜਿਹੜੇ ਈਰਖਾ ਕਰਦੇ ਸੀ ਉਨ੍ਹਾਂ ਵਲ ਪਿੱਠ ਕਰ ਲਈ। ਕਬੀਰ ਸਾਹਿਬ ਦਾ ਸੁਣਿਆ –

*ਬੁਨਨਾ ਤਨਨਾ ਤਿਆਗਿ ਕੈ ਪ੍ਰੀਤਿ ਚਰਨ ਕਬੀਰਾ॥*
*ਨੀਚ ਕੁਲਾ ਜੋਲਾਹਰਾ ਭਇਓ ਗੁਨੀਯ ਗਹੀਰਾ॥* *ਅੰਗ - 487*

ਕੱਪੜੇ ਬੁਣਨ ਵਾਲਾ ਜਿਨ੍ਹਾਂ ਦੀ ਜਾਤ ਨੂੰ ਲੋਕ ਹਿਕਾਰਤ ਦੀ ਨਿਗ੍ਹਾ ਨਾਲ ਦੇਖਦੇ ਸੀ। ਪਿਆਰ ਨਾਲ ਨਹੀਂ ਸੀ ਦੇਖਦੇ, ਨੀਚ ਕਹਿੰਦੇ ਸੀ, ਜਦ ਨਾਮ ਜਪਿਆ ਉਹਨੇ, ਵੱਡੇ-ਵੱਡੇ ਰਾਜੇ ਚੱਕਰਵਰਤੀ ਬਾਦਸ਼ਾਹ ਚਰਨਾਂ ਤੇ ਆ ਕੇ ਮਸਤਕ ਰਗੜਦੇ ਨੇ।

*ਰਵਿਦਾਸੁ ਢੁਵੰਤਾ ਢੋਰ ਨੀਤਿ ਤਿਨਿ ਤਿਆਗੀ ਮਾਇਆ॥*
*ਪਰਗਟੁ ਹੋਆ ਸਾਧਸੰਗਿ ਹਰਿ ਦਰਸਨੁ ਪਾਇਆ॥*
*ਅੰਗ - 487*

ਰਵਿਦਾਸ ਛੋਟੀ ਜਾਤ ਦਾ, ਜੁੱਤੀਆਂ ਗੰਢਣ ਵਾਲਾ ਜਿਸ ਵਕਤ ਪ੍ਰਮੇਸ਼ਰ ਦੇ ਨਾਮ ਵਿਚ ਰੱਤਿਆ ਉਸ ਵੇਲੇ ਪ੍ਰਗਟ ਹੋ ਗਿਆ। ਹਰ ਕਿਸਮ ਦੀ ਮਾਇਆ ਦਾ ਤਿਆਗ ਉਸ ਨੇ ਕਰ ਦਿਤਾ।

*ਸੈਨੁ ਨਾਈ ਬੁਤਕਾਰੀਆ ਓਹੁ ਘਰਿ ਘਰਿ ਸੁਨਿਆ॥*
*ਹਿਰਦੇ ਵਸਿਆ ਪਾਰਬ੍ਰਹਮੁ ਭਗਤਾ ਮਹਿ ਗਨਿਆ॥*
*ਅੰਗ - 488*

ਸੁਣ ਲਿਆ ਕਿ ਇਕ ਨਾਈ ਬੁਤੀਆਂ ਕਰਨ ਵਾਲਾ ਪਿਆਰ ਦੇ ਵਿਚ ਐਸਾ ਮਗਨ ਹੋਇਆ ਕਿ ਰੱਬ ਨੇ ਉਹਦਾ ਰੂਪ ਧਾਰ ਕੇ, ਰਾਜੇ ਦੀ ਜਾ ਕੇ ਸੇਵਾ ਕਰੀ। ਉਸ ਮਨ ਦੇ ਵਿਚ ਬਹੁਤ ਖਿਆਲ ਆਇਆ –

*ਇਹ ਬਿਧਿ ਸੁਨਿ ਕੈ ਜਾਟਰੋ ਉਠਿ ਭਗਤੀ ਲਾਗਾ॥*
*ਅੰਗ - 488*

ਭਗਤੀ ਕਰਨ ਲਗ ਗਿਆ।

ਨੌਂ ਕਿਸਮ ਦੀ ਭਗਤੀ ਹੁੰਦੀ ਹੈ। ਪਹਿਲੀ ਜਿਹੜੀ ਹੈ ਪ੍ਰਧਾਨ ਭਗਤੀ –

*ਕਲਜੁਗ ਮਹਿ ਕੀਰਤਨੁ ਪਰਧਾਨਾ॥*
*ਗੁਰਮੁਖਿ ਜਪੀਐ ਲਾਇ ਧਿਆਨਾ॥*
*ਆਪਿ ਤਰੈ ਸਗਲੇ ਕੁਲ ਤਾਰੇ*
*ਹਰਿ ਦਰਗਹ ਪਤਿ ਸਿਉ ਜਾਇਦਾ॥* *ਅੰਗ - 1075*

ਦੂਸਰੀ ਹੋਇਆ ਕਰਦੀ ਸਰਵਣ ਭਗਤੀ, ਜੋ ਹੁਣ ਤੁਸੀਂ ਕਰ ਰਹੇ ਹੋਂ। ਮੈਂ ਬੋਲ ਰਿਹਾ ਹਾਂ, ਬਾਣੀ ਵਿਚਾਰ ਰਹੇ ਹਾਂ ਤੇ ਤੁਸੀਂ ਇਕ ਟਕ, ਚਿੱਤ ਇਕਾਗਰ ਕਰਕੇ ਸੁਣ ਰਹੇ ਹੋਂ, ਇਹ ਦੂਸਰੀ ਕਿਸਮ ਦੀ ਭਗਤੀ ਹੈ। ਤੀਸਰੀ ਹੈ ਸਿਮਰਨ ਭਗਤੀ – ਪ੍ਰਮੇਸ਼ਰ ਨੂੰ ਯਾਦ ਕਰਨਾ। ਚੌਥੀ ਹੈ ਪ੍ਰਮੇਸ਼ਰ ਦਾ ਧਿਆਨ। ਪੰਜਵੀਂ ਹੈ ਪਾਦ ਸੇਵਨ, ਛੇਵੀਂ ਹੈ ਨਮਸਕਾਰ ਭਗਤੀ, ਸੱਤਵੀਂ ਹੈ ਅਰਚਣ ਭਗਤੀ, ਅੱਠਵੀਂ ਹੈ ਸਖਾ ਭਾਵ ਭਗਤੀ, ਨੌਵੀਂ ਹੈ ਆਪਾ ਤਿਆਗ ਭਗਤੀ ਤੇ ਇਨ੍ਹਾਂ ਨੌਵੇਂ ਭਗਤੀਆਂ ਦਾ ਫਲ ਕੀ ਹੋਇਆ ਕਰਦਾ ਹੈ। ਪ੍ਰਮੇਸ਼ਰ ਦਾ ਪਿਆਰ ਪੈਦਾ ਹੋ ਜਾਇਆ ਕਰਦਾ ਹੈ ਅੰਦਰ, ਜਿਹਨੂੰ ਪ੍ਰੇਮਾ ਭਗਤੀ ਕਹਿੰਦੇ ਨੇ। ਜਦ ਪ੍ਰੇਮ ਆ ਗਿਆ ਫੇਰ ਆਪਾ ਗਵਾ ਕੇ ਅਪਰਾ ਭਗਤੀ ਪ੍ਰਾਪਤ ਹੁੰਦੀ ਹੈ। ਸੋ ਇਸ ਤਰ੍ਹਾਂ ਭਗਤੀ ਕਰਦਾ ਹੈ ਧੰਨਾ।

ਚਾਰ ਕਿਸਮ ਦੇ ਭਗਤ ਹੁੰਦੇ ਨੇ। ਇਕ ਨੂੰ ਕਿਸੇ ਚੀਜ਼ ਦੀ ਲੋੜ ਪੈ ਗਈ ਉਹਦੇ ਵਾਸਤੇ ਭਗਤੀ ਕਰਦਾ ਹੈ ਉਹਨੂੰ ਅਰਥਾ-ਅਰਥੀ ਭਗਤ ਕਹਿੰਦੇ ਨੇ। ਜਿਵੇਂ ਧਰੂ ਨੂੰ ਲੋੜ ਪੈ ਗਈ ਕਿ ਮੇਰਾ ਜਿਹੜਾ ਰਾਜ ਹੈ ਉਹ ਮਤਰੇਈ

ਦਾ ਪੁੱਤਰ ਲੈ ਰਿਹਾ ਹੈ। ਉਹ ਵੀ ਪ੍ਰਮੇਸ਼ਰ ਨੂੰ ਮਿਲ ਜਾਂਦਾ ਹੈ। ਦੂਸਰਾ ਆਰਥ ਭਗਤ ਹੁੰਦਾ ਹੈ, ਦੁਖ ਪੈ ਗਿਆ, ਸੰਕਟ ਪੈ ਗਿਆ ਜਿਵੇਂ ਪ੍ਰਹਿਲਾਦ ਤੇ ਪਿਆ ਸੀ। ਤੀਸਰਾ ਹੋਇਆ ਕਰਦਾ ਹੈ ਅਨਿੰਨ ਭਗਤ ਜਿਹੜਾ ਰੱਬ ਨਾਲ ਪਿਆਰ ਕਰਦਾ ਹੈ। ਜਿਵੇਂ ਨਾਮਦੇਵ ਨੇ। ਹੈਂ ਤਾਂ ਸਾਰੇ ਹੀ ਪਿਆਰੇ ਭਗਤ ਤੇ ਅਨਨ ਭਗਤਾਂ ਨੂੰ ਪ੍ਰਮੇਸ਼ਰ ਕਹਿੰਦਾ ਹੈ–

*ਦਾਸ ਅਨਿੰਨ ਮੇਰੋ ਨਿਜ ਰੂਪ॥ ਅੰਗ - 1252*

ਜਿਹੜੇ ਮੇਰੇ ਵਿਚ ਰਹਿੰਦੇ ਨੇ ਉਹ ਮੇਰਾ ਹੀ ਰੂਪ ਨੇ। ਚੌਥੀ ਭਗਤੀ ਹੁੰਦੀ ਹੈ ਗਿਆਨ ਭਗਤੀ। ਬ੍ਰਹਮਗਿਆਨੀ ਪ੍ਰਮੇਸ਼ਰ 'ਚ ਲੀਨ ਹੋ ਜਾਂਦੇ ਨੇ, ਉਸ ਤੋਂ ਅੱਡ ਨਹੀਂ ਹੁੰਦੇ, ਹੁਕਮ ਵਿਚ ਉਨ੍ਹਾਂ ਦਾ ਜੀਵਨ ਬਤੀਤ ਹੁੰਦਾ ਹੈ।

ਧੰਨਾ ਸੰਤਾਂ ਦੇ ਕੋਲ ਜਾਂਦਾ ਹੈ, ਰਾਮਾਨੰਦ ਜੀ ਦੀ ਆ ਕੇ ਸੇਵਾ ਕਰਦਾ ਹੈ, ਬੇਨਤੀ ਕਰਦਾ ਹੈ ਤੇ ਜਦ ਪੁੱਛਦਾ ਹੈ ਉਹ ਕਹਿੰਦੇ ਧੰਨਿਆ! ਜਿੰਨਾ ਤੈਨੂੰ ਨਜ਼ਰ ਆਉਂਦਾ ਹੈ, ਇਹ ਸਾਰਾ ਹੀ ਪ੍ਰਮੇਸ਼ਰ ਹੈ। ਅਗਿਆਨੀ ਨੂੰ ਇਹ ਸੰਸਾਰ ਲਗਦਾ ਹੈ। ਅਗਿਆਨੀ ਨੂੰ ਇਸ ਸੰਸਾਰ ਵਿਚ ਵਸਦਾ ਜੀਵ ਲਗਦਾ ਹੈ। ਗਿਆਨੀ ਨੂੰ ਜਿਹੜਾ ਪਰੀਪੂਰਨ ਪ੍ਰਮੇਸ਼ਰ ਹੈ ਉਹ ਈਸ਼ੂਰ ਲਗਦਾ ਹੈ। ਲੇਕਿਨ ਧੰਨਿਆ! ਜਦ ਤੇਰੇ ਅਸਲੀ ਨੇਤਰ ਖੁਲ੍ਹ ਜਾਣਗੇ ਗਿਆਨ ਦੇ ਨਾਲ ਉਸ ਵੇਲੇ ਆਹ ਸੰਸਾਰ ਕੀ ਬਣ ਜਾਣਾ ਹੈ।

*ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥*
*ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥*
*ਲੋਗਾ ਭਰਮਿ ਨ ਭੂਲਹੁ ਭਾਈ॥*
*ਖਾਲਿਕੁ ਖਲਕ ਖਲਕ ਮਹਿ ਖਾਲਿਕੁ ਪੂਰਿ ਰਹਿਓ ਸ੍ਰਬ ਠਾਂਈ॥*
*ਅੰਗ - 1349*

ਕਹਿੰਦੇ ਧੰਨਿਆ! ਆਹ ਜਿਹੜਾ ਸੰਸਾਰ ਦਿਸਦਾ ਹੈ ਨਾ, ਇਹ ਸਾਰਾ ਹੀ ਪ੍ਰਮੇਸ਼ਰ ਹੈ –

*ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ*
*ਹਰਿ ਬਿਨੁ ਅਵਰੁ ਨ ਦੇਖਹੁ ਕੋਈ॥*
*ਹਰਿ ਬਿਨੁ ਅਵਰੁ ਨ ਦੇਖਹੁ ਕੋਈ ਨਦਰੀ ਹਰਿ ਨਿਹਾਲਿਆ॥*
*ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ*
*ਹਰਿ ਰੂਪੁ ਨਦਰੀ ਆਇਆ॥ ਅੰਗ - 922*

ਇਹ ਤਾਂ ਹੈ ਹੀ ਪ੍ਰਮੇਸ਼ਰ ਦਾ ਰੂਪ। ਫੇਰ ਦਿਸਦਾ ਸਾਨੂੰ ਕਿਉਂ ਨਹੀ? ਕਿਉਂਕਿ ਅਸੀਂ ਅਗਿਆਨੀ ਹਾਂ, ਅਗਿਆਨੀ ਨੂੰ ਇਹ ਸੰਸਾਰ ਦਿਸਦਾ ਹੈ। ਆਪਣਾ ਆਪ ਜੀਵ ਦਿਸਦਾ ਹੈ ਤੇ ਈਸ਼ਵਰ ਅੱਡ ਦਿਸਦਾ ਹੈ, ਤਿੰਨ ਦਿਸਦੇ ਨੇ। ਗਿਆਨਵਾਨ ਨੂੰ ਇਕੋ ਹੀ ਦਿਸਦਾ ਹੈ। ਅੰਦਰ ਵੀ ਓਹ, ਬਾਹਰ ਵੀ ਓਹ।

*ਸੋ ਅੰਤਰਿ ਸੋ ਬਾਹਰਿ ਅਨੰਤ॥*
*ਘਟਿ ਘਟਿ ਬਿਆਪਿ ਰਹਿਆ ਭਗਵੰਤ॥*
*ਧਰਨਿ ਮਾਹਿ ਆਕਾਸ ਪਇਆਲ॥*
*ਸਰਬ ਲੋਕ ਪੂਰਨ ਪ੍ਰਤਿਪਾਲ॥*
*ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ॥*
*ਜੈਸੀ ਆਗਿਆ ਤੈਸਾ ਕਰਮੁ॥*
*ਪਉਣ ਪਾਣੀ ਬੈਸੰਤਰ ਮਾਹਿ॥*
*ਚਾਰਿ ਕੁੰਟ ਦਹ ਦਿਸੇ ਸਮਾਹਿ॥*
*ਤਿਸ ਤੇ ਭਿੰਨ ਨਹੀ ਕੋ ਠਾਉ॥*
*ਗੁਰ ਪ੍ਰਸਾਦਿ ਨਾਨਕ ਸੁਖੁ ਪਾਉ॥ ਅੰਗ - 293*

ਪ੍ਰਮੇਸ਼ਰ ਕਹਿੰਦਾ ਹੈ ਕਿ ਮੈਂ ਆਪ ਹੀ ਸਾਰਾ ਕੁਛ ਕਰਦਾ ਹਾਂ, ਮੇਰਾ ਹੁਕਮ ਚਲਦਾ ਹੈ ਸਾਰੇ ਪਾਸੇ। ਆਹ ਮੂਰਖ ਲੋਕ ਆਪ ਵਿਚ ਆ ਜਾਂਦੇ ਨੇ, ਲੋਕ ਬਣ ਜਾਂਦੇ ਨੇ, ਜੀਵ ਬਣ ਜਾਂਦੇ ਨੇ, ਆਪ ਵਿਚ ਆ ਜਾਂਦੇ ਨੇ ਫੇਰ ਉਹਦੀ ਸਜ਼ਾ ਭੁਗਤੀ ਜਾਂਦੇ ਨੇ।

*ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ॥*
*ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ॥ ਅੰਗ - 466*

ਉਹ ਜੋ ਪ੍ਰਮੇਸ਼ਰ ਦਾ ਰੂਪ ਸੀਗਾ ਹਰ ਥਾਂ ਘਟ–ਘਟ ਵਿਚ ਵਿਆਪਕ, ਹਰ ਥਾਂ ਦੇ ਉਤੇ ਜਿਸ ਵਕਤ ਰਾਮਾਨੰਦ ਜੀ ਨੇ ਧੰਨੇ ਨੂੰ ਦਿਖਾਇਆ, ਉਸ ਵਕਤ ਧੰਨੇ ਦੀ ਬਿਰਤੀ ਸਾਕਾਰ ਤੋਂ ਉਠ ਕੇ, ਸਰਗੁਣ 'ਚੋਂ ਉਠ ਕੇ ਤੇ ਪ੍ਰਭੂ ਦੇ ਅਸਲੀ ਨਿਰਗੁਣ ਸਰੂਪ 'ਚ ਜਾ ਕੇ ਵਾਸਾ ਕਰਕੇ, ਆਪ ਪ੍ਰਮੇਸ਼ਰ ਦਾ ਰੂਪ ਹੋ ਗਈ।

ਸੋ ਇਸ ਤਰ੍ਹਾਂ ਭੋਲੇ ਭਾਉ ਦੇ ਵਿਚ ਆਮ ਬੰਦਾ ਜਿਹਨੂੰ ਕੋਈ ਗਿਆਨ ਨਹੀਂ ਸੀ ਆਉਂਦਾ, ਕੋਈ ਫਿਲਾਸਫੀ ਨਹੀਂ ਸੀ ਆਉਂਦੀ, ਕਿੰਨਾ ਉਚਾ ਚੜ੍ਹ ਗਿਆ, ਪ੍ਰਭੂ ਦਾ ਰੂਪ ਬਣ ਗਿਆ –

*ਜਿਨ੍ਹਾ ਨ ਵਿਸਰੈ ਨਾਮੁ ਸੇ ਕਿਨੇਹਿਆ॥*
*ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ॥ ਅੰਗ - 397*

ਸੋ ਏਸ ਅੱਸੂ ਦੇ ਮਹੀਨੇ ਦੇ ਅੰਦਰ ਗੁਰੂ ਮਹਾਰਾਜ ਸਾਨੂੰ ਇਹ ਸ਼ਬਦ ਸਮਝਾਉਂਦੇ ਨੇ ਕਿ ਪਿਆਰ ਦੇ ਨਾਲ ਜੋ ਪ੍ਰਭੂ ਨੂੰ ਮਿਲ ਜਾਂਦਾ ਹੈ, ਉਹ ਉਹਦਾ ਹੀ ਰੂਪ ਹੋ ਜਾਇਆ ਕਰਦਾ ਹੈ।

*ਅਸੂ ਸੁਖੀ ਵਸੰਦੀਆ ਜਿਨਾ ਮਇਆ ਹਰਿ ਰਾਇ॥*
*ਅੰਗ - 135*

ਸੁਖੀ ਵਸਦੇ ਹਨ ਜਿਹੜੇ ਏਸ ਨਾਮ ਦੇ ਅਨੁਭਵ ਦੇ ਵਿਚ ਰਚ ਗਏ।

# ਸੰਪਾਦਕੀ

ਪਿਆਰੇ ਸਤਿਸੰਗੀਓ! ਆਤਮ ਮਾਰਗ ਦੇ ਪਾਂਧੀਓ! ਤੁਸੀਂ ਸੱਚਮੁੱਚ ਵਡਭਾਗੀ ਹੋ ਜੋ ਆਤਮ ਮਾਰਗ ਨਾਲ ਜੁੜੇ ਹੋਏ ਹੋ। ਆਪ ਦੇ ਅੰਦਰ ਜੀਵਨ ਦਾ ਸੱਚ ਜਾਨਣ ਦੀ ਜਗਿਆਸਾ ਹੈ। ਜੀਵਨ ਕੀ ਹੈ? ਸੱਚ ਕੀ ਹੈ? ਦੁਖ ਕੀ ਹੈ, ਸੁਖ ਕੀ ਹੈ? ਮਨੁੱਖ ਕਿਥੋਂ ਆਉਂਦਾ ਹੈ, ਕਿੱਥੇ ਚਲਿਆ ਜਾਂਦਾ ਹੈ? ਜਨਮ ਤੋਂ ਮੌਤ ਦਾ ਸਫਰ ਕੀ ਹੈ? ਦੁਖਾਂ ਦੀ ਨਵਿਰਤੀ ਕਿਵੇਂ ਹੋਵੇ? ਸੱਚਾ ਚਿਰ ਸਥਾਈ ਸੁਖ ਕਿਵੇਂ ਪ੍ਰਾਪਤ ਹੋਵੇ? ਕੁਝ ਐਸੇ ਪ੍ਰਸ਼ਨ ਹਨ ਜਿਨ੍ਹਾਂ ਦੇ ਉਤਰ ਭਾਲਣ ਲਈ ਸੱਚਾ ਜਗਿਆਸੂ ਸਦਾ ਯਤਨਸ਼ੀਲ ਰਹਿੰਦਾ ਹੈ। ਸਾਧ ਸੰਤ ਮਹਾਤਮਾ, ਨਾਮ-ਜਾਪ ਸਿਮਰਨ-ਸਾਧਨਾ ਰਾਹੀਂ ਜੀਵਨ ਦੇ ਰਹੱਸ ਦੀ ਪਛਾਣ ਕਰਦੇ ਹਨ, ਅਨੁਭਵ ਵਿਚ ਲਿਆਉਂਦੇ ਹਨ, ਆਪ ਸਤਿ-ਚਿਤ-ਅਨੰਦ ਸਰੂਪ ਹੋ ਕੇ ਸਦੀਵ-ਸੁਖ ਮਾਣਦੇ ਹਨ ਅਤੇ ਪਰਉਪਕਾਰੀ ਭਾਵਨਾ ਵਿਚ ਜੀਵਨ ਦੇ ਗੁੱਝੇ ਭੇਤ ਸੰਸਾਰ ਨਾਲ ਸਾਂਝੇ ਕਰਦੇ ਹਨ। ਕੁਝ ਅਵਤਾਰੀ ਪੁਰਸ਼ਾਂ ਨੂੰ ਧੁਰ ਤੋਂ ਹੀ ਬਖਸ਼ਿਸ਼ ਹੁੰਦੀ ਹੈ ਜਿਵੇਂ ਗੁਰੂ ਸਾਹਿਬਾਨ। ਉਹ ਬਾਣੀ ਰਾਹੀਂ ਸਤਿ-ਗਿਆਨ ਨੂੰ ਪ੍ਰਗਟ ਕਰਦੇ ਸੰਸਾਰ ਨੂੰ ਸਹੀ-ਸੇਧ ਪ੍ਰਦਾਨ ਕਰਦੇ ਹਨ। ਕੁਝ ਸੰਤ ਮਹਾਤਮਾ ਗੁਰੂ ਬਖਸ਼ਿਸ਼ ਸਦਕਾ ਨਾਮ-ਬਾਣੀ ਸਿਮਰਨ-ਸਾਧਨਾ ਦੀ ਕਰੜੀ ਘਾਲ ਕਮਾਈ ਕਰਕੇ ਪਰਮ-ਪਦ ਨੂੰ ਪ੍ਰਾਪਤ ਹੁੰਦੇ ਹਨ, ਆਪ ਪਰਮ-ਅਨੰਦ ਮਾਣਦੇ ਹਨ ਅਤੇ ਉਨ੍ਹਾਂ ਦੀ ਧੁਰ-ਦਰਗਾਹੋਂ ਇਹ ਸੇਵਾ ਲਗਦੀ ਹੈ ਕਿ ਉਹ ਪਰਮ-ਅਨੰਦ ਨੂੰ ਸੰਸਾਰ ਵਿਚ ਵੰਡ ਕੇ ਲੋਕਾਈ ਦਾ ਦੁਖ-ਦਰਦ ਦੂਰ ਕਰਨ ਵਿਚ ਸਹਾਇਤਾ ਕਰਨ। ਗੁਰੂ ਨਾਨਕ ਦੇਵ ਜੀ 20 ਸਾਲ ਤੋਂ ਵੱਧ ਸਮਾਂ ਦੇਸਾਂ-ਬਦੇਸਾਂ ਵਿਚ, ਘਰ ਬਾਰ ਦੇ ਸੁਖ ਆਰਾਮ ਤਿਆਗ ਕੇ, ਥਾਂ-ਥਾਂ ਵਿਚਰਦੇ ਰਹੇ, ਭੁਲੜਾਂ ਨੂੰ ਸਿੱਧਾਂ ਸੱਚਾ ਸਹੀ ਮਾਰਗ ਦੱਸਿਆ, ਕੂੜ ਨਾਲੋਂ ਤੋੜਿਆ, ਸੱਚ ਨਾਲ ਜੋੜਿਆ। ਸੋਹਣਾ, ਸੁਚੱਜਾ, ਖੁਸ਼ੀਆਂ ਭਰਿਆ ਜੀਵਨ ਜੀਉਣ ਦੀ ਜਾਚ ਸਿਖਾਈ। ਪਰ ਕੇਵਲ ਚੰਗੀ ਸੁਰਤਿ ਵਾਲੇ ਹੀ ਨਾਮ ਬਾਣੀ ਨਾਲ ਜੁੜੇ, ਬਹੁਤਿਆਂ ਨੇ ਤਾਂ ਗੁਰੂ ਜੀ ਨੂੰ ਵੀ ਬੇਤਾਲਾ, ਭੂਤਨਾ, ਬਉਰਾਨਾ ਕਿਹਾ। ਅਸਲ ਵਿਚ ਸੰਸਾਰੀ ਲੋਕ, ਰਜੋ, ਤਮੋ, ਸਤੋ ਦੇ ਪਾਂਧੀ, ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਦੀ ਦੁਨੀਆਂ ਦੇ ਵਾਸੀ, ਹਉਮੈ ਦੇ ਸੰਸਾਰ ਵਿਚ ਵਿਚਰਦੇ ਮਨੁੱਖ ਆਪਣੀ ਦੁਨੀਆਂ ਵਿਚ ਜੀਉਣਾ ਹੀ ਲੋਚਦੇ ਹਨ, ਲਾਲਸਾਵਾਂ, ਤ੍ਰਿਸ਼ਨਾਵਾਂ, ਮੋਹ ਮਾਇਆ ਦਾ ਚਿੱਕੜ ਉਨ੍ਹਾਂ ਨੂੰ ਅਤੀ ਮਿੱਠਾ ਲਗਦਾ ਹੈ ਅਤੇ ਬਹੁਤੇ ਮਨੁਖ ਉਸ ਵਿਚ ਹੀ ਗਰਕ ਹੁੰਦੇ ਜਾਂਦੇ ਹਨ। ਗੁਰੂ ਜੀ ਨੇ ਐਸਾ ਅਨੁਭਵ ਕੀਤਾ, ਅੱਖੀਂ ਵੇਖਿਆ ਤੇ ਇਸ ਦਿਸ਼ਾ ਨੂੰ ਬਾਣੀ ਵਿਚ ਅੰਕਿਤ ਕੀਤਾ –

ਤਿਤੁ ਸਰਵੜੈ ਭਈਲੇ ਨਿਵਾਸਾ ਪਾਣੀ ਪਾਵਕੁ ਤਿਨਹਿ ਕੀਆ॥

*ਪੰਕਜੁ ਮੋਹ ਪਗੁ ਨਹੀ ਚਾਲੈ*
*ਹਮ ਦੇਖਾ ਤਹ ਡੂਬੀਅਲੇ॥* *ਅੰਗ - 12*

ਅਰਥਾਤ ਭਿਆਨਕ ਸਮੁੰਦਰ ਵਿਚ ਸਾਡਾ ਵਾਸਾ ਹੈ ਜਿਹੜਾ ਪਾਣੀ ਨਾਲ ਨਹੀਂ, ਅਗਨੀ ਨਾਲ ਭਰਪੂਰ ਹੈ, ਬਰਬਾਦ ਕਰਨ ਵਾਲੀਆਂ, ਅੱਗ ਵਰਗੀਆਂ, ਵਾਸ਼ਨਾਵਾਂ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਵੈਰ, ਵਿਰੋਧ, ਈਰਖਾ ਨਾਲ ਭਰਪੂਰ, ਮੋਹ ਦੇ ਚਿੱਕੜ ਵਿਚ ਸਭਨਾਂ ਦੇ ਪੈਰ ਫਸੇ ਹੋਏ ਹਨ, ਤੁਰਿਆ ਨਹੀਂ ਜਾਂਦਾ, ਸੰਸਾਰੀ ਜੀਵ ਇਸ ਚਿੱਕੜ ਵਿਚ ਡੁਬਦੇ ਜਾਂਦੇ ਹਨ, ਦੁਖੀ ਹੋ ਰਹੇ ਹਨ। ਗੁਰੂ ਜੀ ਇਸ ਚਿੱਕੜ ਵਿਚੋਂ ਨਿਕਲਣ ਦਾ ਰਾਹ ਭੀ ਨਾਲ ਹੀ ਦੱਸ ਰਹੇ ਹਨ –

*ਮਨ ਏਕੁ ਨ ਚੇਤਸਿ ਮੂੜ ਮਨਾ*
*ਹਰਿ ਬਿਸਰਤ ਤੇਰੇ ਗੁਣ ਗਲਿਆ॥* *ਅੰਗ - 12*

ਅਰਥਾਤ ਹੇ ਮੂਰਖ ਮਨ! ਇਕ ਵਾਹਿਗੁਰੂ ਦਾ ਸਿਮਰਨ ਕਰ। ਉਹ ਤੇਰਾ ਅਸਲ ਜੀਵਨ ਹੈ, ਉਸ ਨੂੰ ਭੁੱਲ ਕੇ ਹੀ ਤੇਰਾ ਇਹ ਹਾਲ ਹੋਇਆ ਹੈ। ਭੁੱਲਣ ਨਾਲ ਹੀ ਮਨੁੱਖ ਗੁਣ-ਹੀਨ ਹੋ ਜਾਂਦਾ ਹੈ ਅਤੇ ਦੁਖਾਂ ਦੇ ਸਾਗਰ-ਤ੍ਰਿਸ਼ਨਾਵਾਂ, ਵਾਸ਼ਨਾਵਾਂ ਦੇ ਜੰਜਾਲ ਵਿਚ ਜਾ ਫਸਦਾ ਹੈ। ਗੁਰੂ ਜੀ ਇਸ ਸੱਚ ਨੂੰ ਪ੍ਰਗਟ ਕਰਦੇ ਫੁਰਮਾਨ ਕਰਦੇ ਹਨ–

*ਜੀਵਨ ਪਦੁ ਨਿਰਬਾਣ ਇਕੋ ਸਿਮਰੀਐ॥*
*ਦੂਜੀ ਨਾਹੀ ਜਾਇ ਕਿਨਿ ਬਿਧਿ ਧੀਰੀਐ॥*
*ਡਿਠਾ ਸਭੁ ਸੰਸਾਰੁ ਸੁਖੁ ਨ ਨਾਮ ਬਿਨੁ॥*
*ਤਨੁ ਧਨੁ ਹੋਸੀ ਛਾਰੁ ਜਾਣੈ ਕੋਇ ਜਨੁ॥ ਅੰਕ - 322*

ਦਰਅਸਲ ਗੁਰੂ ਦੇ ਘਰ ਵਿਚ ਖੁਸ਼ੀ ਹੀ ਖੁਸ਼ੀ ਹੈ ਸਗੋਂ ਸੋਗ ਦੀ ਕੋਈ ਥਾਂ ਹੀ ਨਹੀਂ –

*ਹਰਖ ਅਨੰਤ ਸੋਗ ਨਹੀ ਬੀਆ॥*
*ਸੋ ਘਰੁ ਗੁਰਿ ਨਾਨਕ ਕਉ ਦੀਆ॥* *ਅੰਗ - 186*

ਨਾਮ ਦੀਆਂ ਅਵਸਥਾਵਾਂ, ਸੁਆਸਾਂ ਰਾਹੀਂ ਨਾਮ ਜਪਣਾ, ਹਿਰਦੇ ਵਿਚ ਨਾਮ ਦਾ ਵਸ ਜਾਣਾ, ਬੈਖਰੀ ਤੋਂ ਪਸੰਤੀ ਅਤੇ ਪਰਾ ਤਕ ਦਾ ਸਫਰ, ਨਾਮ ਦਾ ਸੰਜਮ ਇਤਿਆਦਿ ਅਮੋਲਕ ਖਜ਼ਾਨਾ ਮਹਾਂਪੁਰਸ਼ਾਂ ਦੇ ਲੇਖਾਂ ਰਾਹੀਂ ਆਤਮ ਮਾਰਗ ਦੇ ਇਸ ਸੰਸਕ੍ਰਣ ਰਾਹੀਂ ਆਪ ਜੀ ਨੂੰ ਭੇਂਟ ਕਰਨ ਦੀ ਖੁਸ਼ੀ ਲੈ ਰਹੇ ਹਾਂ। ਨਾਮ-ਬਾਣੀ ਦੇ ਅੰਮ੍ਰਿਤ ਨਾਲ ਆਪ ਵੀ ਅਨੰਦਿਤ ਹੋਵੋ ਅਤੇ ਇਹ ਦਾਤ ਦੂਜਿਆਂ ਵਿਚ ਵੀ ਵੰਡੋ। ਗੁਰੂ ਜੀ ਨਾਮ ਦੀ ਦਾਤ ਵਾਲੇ ਗੁਰਸਿਖ ਨੂੰ ਕਿੰਨਾ ਮਾਣ ਬਖਸ਼ਦੇ ਹਨ –

*ਜਨੁ ਨਾਨਕ ਧੂੜਿ ਮੰਗੈ ਤਿਸੁ ਗੁਰਸਿਖ ਕੀ*
*ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥ ਅੰਗ - 306*

# ਹਰਿ ਕੀਰਤਿ ਸਾਧਸੰਗਤਿ ਹੈ
## (ਮਹਾਂਪੁਰਸ਼ਾਂ ਦੀ ਇੰਗਲੈਂਡ ਫੇਰੀ ਸਮੇਂ 14-2-97 ਨੂੰ ਸ. ਸੁਖਜਿੰਦਰ ਸਿੰਘ ਖਹਿਰਾ ਇੰਗਲੈਂਡ ਵਾਲਿਆਂ ਦੇ ਘਰ ਜੁੜੀ ਸੰਗਤ ਨਾਲ ਕੀਤੇ ਪ੍ਰਵਚਨ)

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ.ਗੁ.ਰੂ.ਮਿਸ਼ਨ*

ਜੇ ਤਾਂ ਅਸੀਂ ਕਿਸੇ ਸੰਤ ਦੇ ਚੇਲੇ ਹੋਈਏ, ਉਹ ਸਾਨੂੰ ਰੋਕੀ ਜਾਵੇ, ਨਾਲ ਦੀ ਨਾਲ ਦੱਸੀ ਜਾਵੇ। ਹੁਣ ਗੁਰੂ ਗ੍ਰੰਥ ਸਾਹਿਬ ਨੇ ਤਾਂ ਸਮੂਹਕ ਤੌਰ ਤੇ ਸਾਨੂੰ ਸੇਧ ਦੇਣੀ ਹੈ। ਉਹਨੇ ਸੇਵਾ ਲਾ ਦਿਤੀ ਗੁਰਸਿੱਖਾਂ ਦੀ, ਜਿਹੜੇ ਅਨੁਭਵੀ ਪੁਰਸ਼ ਨੇ, ਕਿ ਤੁਸੀਂ ਦੱਸੋ। ਤੁਹਾਡੀ ਪਦਵੀ ਐਡੀ ਹੈ ਕਿ ਮੈਂ ਧੂੜ ਮੰਗਦਾ ਹਾਂ ਤੁਹਾਡੇ ਤੋਂ ਤੇ ਤੁਹਾਡੇ ਵਿਚ ਤੇ ਮੇਰੇ ਵਿਚ ਕੋਈ ਫਰਕ ਨਹੀਂ ਹੈ।

*ਆਤਮ ਰਸ ਜਿਹ ਜਾਨਹੀ ਸੋ ਹੈ ਖਾਲਸ ਦੇਵ॥*
*ਪ੍ਰਭ ਮਹਿ ਮੋ ਮਹਿ ਤਾਸ ਮਹਿ ਰੰਚਕ ਨਾਹਨ ਭੇਵ॥*
*(ਸਰਬ ਲੋਹ ਗ੍ਰੰਥ 'ਚੋਂ)*

ਗੁਰੂ ਦਸ਼ਮੇਸ਼ ਪਿਤਾ ਦੇ ਪਾਸ ਸੰਗਤ ਅਰਜ਼ ਕਰਦੀ ਹੈ ਕਿ ਸੱਚੇ ਪਾਤਸ਼ਾਹ ਕਰਮ ਕਿਵੇਂ ਕੰਮ ਕਰਦੇ ਨੇ ਆਪ ਕ੍ਰਿਪਾ ਕਰਕੇ ਦੱਸੋ? ਮਹਾਰਾਜ ਨੇ ਕਿਹਾ ਕਿ ਭਾਈ ਦਇਆ ਸਿੰਘ ਮੇਰਾ ਰੂਪ ਹੈ, ਮੇਰੇ ਵਿਚ ਤੇ ਭਾਈ ਦਇਆ ਸਿੰਘ ਵਿਚ ਕੋਈ ਫਰਕ ਨਾ ਸਮਝੋ। ਜਾਓ ਉਨ੍ਹਾਂ ਤੋਂ ਪੁੱਛ ਲਓ, ਉਹ ਤੁਹਾਨੂੰ ਨਿਰਣਾ ਕਰਕੇ ਦੱਸ ਦੇਣਗੇ। ਸਿੱਖ ਜਿਹੜਾ ਹੈ ਗੁਰੂ ਦੇ ਪਿਆਰ ਦੇ ਵਿਚ ਅਭੇਦ ਅਵਸਥਾ ਵਿਚ ਪਹੁੰਚ ਜਾਇਆ ਕਰਦਾ ਹੈ। ਉਹ ਹਰ ਵਕਤ ਗੁਰੂ ਦੇ ਨਾਲ ਜੁੜਿਆ ਰਹਿੰਦਾ ਹੈ। ਐਸੀਆਂ ਸਾਖੀਆਂ ਆਉਂਦੀਆਂ ਨੇ ਕਿ ਜਿਸ ਵਕਤ ਗੁਰੂ ਪੰਜਵੇਂ ਪਾਤਸ਼ਾਹ ਦੇ ਕੋਲ ਲਾਹੌਰ ਦਾ ਬੁੱਧੂ ਆਉਂਦਾ ਹੈ। ਉਹ ਕਹਿੰਦਾ, ਮਹਾਰਾਜ੨! ਕਾਰੋਬਾਰ ਮੈਂ ਬੜਾ ਕਰਦਾ ਹਾਂ, ਪਰ ਮੇਰੇ ਕਾਰੋਬਾਰ 'ਚ ਬਰਕਤ ਨਹੀਂ ਪੈਂਦੀ, ਘਾਟਾ ਪੈਂਦਾ ਹੈ, ਮੈਂ ਦਸਵੰਧ ਤਾਂ ਦੇ ਆਇਆ ਹਾਂ ਪਰ ਮੇਰਾ ਗੁਜ਼ਾਰਾ ਨਹੀਂ ਚਲਦਾ। ਪਾਤਸ਼ਾਹ ਮੈਨੂੰ ਕੋਈ ਜੁਗਤ ਦੱਸੋ। ਮਹਾਰਾਜ ਕਹਿੰਦੇ ਦੇਖੋ, ਅਸੀਂ ਤਾਂ ਸਭ ਕੁਛ ਪ੍ਰਗਟ ਕਰ ਦਿਤਾ। ਗੁਪਤ ਨਹੀਂ ਰੱਖਿਆ–

*ਚਾਰਿ ਪਦਾਰਥ ਜੇ ਕੋ ਮਾਗੈ॥*
*ਸਾਧ ਜਨਾ ਕੀ ਸੇਵਾ ਲਾਗੈ॥ ਅੰਗ - 266*

ਚਾਰ ਪਦਾਰਥ ਜਿਹੜੇ ਨੇ ਇਨ੍ਹਾਂ ਵਿਚ ਧਨ ਵੀ ਆ ਜਾਂਦਾ ਹੈ, ਮੁਕਤੀ ਵੀ ਆ ਜਾਂਦੀ ਹੈ ਤੇ ਸਾਰੀਆਂ ਕਾਮਨਾਵਾਂ ਵੀ ਆ ਸਕਦੀਆਂ ਨੇ। ਹੋਰ ਗੁਪਤ ਚੀਜ਼ਾਂ ਆ ਜਾਂਦੀਆਂ ਨੇ, ਧਰਮ, ਅਰਥ, ਕਾਮ, ਮੋਹ। ਤੂੰ ਐਉਂ ਕਰ ਗੁਰਸਿੱਖਾਂ ਨੂੰ ਘਰ ਲੈ ਜਾ ਤੇ ਉਥੇ ਅਰਦਾਸ ਕਰਾਂ, ਪ੍ਰਸ਼ਾਦ ਛਕਾ ਕੇ। ਅਸ਼ੀਰਵਾਦ ਹੋ ਗਿਆ, ਅਰਦਾਸ ਕਰਾ ਦਿਤੀ ਲੇਕਿਨ ਇਕ ਸਿੱਖ ਨੇ ਬਾਹਰੋਂ, ਜੋ ਅਭੇਦ ਅਵਸਥਾ ਦਾ ਗੁਰਸਿੱਖ ਸੀ, ਉਹ ਕਹਿਣ ਲੱਗਿਆ ਕਿ ਭਾਈ ਬੁੱਧੂ ਤੇਰੇ ਆਵੇ ਕੱਚੇ ਰਹਿਣਗੇ। ਕੱਚੇ ਰਹਿਣਗੇ, ਕੱਚੇ ਰਹਿਣਗੇ, ਕੱਚੇ ਰਹਿਣਗੇ। ਸ਼ੰਕਾ ਪੈ ਗਿਆ। ਦਰਵਾਜ਼ਾ ਖੋਲ੍ਹਿਆ ਉਸ ਵੇਲੇ ਕਹਿਣ ਲੱਗਿਆ ਕਿ ਤੂੰ ਕਿਧਰੋਂ ਆ ਗਿਆ, ਗੁਰੂ ਤੋਂ ਵੀ ਉਤੇ ਹੋ ਗਿਆ। ਸਾਰੀ ਸੰਗਤ ਇਕ ਪਾਸੇ ਹੈ ਤੇ ਤੂੰ ਇਕ ਪਾਸੇ। ਕਹਿੰਦੇ, ਇਵੇਂ ਹੀ ਹੋਵੇਗਾ। ਸ਼ੰਕਾ ਪੈ ਗਿਆ ਤੇ ਗੁਰੂ ਮਹਾਰਾਜ ਕੋਲ ਚਲਿਆ ਗਿਆ, ਕਹਿਣ ਲੱਗਿਆ, ਮਹਾਰਾਜ ਸੱਚੇ ਪਾਤਸ਼ਾਹ! ਆਪ ਦੇ ਹੁਕਮ ਦੇ ਨਾਲ ਸਾਰਾ ਕਾਰਜ ਸ਼ੁੱਧ ਹੋ ਗਿਆ, ਸੰਗਤ ਨੇ ਬੜੇ ਪ੍ਰਸੰਨ ਹੋ ਕੇ ਅਸੀਸਾਂ ਦਿਤੀਆਂ। ਪ੍ਰਸ਼ਾਦਾ ਛਕਿਆ, ਅਰਦਾਸ ਕਰੀ, ਸੱਚੇ ਪਾਤਸ਼ਾਹ ਐਨੇ ਇਕ ਸਿੱਖ ਆ ਗਿਆ, ਉਹਨੇ ਇਹ ਗੱਲ ਕਹਿ ਦਿਤੀ। ਮੈਂ ਆਵਾ ਆਪਣਾ ਦੇਖਿਆ ਹੈ ਮਹਾਰਾਜ, ਇਟਾਂ ਪਿੱਲੀਆਂ ਨਿਕਲੀਆਂ ਨੇ। ਮਹਾਰਾਜ ਕਹਿੰਦੇ, ਬੁੱਧੂ ਤੇਰੇ ਤੋਂ ਭੁੱਲ ਹੋ ਗਈ ਕੋਈ। ਤੂੰ ਕਿਸੇ ਗੁਰਸਿੱਖ ਨੂੰ ਪ੍ਰਸ਼ਾਦ ਨਹੀਂ ਛਕਾਇਆ। ਗੁਰਸਿੱਖ ਨੂੰ ਤੂੰ ਮਾਨਤਾ ਨਹੀਂ ਦਿਤੀ। ਕਹਿਣ ਲੱਗਿਆ, ਮਹਾਰਾਜ! ਭਾਈ ਲੱਖੂ ਸੀਗਾ, ਜਿਹੜਾ ਡਾਕੇ ਮਾਰਦਾ ਹੁੰਦਾ। ਮਹਾਰਾਜ ਕਹਿੰਦੇ, ਜਿਹੜਾ ਲੱਖੂ ਤੂੰ ਕਹਿੰਦਾ ਹੈਂ ਨਾ ਉਹ ਤਾਂ ਮੇਰੇ ਵਿਚ ਹੀ ਰਹਿੰਦਾ ਹੈ। ਹਰ ਵਕਤ ਅਭੇਦ ਅਵਸਥਾ ਦਾ ਗੁਰਸਿੱਖ ਹੈ। ਉਹ ਮੇਰੇ ਚਰਨਾਂ ਨਾਲੋਂ ਕਦੇ ਵੀ ਅੱਡ ਨਹੀਂ ਹੁੰਦਾ। ਮੈਂ ਉਹਦੇ ਵਿਚ ਰਹਿੰਦਾ ਹਾਂ, ਉਹ ਮੇਰੇ ਵਿਚ ਰਹਿੰਦਾ ਹੈ। ਉਹਦੇ ਵਿਚ ਤਾਂ ਮੈਂ ਹੀ ਬੋਲਿਆ ਸੀ।

ਪ੍ਰਭ ਜੀ ਬਸਹਿ ਸਾਧ ਕੀ ਰਸਨਾ॥ ਅੰਗ – 263

ਉਹ ਤਾਂ ਬਚਨ ਹੋ ਗਿਆ। ਕਹਿਣ ਲੱਗਿਆ, ਮਹਾਰਾਜ! ਤੁਸੀਂ ਸਮਰੱਥ ਹੋਂ, ਕ੍ਰਿਪਾ ਕਰੋ ਤੇ ਏਸ ਬਚਨ ਨੂੰ ਨਿਹਫਲ ਕਰ ਦਓ। ਮਹਾਰਾਜ ਨੇ ਕਿਹਾ ਕਿ ਭਾਈ ਬੁੱਧੂ! ਮੈਂ ਗੁਰਸਿੱਖ ਦਾ ਬਚਨ ਨਹੀਂ ਨਿਹਫਲ ਕਰ ਸਕਦਾ ਕਿਉਂਕਿ ਆਦਿ ਜੁਗਾਦਿ ਤੋਂ ਇਹ ਰੀਤ ਚਲੀ ਆਈ ਹੈ। ਮੇਰਾ ਬਚਨ ਸਿੱਖ ਟਾਲ ਸਕਦਾ ਹੈ, ਪਰ ਮੇਰੇ ਵਿਚ ਜਿਹੜਾ ਅਭੇਦ ਹੋਇਆ ਹੋਇਆ ਹੈ ਮੈਂ ਨਹੀਂ ਉਹਨੂੰ ਟਾਲ ਸਕਦਾ। ਮੇਰਾ ਕੀਤਾ ਹੋਇਆ ਉਹ ਬਦਲ ਸਕਦਾ ਹੈ।

ਗੁਰੂ ਨਾਨਕ ਪਾਤਸ਼ਾਹ ਦਿੱਲੀ ਜਮੁਨਾ ਦੇ ਕੰਢੇ, ਜੋ ਮਜਨੂੰ ਟਿੱਲਾ ਹੈ ਉਥੇ ਮਹਾਰਾਜ ਜੀ ਦਾ ਆਸਣ ਲੱਗਿਆ ਹੋਇਆ ਹੈ ਤੇ ਕੋਲ ਹਾਥੀ ਖਾਨਾ ਸੀ, ਅੰਮ੍ਰਿਤ ਵੇਲੇ ਰੋਣ ਦੀ ਆਵਾਜ਼ ਆਈ। ਗੁਰੂ ਮਹਾਰਾਜ ਇਸ਼ਨਾਨ ਕਰਕੇ, ਚੌਂਕੜਾ ਮਾਰ ਕੇ, ਅੰਤਰ ਧਿਆਨ ਹੋਏ-ਹੋਏ ਸੀ। ਮਹਾਰਾਜ ਕਹਿੰਦੇ, ਮਰਦਾਨਿਆ! ਦੇਖ ਤਾਂ ਕੌਣ ਰੋ ਰਿਹਾ ਹੈ ਏਸ ਵੇਲੇ? ਮਰਦਾਨਾ ਕਹਿਣ ਲੱਗਿਆ, ਸੱਚੇ ਪਾਤਸ਼ਾਹ! ਮਹਾਵਤ ਸੀ, ਉਹ ਇਕ ਹਾਥੀ ਦੇ ਉਤੇ ਨੌਕਰ ਰੱਖਿਆ ਹੋਇਆ ਸੀ, ਕਿਉਂਕਿ ਇਕ ਹਾਥੀ ਤੇ ਇਕ ਮਹਾਵਤ ਹੁੰਦਾ, ਉਹ ਰੋ ਰਿਹਾ ਹੈ ਮਹਾਰਾਜ, ਉਹਦਾ ਹਾਥੀ ਮਰ ਗਿਆ, ਉਹਨੂੰ ਫਿਕਰ ਹੋ ਗਿਆ ਕਿ ਮੇਰਾ ਕੀ ਹੋਏਗਾ, ਨੌਕਰੀ ਤੋਂ ਮੈਂ ਜਾਂਦਾ ਰਹਾਂਗਾ, ਮੇਰੇ ਬਾਲ-ਬੱਚੇ ਰੋਟੀ ਕਿਥੋਂ ਖਾਣਗੇ। ਬਹੁਤ ਦੁਖੀ ਹਿਰਦੇ ਨਾਲ, ਬਹੁਤ ਜ਼ਿਆਦਾ ਵੈਰਾਗ ਦੇ ਵਿਚ ਹੈ। ਮਹਾਰਾਜ ਕਹਿੰਦੇ ਜਾਹ ਜਾ ਕੇ ਉਹਨੂੰ ਕਹਿ ਦੇ ਕਿ ਹਾਥੀ ਤਾਂ ਜੀਉਂਦਾ ਹੈ, ਤੂੰ ਨਾ ਰੋ। ਤੇ ਤੂੰ ਜਾ ਕੇ ਹਾਥੀ ਨੂੰ ਹੱਥ ਲਾ ਦੇ ਤੇ ਕਹਿ ਦੇ ਕਿ ਉਠ। ਉਹ ਜਦੋਂ ਹਾਥੀ ਦੇ ਕੋਲ ਗਿਆ, ਉਹਨੇ ਲੱਤ ਮਾਰੀ ਉਹ ਉਠ ਕੇ ਖੜ੍ਹ ਗਿਆ। ਇਹ ਗੱਲ ਸਾਰੇ ਸ਼ਹਿਰ ਵਿਚ ਫੈਲ ਗਈ। ਬਾਦਸ਼ਾਹ ਨੂੰ ਪਤਾ ਲੱਗਿਆ, ਦੂਸਰੇ ਦਿਨ ਕਿ ਇਕ ਇਹੋ ਜਿਹਾ ਦਰਵੇਸ਼ ਆਇਆ ਹੈ ਜਿਹਨੇ ਮਰਿਆ ਹੋਇਆ ਹਾਥੀ ਜੀਉਂਦਾ ਕਰ ਦਿਤਾ। ਗੁਰੂ ਮਹਾਰਾਜ ਕੋਲ ਆ ਗਿਆ, ਕਹਿਣ ਲੱਗਿਆ ਦਰਵੇਸ਼ ਸਾਂਈ! ਮੈਂ ਸੁਣਿਆ ਹੈ ਕਿ ਤੂੰ ਹਾਥੀ ਜੀਉਂਦਾ ਕਰ ਦਿਤਾ। ਮਹਾਰਾਜ ਕਹਿੰਦੇ, ਬਾਦਸ਼ਾਹ ਇਹ ਮਾਰਨਾ ਤੇ ਜੀਵਾਲਣਾ ਅਕਾਲ ਪੁਰਖ ਦੇ ਆਪਣੇ ਹੱਥ ਵਿਚ ਹੋਇਆ ਕਰਦਾ ਹੈ। ਕਹਿੰਦਾ ਫੇਰ ਮਾਰ ਕੇ ਦਿਖਾ। ਮਹਾਰਾਜ ਕਹਿੰਦੇ ਇਹ ਤਾਂ ਪਹਿਲਾਂ ਹੀ ਮਰਿਆ ਹੋਇਆ ਹੈ। ਹੱਥੀ ਦੜੰਮ ਕਰਕੇ ਗਿਰ ਗਿਆ। ਕਹਿੰਦਾ ਹੁਣ ਜੀਉਂਦਾ ਕਰਕੇ ਦਿਖਾ। ਮਹਾਰਾਜ ਕਹਿੰਦੇ, ਇਹ ਹਾਥੀ ਜਿਹੜਾ ਹੈ ਨਾ ਇਹ ਅਕਾਲ ਪੁਰਖ ਨੇ ਮਾਰ ਦਿਤਾ ਸੀ, ਸਾਧੂ ਨੇ ਇਹਨੂੰ ਬਚਾ ਦਿਤਾ। ਅਕਾਲ ਪੁਰਖ ਦੀ ਕੀਤੀ ਹੋਈ ਨੂੰ ਸਾਧੂ ਚੁੱਕ ਲਿਆ ਕਰਦੇ ਨੇ, ਲੇਕਿਨ ਸਾਧੂ ਦਾ ਕੀਤਾ ਹੋਇਆ ਕੋਈ ਦੁਨੀਆਂ ਦੀ ਸ਼ਕਤੀ ਨਹੀਂ ਕਿ ਚੁੱਕ ਲਵੇ। ਹੁਣ ਨਹੀਂ ਇਹਨੂੰ ਕੋਈ ਜੀਉਂਦਾ ਕਰ ਸਕਦਾ। ਕਹਿੰਦਾ ਕਿਵੇਂ, ਸਾਧੂ ਪ੍ਰਮੇਸ਼ਰ ਦੇ ਨਾਲ ਤੱਤਪਰ ਹੋਏ ਹੁੰਦੇ ਨੇ ਜਿਵੇਂ ਅੱਗ ਦੇ ਵਿਚ ਲੋਹਾ ਸੁੱਟ ਦਿਓ, ਉਹ ਅੱਗ ਦਾ ਹੀ ਰੂਪ ਬਣਿਆ ਹੁੰਦਾ ਹੈ। ਕੋਲੇ ਨੂੰ ਤਾਂ ਚੁੱਕਿਆ ਜਾ ਸਕਦਾ ਹੈ, ਲੇਕਿਨ ਲੋਹੇ ਨੂੰ ਹੱਥ ਲਾ ਕੇ ਦੇਖੋ ਉਦੋਂ ਹੀ ਹੱਥ ਜਾਲ ਦਏਗਾ। ਸੋ ਸਾਧੂ ਦੀ ਕੀਤੀ ਹੋਈ ਨੂੰ ਕੋਈ ਚੁੱਕਣ ਦੇ ਸਮਰੱਥ ਨਹੀਂ ਹੁੰਦਾ।

ਸੋ ਗੁਰੂ ਪੰਜਵੇਂ ਪਾਤਸ਼ਾਹ ਕਹਿਣ ਲੱਗੇ ਭਾਈ ਬੁੱਧੂ ਸਿੱਖ ਦਾ ਬਚਨ ਨਿਹਫਲ ਨਹੀਂ ਹੋ ਸਕਦਾ। ਆਦਿ ਜੁਗਾਦਿ ਤੋਂ ਇਹ ਰੁੱਤ ਚਲੀ ਆ ਰਹੀ ਹੈ। ਦੇਖ ਤੈਨੂੰ ਪਤਾ ਹੈ, ਮਸ਼ਹੂਰ ਕਹਾਣੀ ਹੈ ਕਿ ਕ੍ਰਿਸ਼ਨ ਮਹਾਰਾਜ ਦੇ ਕੋਲ ਜਿਹੜੇ ਬੱਚੇ ਸੀ ਉਨ੍ਹਾਂ ਸਾਰਿਆਂ ਨੂੰ ਭੇਜ ਦਿਤਾ ਪ੍ਰਭਾਤ ਛੇਤਰ ਵਿਚ, ਉਥੇ ਬੇਅੰਤ ਸਾਧੂ ਆਏ ਹੋਏ ਸੀ। ਹਰ ਥਾਂ ਤੋਂ ਆਉਂਦੇ ਸੀ ਸਾਧੂ। ਇਨ੍ਹਾਂ ਬੱਚਿਆਂ ਨੂੰ ਕੀ ਸ਼ਰਾਰਤ ਸੁੱਝੀ ਕਿ ਸਾਧ ਐਵੇਂ ਹੀ ਤੁਰੇ ਫਿਰਦੇ ਨੇ। ਇਨ੍ਹਾਂ ਦੀ ਪ੍ਰੀਖਿਆ ਲਈਏ। ਇਕ ਲੜਕੇ ਦੇ ਪੇਟ ਉਤੇ ਬਾਟੀ ਬੰਨ੍ਹ ਦਿਤੀ, ਬੀਬੀਆਂ ਵਾਲੇ ਕਪੜੇ ਪਾ ਦਿਤੇ ਤੇ ਇਕੱਲੇ-ਇਕੱਲੇ ਸੰਤ ਕੋਲ ਜਾਂਦੇ ਨੇ ਕਿ ਸੰਤ ਜੀ ਨਮਸ਼ਕਾਰ। ਕਿਵੇਂ ਆਏਂ ਹੋ ਬੱਚਿਓ! ਕਹਿੰਦੇ ਮਹਾਰਾਜ ਆਹ ਬੀਬੀ ਸੰਗਦੀ ਹੈ, ਤੁਸੀਂ ਇਹ ਦੱਸੋ ਕਿ ਇਹਦੇ ਲੜਕਾ ਹੋਏਗਾ ਕਿ ਲੜਕੀ ਹੋਏਗੀ। ਉਹ ਚੁੱਪ ਕਰ ਰਹੇ ਕਿ ਬੱਚਿਆਂ ਦੀ ਆਦਤ ਚੰਚਲ ਹੁੰਦੀ ਹੈ ਕਿ ਚਲੋ ਇਨ੍ਹਾਂ ਦੀ ਗੱਲ ਟਾਲ ਦਿਓ। ਚਲਦੇ-ਚਲਦੇ ਦਰਬਾਸੇ ਦੇ ਕੋਲ ਪਹੁੰਚ ਗਏ। ਦਰਬਾਸਾ ਰਿਸ਼ੀ ਇਨ੍ਹਾਂ ਦਾ ਕੁੱਲ ਗੁਰੂ ਸੀ। ਜਦੋਂ ਉਸ ਨੇ ਦੇਖਿਆ ਕਿ ਏਸ ਕੁਲ ਦੇ ਵਿਚ ਐਨੀ ਗੁਸਤਾਖੀ ਆ ਗਈ, ਐਨਾ ਇਹ ਸਾਧੂਆਂ ਤੋਂ ਦੂਰ ਚਲੇ ਗਏ। ਕਹਿਣ ਲੱਗੇ, ਦੱਸੀਏ ਅਸੀਂ?

ਬੱਚੇ ਕਹਿਣ ਲੱਗੇ, ਦੱਸੋ?

ਕਹਿੰਦੇ, ਦੱਸੀਏ?"

ਕਹਿੰਦੇ ਦੱਸੋ?

ਕਹਿੰਦੇ ਇਹਦੇ ਵਿਚੋਂ ਉਹ ਪੈਦਾ ਹੋਏਗਾ ਜਿਹੜਾ ਤੁਹਾਡੀ ਕੁਲ ਦਾ ਨਾਸ਼ ਕਰੇਗਾ। ਕ੍ਰਿਸ਼ਨ ਮਹਾਰਾਜ ਕੋਲ ਆ ਗਏ ਬੱਚੇ, ਰੋਣ ਲਗ ਗਏ। ਕਹਿਣ ਲੱਗੇ, ਮਹਾਰਾਜ ਅਸੀਂ ਤਾਂ ਬਾਟੀ ਬੰਨ੍ਹੀ ਹੋਈ ਸੀ, ਆਹ ਮੂਸਲ ਨਿਕਲ ਆਇਆ। ਤੁਸੀਂ ਜਿਹੜਾ ਦਰਵਾਸ਼ਾ ਰਿਸ਼ੀ ਨੇ ਬਚਨ ਕੀਤਾ ਹੈ ਉਸਨੂੰ ਬਦਲ ਦਿਓ। ਕ੍ਰਿਸ਼ਨ ਮਹਾਰਾਜ ਨੇ ਕਿਹਾ ਮੇਰੇ ਵਿਚ ਤਾਕਤ ਨਹੀਂ ਹੈ ਬਚਨ ਫੇਰਨ ਦੀ। ਇਹ ਤਾਂ ਆਦਿ ਜੁਗਾਦਿ ਤੋਂ ਰੀਤ ਚਲੀ ਆਉਂਦੀ ਹੈ -

***ਮੇਰੀ ਬਾਂਧੀ ਭਗਤੁ ਛਡਾਵੈ ਬਾਂਧੈ ਭਗਤੁ ਨ ਛੂਟੈ ਮੋਹਿ॥***
***ਏਕ ਸਮੈ ਮੋ ਕਉ ਗਹਿ ਬਾਂਧੈ ਤਉ ਫੁਨਿ ਮੋ ਪੈ ਜਬਾਬੁ ਨ ਹੋਇ॥***
***ਅੰਗ - 1253***

ਮਹਾਰਾਜ ਕਹਿਣ ਲੱਗੇ ਕਿ ਉਨ੍ਹਾਂ ਨੇ ਕੁਲ ਦਾ ਨਾਸ਼ ਕਰਾ ਲਿਆ, ਬਚਨ ਤਾਂ ਨਹੀਂ ਨਾ ਬਦਲਿਆ। ਗੁਰੂ ਸਮਰੱਥ ਹੋਇਆ ਕਰਦਾ ਹੈ, ਬਚਨ ਬਦਲ ਸਕਦਾ ਹੈ ਕੋਈ ਐਸੀ ਗੱਲ ਨਹੀਂ। ਲੇਕਿਨ ਉਹ ਸਿੱਖ ਦੀ ਰੱਖਦਾ ਹੈ, ਸਿੱਖ ਅਭੇਦ ਅਵਸਥਾ ਦਾ ਹੋਇਆ ਕਰਦਾ ਹੈ। ਪਰ ਜਦੋਂ ਸਿੱਖ ਅਭੇਦ ਅਵਸਥਾ ਦਾ ਹੋ ਕੇ ਗੁਰੂ ਦੇ ਰੰਗ ਵਿਚ ਰਹਿੰਦਾ ਹੈ, ਮਹਾਰਾਜ ਕਹਿੰਦੇ ਮੈਂ ਉਸ ਗੁਰਸਿੱਖ ਦੀ ਧੂੜੀ ਮੰਗਦਾ

ਹਾਂ ਉਸ ਗੁਰਸਿੱਖ ਦੀ ਜਿਹੜਾ ਆਪ ਵੀ ਨਾਮ ਜਪਦਾ ਹੈ ਤੇ ਦੂਸਰਿਆਂ ਨੂੰ ਵੀ ਜਪਾਉਂਦਾ ਹੈ। ਸੋ ਇਸ ਤਰ੍ਹਾਂ ਦੇ ਨਾਲ ਸਾਧਸੰਗਤ ਜੀ ਮੈਂ ਜਿਹੜੀ ਬੇਨਤੀ ਕਰਦਾ ਸੀ, ਉਹ ਇਹ ਸੀ ਕਿ ਇਹ ਜਿਹੜਾ ਜੀਵ ਹੈ ਇਹ ਹਉਮੈ ਦੇ ਕਾਰਨ ਆਪਣੇ ਆਪ ਨੂੰ ਸਰੀਰ ਸਮਝਦਾ ਹੈ। ਸਰੀਰ ਸਮਝਣ ਦੇ ਨਾਲ ਇਹਨੂੰ ਗਿਆਨ ਨਹੀਂ ਹੁੰਦਾ, ਕਿਉਂਕਿ ਇਹ ਕਰਮ ਕਰਦਾ ਹੈ। ਕਰਮ ਕਰਕੇ –

*ਜਬ ਇਹ ਜਾਨੈ ਮੈ ਕਿਛੁ ਕਰਤਾ॥*
*ਤਬ ਲਗੁ ਗਰਭ ਜੋਨਿ ਮਹਿ ਫਿਰਤਾ॥ ਅੰਗ - 278*

ਕੌਣ ਕਹਿੰਦਾ ਹੈ ਮੈਂ ਨਹੀਂ ਇਹ ਕਰਦਾ। ਇਹ ਦੀਵਾਰ ਬਣੀ ਹੋਈ ਹੈ –

*ਗੁਰਿ ਪੂਰੈ ਹਉਮੈ ਭੀਤਿ ਤੋਰੀ*
*ਜਨ ਨਾਨਕ ਮਿਲੇ ਬਨਵਾਰੀ॥ ਅੰਗ - 1263*

ਗੁਰੂ ਨਾਨਕ ਕਹਿੰਦੇ, ਗੋਰਖਨਾਥ! ਇਹ ਹਉਮੈ ਕਰਕੇ ਸੰਸਾਰ ਬਣਿਆ ਨਜ਼ਰ ਆਉਂਦਾ ਹੈ, ਇਥੇ ਵਾਹਿਗੁਰੂ ਤੋਂ ਬਗੈਰ ਕੋਈ ਹੈ ਹੀ ਨਹੀਂ। ਗੁਰੂ ਦਸ਼ਮੇਸ਼ ਪਿਤਾ ਫੁਰਮਾਨ ਕਰਦੇ ਨੇ –

*ਕਤਹੂੰ ਸੁਚੇਤ ਹੁਇਕੈ ਚੇਤਨਾ ਕੋ ਚਾਰ ਕੀਓ*
*ਕਤਹੂੰ ਅਚਿੰਤ ਹੁਇਕੈ ਸੋਵਤ ਅਚੇਤ ਹੋ॥*
*ਕਤਹੂੰ ਭਿਖਾਰੀ ਹੁਇਕੈ, ਮਾਂਗਤ ਫਿਰਤ ਭੀਖ,*
*ਕਹੂੰ ਮਹਾਂ ਦਾਨ ਹੁਇਕੈ, ਮਾਂਗਿਓ ਧਨ ਦੇਤ ਹੋ॥*
*ਕਹੂੰ ਮਹਾਰਾਜਨ ਕੋ ਦੀਜਤ ਅਨੰਤ ਦਾਨ,*
*ਕਹੂੰ ਮਹਾਰਾਜਨ ਤੇ ਛੀਨ ਛਿਤ ਲੇਤ ਹੋ॥*
*ਕਹੂੰ ਬੇਦ ਰੀਤ, ਕਹੂੰ ਤਾ ਸਿਉ ਬਿਪ੍ਰੀਤ,*
*ਕਹੂੰ ਤ੍ਰਿਗੁਨ ਅਤੀਤ, ਕਹੂੰ ਸੁਰਗੁਨ ਸਮੇਤ ਹੋ॥*
*ਅਕਾਲ ਉਸਤਤਿ*

ਉਹ ਆਪ ਹੀ ਹੈ ਹਰ ਥਾਂ ਦੇ ਉਤੇ। ਲੇਕਿਨ ਹਉਮੈ ਤੱਤ ਨੇ ਤਿੰਨ ਬਣਾ ਦਿਤੇ, ਇਕ ਮੈਂ ਬਣ ਗਿਆ, ਇਕ ਆਹ ਸੰਸਾਰ ਬਣ ਗਿਆ। ਇਕ ਵਾਹਿਗੁਰੂ ਬਣ ਗਿਆ। ਗੁਰੂ ਮਹਾਰਾਜ ਕਹਿੰਦੇ, ਗੋਰਖਨਾਥ! ਇਹ ਸੰਸਾਰ ਤਾਂ ਬਣਿਆ ਹੋਇਆ ਹੈ, ਕਿਉਂਕਿ ਹਉਮੈ ਤੱਤ ਵਾਹਿਗੁਰੂ ਨੇ ਪੈਦਾ ਕਰਿਆ। ਉਸ ਹਉਮੈ ਦੇ ਅਸਰ ਦੇ ਅਧੀਨ ਸਾਰਾ ਸੰਸਾਰ ਬਣਿਆ। ਕਿੱਡੀ ਵੱਡੀ ਹੈ ਹਉਮੈ ਕਿ ਮੇਰੇ ਵਰਗਾ ਕੋਈ ਗਿਆਨੀ ਨਹੀਂ ਹੈ, ਮੇਰੇ ਅਰਥ ਕੋਈ ਨਹੀਂ ਕਰਸਕਦਾ, ਮੈਂ ਸਭ ਕੁਝ ਜਾਣ ਗਿਆ। ਜਿਹੜਾ ਕਹਿੰਦਾ ਹੈ ਕਿ ਮੈਂ ਜਾਣ ਗਿਆ, ਮੇਰੇ ਨਾਲੋਂ ਉਤੇ ਕੋਈ ਨਹੀਂ, ਉਹ ਤਾਂ ਅੰਧਕਾਰ ਦੇ ਵਿਚ ਫਸਿਆ ਹੋਇਆ ਹੈ। ਉਹਦਾ ਨਿਕਲਣ ਦਾ ਕੋਈ ਸਾਧਨ ਨਹੀਂ ਹੈ, ਸੋ ਉਸ ਵੇਲੇ ਮਹਾਰਾਜ ਨੇ ਕਿਹਾ, ਉਸ ਤੇ ਸਵਾਲ ਕਰਿਆ –

*ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ*
*ਕਿਤੁ ਕਿਤੁ ਦੁਖਿ ਬਿਨਸਿ ਜਾਈ॥ ਅੰਗ - 946*

ਮਹਾਰਾਜ ਕਹਿੰਦੇ –

*ਹਉਮੈ ਵਿਚਿ ਜਗੁ ਉਪਜੈ ਪੁਰਖਾ*
*ਨਾਮਿ ਵਿਸਰਿਐ ਦੁਖੁ ਪਾਈ॥ ਅੰਗ - 946*

ਹੁਣ ਜਿਹੜੀ ਮੈਂ ਬੇਨਤੀ ਕਰਨੀ ਸੀ, ਜਿਸਨੂੰ ਆਪ ਨੇ ਬੜੇ ਧਿਆਨ ਨਾਲ ਸਰਵਣ ਕੀਤਾ ਹੈ। ਇਹ ਸੰਸਾਰ ਦੇ ਵਿਚ ਜਿੰਨਾ ਵੀ ਮੇਰਾ ਤੇਰਾ ਹੈ, ਇਹੀ ਸਾਨੂੰ ਫਸਾਉਂਦਾ ਤੁਰਿਆ ਜਾਂਦਾ ਹੈ। ਇਹਦਾ ਇਲਾਜ ਕੀ ਹੈ? ਮੈਂ ਇਸ ਗੱਲ ਦਾ ਯਕੀਨ ਤੁਹਾਨੂੰ ਦਿਵਾਉਂਦਾ ਹਾਂ ਕਿ ਇਥੇ ਵਾਹਿਗੁਰੂ ਤੋਂ ਬਗੈਰ ਕੋਈ ਨਹੀਂ। ਗੁਰੂ ਮਹਾਰਾਜ ਕਹਿੰਦੇ ਨੇ ਕਿ ਵਾਹਿਗੁਰੂ ਤੋਂ ਬਗੈਰ ਕੋਈ ਨਹੀਂ। ਉਨ੍ਹਾਂ ਨੇ ਜਦੋਂ ਮੂਲਮੰਤ੍ਰ ਦਾ ਪ੍ਰਕਾਸ਼ ਹੋਇਆ ਤੇ ਹੁਕਮ ਹੋਇਆ ਕਿ ਹੇ ਨਾਨਕ! ਤੂੰ ਆਪਣੀ ਮੋਹਰ ਲਾ। ਗੁਰੂ ਨਾਨਕ ਪਾਤਸ਼ਾਹ ਨੇ ਫੁਰਮਾਨ ਕੀਤਾ –

*ਆਦਿ ਸਚੁ ਜੁਗਾਦਿ ਸਚੁ॥*
*ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥ ਅੰਗ - 1*

ਹੁਣ ਸਾਡੇ ਜਿਹੜੇ ਬੁੱਧੀਜੀਵੀ ਬੰਦੇ ਨੇ, ਇਹਦਾ ਅਰਥ ਇਹ ਕਰਦੇ ਨੇ ਕਿ ਉਹ ਪਹਿਲਾਂ ਵੀ ਸੱਚਾ ਸੀ, ਉਹ ਜਦੋਂ ਜੁਗਾਂ ਜੁਗਾਂਤਰ ਚੱਲੇ ਫੇਰ ਵੀ ਉਹ ਸੱਚ ਹੈ, ਜਦੋਂ ਹੁਣ ਅੱਜ ਦਾ ਸਮਾਂ ਹੈ ਹੁਣ ਵੀ ਸੱਚ ਹੈ, ਜਦੋਂ ਕੁਛ ਵੀ ਨਹੀਂ ਰਹੇਗਾ ਫੇਰ ਵੀ ਸੱਚ ਹੈ। ਇਹਦੇ ਵਿਚ ਹੋਇਆ ਕੀ? ਇਕ ਤਰਫਾ ਅਸੀਂ ਅਰਥ ਕਰ ਦਿਤਾ। ਗੁਰੂ ਮਹਾਰਾਜ ਦਾ ਜਿਹੜਾ ਸਿਧਾਂਤ ਸੀ ਉਹਨੂੰ ਅੱਖਾਂ ਓਹਲੇ ਕਰ ਦਿਤਾ। ਲੇਕਿਨ ਜਿਹੜਾ ਗੁਰੂ ਮਹਾਰਾਜ ਨੇ ਕਿਹਾ ਸੀ, ਹੇ ਪ੍ਰਭੂ! ਇਸ ਸੰਸਾਰ ਵਿਚ ਪਹਿਲਾਂ ਵੀ ਤੂੰ ਹੀ ਸੀਗਾ, ਜਦੋਂ ਸੰਸਾਰ ਦੇ ਰੂਪ ਵਿਚ ਤੂੰ ਪ੍ਰਗਟ ਹੋਇਆ, ਉਸ ਵੇਲੇ ਤੂੰ ਹੀ ਹੈਂ ਇਥੇ ਹੋਰ ਕੋਈ ਹੈ ਨਹੀਂ। ਜਿੰਨੇ ਖੰਡ ਬ੍ਰਹਿਮੰਡ ਜੋ ਨਜ਼ਰ ਆਉਂਦੇ –

*ਸਚੇ ਤੇਰੇ ਖੰਡ ਸਚੇ ਬ੍ਰਹਮੰਡ॥*
*ਸਚੇ ਤੇਰੇ ਲੋਅ ਸਚੇ ਆਕਾਰ॥ ਅੰਗ - 463*

ਇਹ ਸਾਰਾ ਹੀ ਸੱਚ ਹੈ, ਤੂੰ ਆਪ ਹੀ ਹੈਂ –

*ਆਪਿ ਸਤਿ ਕੀਆ ਸਭੁ ਸਤਿ॥ ਅੰਗ - 284*

ਇਥੇ ਦੂਜਾ ਨਹੀਂ ਹੈ ਕੋਈ। ਹੁਣ ਵੀ ਤੂੰ ਹੀ ਹੈਂ ਇਥੇ ਤੇਰੇ ਬਿਨਾਂ ਕੋਈ ਹੋਰ ਨਹੀਂ ਹੈ। ਜਦੋਂ ਕੁਛ ਵੀ ਨਹੀਂ ਹੋਏਗਾ ਉਸ ਵੇਲੇ ਵੀ ਤੂੰ ਹੀ ਹੈਂ। ਤੂੰ ਆਪ ਹੀ ਸੰਸਾਰ ਦੇ ਅੰਦਰ ਪ੍ਰਗਟ ਹੋ ਕੇ ਦੁਨੀਆਂ ਬਣ ਜਾਂਦਾ ਹੈਂ, ਅਗਿਆਨ ਧਾਰਨ ਕਰ ਲੈਂਦਾ ਹੈ, ਆਪ ਹੀ ਤੂੰ ਦੂਜਾ ਪਾਸਾ ਹੋ ਜਾਂਦਾ ਹੈਂ। ਗੁਰੂ ਦਸ਼ਮੇਸ਼ ਪਿਤਾ ਕਹਿੰਦੇ ਨੇ –

*ਏਕ ਮੂਰਤ ਅਨੇਕ ਦਰਸਨ ਕੀਨ ਰੂਪ ਅਨੇਕ॥*
*ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ॥*
*(ਜਾਪੁ ਸਾਹਿਬ)*

ਇਹ ਸਾਡਾ ਸਿਧਾਂਤ ਹੈ ਗੁਰਮਤਿ ਦਾ। ਜਿਥੇ ਅਸੀਂ ਪਹੁੰਚਣਾ ਹੈ। ਅੱਜ ਜੇ ਸਾਨੂੰ ਪੁਛੇ ਕਿ ਕਿਹੜੀ ਗੱਲ ਸੰਸਾਰ ਵਿਚ ਨਵੀਂ ਲਈ ਫਿਰਦੇ ਓਂ ਕਿ ਅਸੀਂ ਸਿੱਖ ਹਾਂ। ਤੁਹਾਡੇ ਕੋਲ ਹੈ ਕੀ ਜਿਹੜੀ ਗੱਲ ਤੁਸੀਂ ਦੱਸਣੀ ਹੈ। ਕਹਿੰਦੇ ਸਾਡੇ ਕੋਲ ਹੈ ਨਾਮ ਜਪਣਾ, ਕਿਰਤ ਕਰਨਾ, ਵੰਡ ਛਕਣਾ।

ਮੈਂ ਉਥੇ ਅਮਰੀਕਾਂ ਵਿਚ ਸੀ, ਉਥੇ ਹੜ੍ਹ ਆ ਗਿਆ ਬੱਦਲਾਂ ਵਿਚ। ਉਥੇ ਜਿਹੜੇ ਐਕਟਰ ਸੀ ਉਨ੍ਹਾਂ ਨੇ ਤਿੰਨ ਘੰਟੇ ਦਾ ਇਕ ਪ੍ਰੋਗਰਾਮ ਕਰਿਆ। 12 ਕਰੋੜ 66 ਲੱਖ ਰੁਪਿਆ ਇਕੱਠਾ ਹੋ ਗਿਆ। ਉਹ ਸਾਰੇ ਦਾ ਸਾਰਾ ਦੂਸਰੇ ਦਿਨ ਟੈਲੀਵੀਜ਼ਨ ਤੇ ਦਿਖਾ ਰਹੇ ਨੇ ਕਿ ਉਹ ਰਾਸ਼ਨ ਵੰਡ ਰਹੇ ਨੇ, ਰਜਾਈਆਂ ਵੰਡ ਰਹੇ ਨੇ, ਪੈਸਾ ਵੰਡ ਰਹੇ ਨੇ, ਸਾਡਾ ਸੁਣਿਆ ਹੈ ਕਿ ਸਾਡੇ ਬੰਦੇ ਕਿਤੇ ਫਲਾਣੇ ਥਾਂ ਜਾ ਕੇ ਲੋੜੀਂਦੀਆਂ ਵਸਤਾਂ ਵੰਡ ਰਹੇ ਨੇ। ਉਹ ਵੰਡ ਛਕਣ ਵਾਲੀ ਗੱਲ ਕਿਥੇ ਰਹਿ ਗਈ। ਉਹ ਸਾਡੇ ਨਾਲੋਂ ਵੀ ਵੱਧ ਨੇ, ਕਿਰਤ ਕਰਨ ਵਾਲੇ ਜ਼ਰੂਰ ਨੇ। ਬਗੈਰ ਕੰਮ ਕਰਨ ਤੋਂ ਅਸੀਂ ਗੁਜ਼ਾਰਾ ਕਰਨਾ ਚਾਹੁੰਦੇ ਹਾਂ। ਲੇਕਿਨ ਜਿਹੜੇ ਕਿਰਤ ਕਰਨ ਵਾਲੇ ਨੇ ਕਿਰਤ ਦੀ ਮਹਾਨਤਾ ਹੈ। ਗੁਰੂ ਨਾਨਕ ਪਾਤਸ਼ਾਹ ਨੇ ਪਹਿਲੀ ਉਦਾਸੀ ਦਾ ਪਹਿਲਾ ਕਦਮ ਜਿਹੜਾ ਪੁੱਟਿਆ, ਉਹ ਆਪ ਨੇ ਕਿਰਤ ਦੀ ਮਹਾਨਤਾ ਦੱਸਣ ਵਾਸਤੇ, ਕਿਸੇ ਰਾਜੇ ਰਾਣੇ ਕੋਲ ਨਹੀਂ ਗਏ। ਕਿਸੇ ਵੱਡੇ ਪੰਡਤ ਕੋਲ ਨਹੀਂ ਗਏ। ਕਿਸੇ ਸੰਤ ਕੋਲ ਨਹੀਂ ਗਏ। ਉਹ ਗਏ ਕਿੱਥੇ ਜਿਥੇ ਇਕ ਬੰਦਾ ਕਿਰਤ ਕਰ ਰਿਹਾ ਸੀ। ਲੱਕੜੀ ਦਾ, ਮੰਜੇ ਬਣਾਉਣੇ, ਕੋਈ ਹੋਰ ਚੀਜ਼ਾਂ ਬਣਾਣੀਆਂ। ਭਾਈ ਲਾਲੋ ਦੇ ਪਾਸ ਗਏ। ਕਿਰਤ ਦੀ ਮਹਾਨਤਾ ਗੁਰੂ ਨਾਨਕ ਪਾਤਸ਼ਾਹ ਨੇ ਦੱਸੀ। ਸੋ ਇਹ ਤਾਂ ਸਾਰੀ ਦੁਨੀਆਂ ਹੀ ਕਿਰਤ ਕਰ ਰਹੀ ਹੈ। ਸਾਡੇ ਭਾਰਤ 'ਚ ਆ ਕੇ ਦੇਖੋ, ਲੋਕੀ ਬਹੁਤ ਘੱਟ ਕੰਮ ਕਰਦੇ ਨੇ। ਦਫਤਰਾਂ 'ਚ ਚਲੇ ਜਾਓ ਬਹੁਤ ਘੱਟ ਕੰਮ ਕਰਦੇ ਨੇ। ਕਿਰਤ ਦੀ ਮਹਾਨਤਾ ਨਹੀਂ ਹੈ, ਸੁੱਚ ਨਹੀਂ ਹੈ ਮਨ ਦੇ ਅੰਦਰ। ਸੋ ਨਾਮ ਜਪਣਾ, ਨਾਮ ਦਾ ਸਾਨੂੰ ਪਤਾ ਹੀ ਨਹੀਂ ਕਿ ਨਾਮ ਕਿਵੇਂ ਜਪੀਏ। ਉਹ ਤਿੰਨੋ ਸਿਧਾਂਤ ਜਿਹੜੇ ਨੇ ਉਹ ਨਾਮ ਦੇ ਹੀ ਰਹਿ ਗਏ – 'ਗੁਰਮੁਖ ਨਾਮ ਦਾਨ ਇਸ਼ਨਾਨ।' ਸਾਨੂੰ ਇਹ ਨਹੀਂ ਪਤਾ ਕਿ ਅਸੀਂ ਪਹੁੰਚਣਾ ਕਿਥੇ ਹੈ? ਸਾਡਾ ਅਸਲੀ ਨਿਸ਼ਾਨਾ ਕੀ ਹੈ? ਗੁਰੂ ਮਹਾਰਾਜ ਕਹਿੰਦੇ –

***ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥***
***ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥***
***ਅੰਗ - 846***

ਸਾਡਾ ਨਿਸ਼ਾਨਾ ਜਿਹੜਾ ਹੈ ਉਹ ਇਹ ਹੈ ਕਿ ਅਸੀਂ ਮਾਇਆ ਦੇ ਛੌੜ ਕੱਟ ਕੇ, ਭਰਮ ਕੱਟ ਕੇ, ਸਹੀ ਸੁਰਤ ਦੇ ਵਿਚ ਅਸੀਂ ਨਿਵਾਸ ਕਰਨਾ ਹੈ। ਗੁਰੂ ਨਾਨਕ ਸਾਹਿਬ ਕਹਿੰਦੇ ਨੇ, –

***ਭੋਲਿਆ ਹਉਮੈ ਸੁਰਤਿ ਵਿਸਾਰਿ॥*** ***ਅੰਗ - 1168***

ਤੇਰੀ ਸੁਰਤ ਹਉਮੈ ਵਾਲੀ ਹੈ, ਤੂੰ ਕਹਿੰਦਾ ਹੈਂ, ਮੇਰਾ ਪੁੱਤਰ, ਮੇਰੀ ਧੀ, ਮੇਰਾ ਘਰ, ਮੇਰਾ ਕਾਰੋਬਾਰ, ਤੂੰ ਤਾਂ ਹਉਮੈ ਦੀ ਸੁਰਤਿ ਨਾਲ ਘਿਰ ਗਿਆ। ਇਹਦੇ ਵਿਚੋਂ ਨਿਕਲ, ਹਉਮੈ ਦੀ ਸੁਰਤ 'ਚੋਂ ਨਿਕਲ ਕੇ, ਉਨਮਨੀ ਸੁਰਤ ਵਿਚ ਜਾਹ। ਉਥੇ ਦੇਖ ਸੰਸਾਰ ਦਾ ਵਰਤਾਰਾ ਕੀ ਹੈ –

***ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ***
***ਹਰਿ ਬਿਨੁ ਅਵਰੁ ਨ ਦੇਖਹੁ ਕੋਈ॥***
***ਹਰਿ ਬਿਨੁ ਅਵਰੁ ਨ ਦੇਖਹੁ ਕੋਈ ਨਦਰੀ ਹਰਿ ਨਿਹਾਲਿਆ॥***
***ਏਹੁ ਵਿਸੁ ਸੰਸਾਰੁ ਤੁਮ ਦੇਖਦੇ***
***ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ॥***
***ਅੰਗ - 922***

ਇਥੇ ਸਾਡੀ ਮੇਰੀ ਤੇਰੀ ਨਹੀਂ ਹਟਦੀ। ਹਉਮੈ ਦੇ ਚੱਕਰ 'ਚ ਪਿਆ ਹੋਇਆ ਹੈ। ਸੋ ਹਉਮੈ ਜਾਂਦੀ ਨਹੀਂ ਹੈ। ਗੁਰੂ ਨਾਨਕ ਪਾਤਸ਼ਾਹ ਤੇ ਸਵਾਲ ਹੋਇਆ ਕਿ ਫੇਰ ਇਹ (realize) ਕਿਵੇਂ ਕਰੇ? ਮਹਾਰਾਜ ਕਹਿੰਦੇ, ਨਾ ਤਾਂ ਇਹਦੀ ਸੋਚ ਖਰਾਬ ਹੋਵੇ, ਸੋਝੀ ਹੈ ਫਿਲਾਸਫੀ, ਉਹ ਬੁੱਧੀ ਮੰਡਲ ਤੋਂ ਅੱਗੇ ਨਹੀਂ ਲੰਘਦੀ। ਬੁੱਧੀ ਮੰਡਲ ਸੀਮਾ ਦੇ ਵਿਚ ਹੈ। ਉਹ ਪ੍ਰਕ੍ਰਿਤੀ ਦੀ ਆਖਰੀ ਹੱਦ ਬੁੱਧੀ ਮੰਡਲ ਪਾਰ ਨਹੀਂ ਕਰ ਸਕਦੀ। ਫੇਰ ਸਮਾਧੀਆਂ ਲਾ ਲਓ ਜਿੰਨੀਆਂ ਲਾਉਣੀਆਂ ਨੇ। ਫੁਰਨਾ ਨਹੀਂ ਮਰ ਸਕਦਾ, ਮਨ ਨਹੀਂ ਕਦੇ ਮਰਿਆ ਕਰਦਾ, ਚਾਹੇ ਪੰਜ ਹਜ਼ਾਰ ਸਾਲ ਦੀ ਸਮਾਧੀ ਲਾ ਲਓ।

ਗੁਰੂ ਮਹਾਰਾਜ ਜਦੋਂ ਅੰਮ੍ਰਿਤਸਰ ਦੀ ਸੇਵਾ ਕਰਾ ਰਹੇ ਨੇ। ਤ੍ਰੇਤੇ ਯੁੱਗ ਦਾ ਉਹਦੇ ਵਿਚੋਂ ਜੋਗੀ ਨਿਕਲਿਆ। ਗੁਰੂ ਦਸਵੇਂ ਪਾਤਸ਼ਾਹ ਜਦੋਂ ਜੋਗੀਪੁਰ ਗਏ, ਉਥੇ ਮਹਾਰਾਜ ਨੇ ਦੱਸਿਆ ਕਿ ਪੰਜ ਹਜ਼ਾਰ ਇਕ ਸੌ ਤੇਰ੍ਹਾਂ ਸਾਲ ਉਮਰ ਹੈ ਇਹਦੀ। ਉਹਨੂੰ ਲੱਭਿਆ ਹੀ ਕੁਛ ਨਹੀਂ। ਨਹੀਂ ਤਾਂ ਫੇਰ ਐਨੀ ਸਮਾਧੀ ਤੋਂ ਬਾਅਦ ਅਨੁਭਵ ਹੋ ਜਾਣਾ ਚਾਹੀਦਾ ਸੀ। ਮਹਾਰਾਜ ਕਹਿੰਦੇ ਜੇ ਭੁੱਖ ਉਤਾਰਨ ਵਾਸਤੇ ਭੋਗਾਂ ਦੀ ਫਿਲਾਸਫੀ ਕਰੋ, ਕਹਿੰਦੇ ਇਹਦੇ ਨਾਲ ਵੀ ਭੁੱਖ ਨਹੀਂ ਉਤਰਦੀ। ਜਿੰਨੀਆਂ ਅੱਗ ਦੇ ਵਿਚ ਲੱਕੜਾਂ ਪਾਓਂਗੇ ਓਨੀ ਵਧੇਗੀ।

ਸਵਾਲ ਹੋਇਆ ਕਿ ਹੇ ਨਾਨਕ! ਲੰਘਣ ਦਾ ਰਸਤਾ ਨਾਨਕ ਤੂੰ ਕੀ ਸੋਚਿਆ? ਤੂੰ ਦੁਨੀਆਂ ਨੂੰ ਕੀ ਦੇ ਰਿਹਾ ਹੈਂ।

***ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥***
***ਅੰਗ - 1***

ਮਹਾਰਾਜ ਕਹਿੰਦੇ, ਸਚਿਆਰ ਹੋਣ ਵਾਸਤੇ –

***ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥***
***ਅੰਗ - 1***

ਇਹ ਸਾਰੀ ਕ੍ਰਿਆ ਜਿੰਨੀ ਸੰਸਾਰ ਦੀ ਹੋ ਰਹੀ ਹੈ, ਹੁਕਮ ਦੇ ਅਧੀਨ ਹੋ ਰਹੀ ਹੈ। ਉਹਦੀ ਰਜ਼ਾ ਦੇ ਅਧੀਨ ਹੋ ਰਹੀ ਹੈ। ਤੂੰ ਇਹਦੇ ਵਿਚੋਂ ਆਪਣਾ ਆਪ ਕੱਢ ਲੈ। ਹੁਕਮੀ ਬੰਦਾ ਹੋ ਜਾ। ਜਿਥੇ ਤੈਨੂੰ ਲਿਜਾਦਾਂ ਹੈ, ਜਿਥੇ ਭੇਜਦਾ ਹੈ, ਜੋ ਕੰਮ ਕਰਾਉਣਾ ਚਾਹੁੰਦਾ ਹੈ ਕਰੀ ਜਾਹ, ਆਪਣੀ ਮੈਂ ਨਾ ਵਿਚ ਧਾਰ। ਹੁਣ ਇਹ ਤਾਂ ਮਹਾਰਾਜ ਨੇ ਕਹਿ ਦਿਤਾ, ਅੱਗੇ ਇਲਾਜ ਦੱਸਿਆ ਹੈ ਕਿ ਇਹ ਗੱਲ ਐਨੀ ਸੁਖਾਲੀ ਨਹੀਂ। ਇਹ ਨਾ ਕਿਤਾਬਾਂ ਪੜ੍ਹਿਆਂ ਤੇ ਜਾਵੇ, ਨਾ ਤੀਰਥ ਯਾਤਰਾ ਕੀਤੇ ਤੇ ਜਾਵੇ। ਇਹਦਾ ਇਕੋ ਹੀ ਇਲਾਜ ਹੈ ਕਿ ਸੰਸਾਰ ਵਿਚ ਜੋ ਨਾਮ ਸ਼ਕਤੀ ਹੈ, ਜਦੋਂ ਤੱਕ ਉਹ ਤੁਹਾਡੇ ਅੰਦਰ ਪ੍ਰਗਟ ਨਹੀਂ ਹੁੰਦੀ, ਓਨੀ ਦੇਰ ਤੱਕ ਹਉਮੈ ਦਾ ਨਾਸ਼ ਨਹੀਂ ਹੁੰਦਾ ਕਿਉਂਕਿ ਦੋਹਾਂ ਦਾ ਵਿਰੋਧ ਪਿਆ ਹੋਇਆ ਹੈ –

*ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ॥*
*ਅੰਗ - 560*

ਹੁਣ ਨਾਮ ਤੈਨੂੰ ਕਿਥੋਂ ਮਿਲੇਗਾ? ਨਾਮ ਸ਼ਕਤੀ ਤੇਰੇ ਅੰਦਰ ਪ੍ਰਗਟ ਕਿਵੇਂ ਹੋਵੇਗੀ? ਸਭ ਨੂੰ ਪਤਾ ਹੈ ਕਿ ਧਰਤੀ ਦੇ ਵਿਚ ਪਾਣੀ ਹੈ, ਲੇਕਿਨ ਉਹ ਪਤੇ ਦਾ ਕੀ ਕਰੇਗਾ, ਚਾਹੇ ਦੋ ਫੁੱਟ ਗਹਿਰਾ ਹੈ, ਪਿਆਸ ਹੁਣ ਲੱਗੀ ਹੋਈ ਹੈ, ਪਾਣੀ ਕਿਥੋਂ ਆ ਜਾਏਗਾ, ਜੇ ਸਾਨੂੰ ਪਤਾ ਹੋਇਆ। ਉਹਦੇ ਵਾਸਤੇ ਹਿੰਮਤ ਕਰਨੀ ਪੈਂਦੀ ਹੈ। ਬੋਰ ਕੀਤਾ, ਉਹਦੇ ਵਿਚ ਬੋਰ ਪਾਇਆ, ਨਾਲੀਆਂ ਪਾਈਆਂ ਤੇ ਹੇਠਾਂ ਫਿਲਟਰ ਪਾਇਆ, ਉਸ ਤੋਂ ਬਾਅਦ ਮੋਟਰ ਫਿੱਟ ਕਰੀ, ਕਰੰਟ ਦਿਤੀ, ਬਟਨ ਦੱਬਿਆ, ਪਾਣੀ ਆਇਆ ਨਹੀਂ। ਕਿਉਂ ਨਹੀਂ ਆਇਆ? ਕਿਉਂਕਿ ਵਿਚ ਗੈਪ ਪਿਆ ਹੋਇਆ ਹੈ। ਉਤੋਂ ਪਾਣੀ ਪਾਇਆ ਉਹ ਪਾਣੀ ਜਦੋਂ ਹੇਠਲੇ ਪਾਣੀ ਨਾਲ ਰਲ ਗਿਆ। ਹਵਾ ਨਿਕਲ ਕੇ ਮੁੜ ਕੇ ਫੇਰ ਬਟਨ ਦੱਬੋ ਪਾਣੀ ਆ ਜਾਏਗਾ। ਇਸੇ ਤਰ੍ਹਾਂ ਨਾਮ ਸਾਡੇ ਅੰਦਰ ਪਿਆ ਹੈ –

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ॥*
*ਸੁੰਨ ਸਮਾਧਿ ਅਨਹਤ ਤਹ ਨਾਦ॥*
*ਕਹਨੁ ਨ ਜਾਈ ਅਚਰਜ ਬਿਸਮਾਦ॥ ਅੰਗ - 293*

ਲੇਕਿਨ ਉਹ ਨਾਮ ਪ੍ਰਗਟ ਕਿਵੇਂ ਹੋਵੇ? ਨਾਮ ਦਾਰੂ ਸਾਡੇ ਹੱਥ ਵਿਚ ਕਿਵੇਂ ਆਵੇ? ਗੁਰੂ ਮਹਾਰਾਜ ਦਸਦੇ ਨੇ ਕਿ –

*ਹਰਿ ਅਉਖਧੁ ਸਭ ਘਟ ਹੈ ਭਾਈ॥*
*ਗੁਰ ਪੂਰੇ ਬਿਨੁ ਬਿਧਿ ਨ ਬਨਾਈ॥*
*ਗੁਰਿ ਪੂਰੈ ਸੰਜਮੁ ਕਰਿ ਦੀਆ॥*
*ਨਾਨਕ ਤਉ ਫਿਰਿ ਦੂਖ ਨ ਥੀਆ॥ ਅੰਗ - 259*

ਮਹਾਰਾਜ ਕਹਿੰਦੇ ਇਹ ਜਿਹੜਾ ਨਾਮ ਹੈ ਜਿੰਨਾ ਚਿਰ ਤਕ ਤੂੰ ਸਮਰੱਥ ਗੁਰੂ ਦੀ ਸ਼ਰਨ ਕਬੂਲ ਨਹੀਂ ਕਰਦਾ। ਓਨੀਂ ਦੇਰ ਤੱਕ ਤੈਨੂੰ ਨਾਮ ਦੀ ਸੋਝੀ ਨਹੀਂ ਆਉਣੀ ਤੇ ਨਾ ਤੈਨੂੰ ਨਾਮ ਜਪਣ ਦਾ ਤਰੀਕਾ ਆਉਣਾ ਹੈ। ਨਾਮ ਪ੍ਰਗਟ ਮੈਂ ਕਿਵੇਂ ਕਰਾਂ? ਸਾਡੇ ਜੋ ਦਸ਼ਮੇਸ਼ ਪਿਤਾ ਨੇ ਸਾਨੂੰ ਰਸਤੇ ਪਾਇਆ ਹੈ ਉਹ ਇਹ ਕਿ ਪਿਆਰਿਓ, ਗੁਰੂ ਧਾਰਨ ਕਰੋ। ਗੁਰੂ ਤਾਂ ਗੁਰੂ ਗ੍ਰੰਥ ਸਾਹਿਬ ਹੈ ਤੁਸੀਂ ਕਹਿੰਦੇ ਓਂ। ਜਦੋਂ ਤਕ ਤੁਸੀਂ ਮੰਤਰ ਨਹੀਂ ਲੈਂਦੇ ਤੁਹਾਡਾ ਸਬੰਧ ਕਿਵੇਂ ਜੁੜ ਗਿਆ। ਕਿਸੇ ਨੇ ਰਾਧਾ ਸਵਾਮੀ ਬਣਨਾ ਹੋਵੇ, ਰਾਧਾ ਸਵਾਮੀ ਮੰਤਰ ਲੈਣਾ ਪੈਂਦਾ ਹੈ। ਕਿਸੇ ਗੁਰੂ ਕੋਲ ਜਾਓ। ਕਹਿੰਦੇ ਨੇ ਜੀ ਮੇਰਾ ਗੁਰੂ ਤਾਂ ਫਲਾਣਾ ਹੈ। ਅਸੀਂ ਮੱਥੇ ਟੇਕ ਕੇ ਨਹੀਂ ਬਣ ਸਕਦੇ, ਜਦੋਂ ਤਕ ਅਸੀਂ ਗੁਰੂ ਦਾ ਮੰਤਰ ਸਹੀ ਤਰੀਕੇ ਦੇ ਨਾਲ ਨਹੀਂ ਲੈਂਦੇ। ਅਸੀਂ ਆਪਣੇ ਆਪ ਨੂੰ ਉਸ ਪ੍ਰਮੇਸ਼ਰ ਨਾਲ ਜੋੜ ਨਹੀਂ ਸਕਦੇ। ਸਾਡੀ ਸ਼ਕਲ ਜ਼ਰੂਰ ਸਿੱਖਾਂ ਵਾਲੀ ਹੈ। ਆਪੇ ਹੀ ਅਸੀਂ ਕਹੀ ਜਾਂਦੇ ਹਾਂ ਕਿ ਸਾਡੇ ਗੁਰੂ ਨੇ। ਗੁਰੂ ਕੋਲ ਜੋ ਚੀਜ਼ ਹੈ ਉਹ ਤਾਂ ਧਾਰਨ ਕਰੀ ਨਹੀਂ।

*ਸਤਿਗੁਰ ਸੇਵੈ ਲਗਿਆ ਕਢਿ ਰਤਨੁ ਦੇਵੈ ਪਰਗਾਸਿ॥*
*ਧੰਨੁ ਵਡਭਾਗੀ ਵਡ ਭਾਗੀਆ ਜੋ ਆਇ ਮਿਲੇ ਗੁਰ ਪਾਸਿ॥*
*ਅੰਗ - 40*

ਸਾਡਾ ਜੋ ਤਰੀਕਾ ਹੈ ਉਹ ਇਹ ਹੈ ਕਿ ਸਾਨੂੰ ਪੰਜ ਪਿਆਰਿਆਂ ਦੇ ਪੇਸ਼ ਹੋਣਾ ਪੈਂਦਾ ਹੈ। ਉਸ ਵੇਲੇ ਉਹ ਪਾਹੁਲ ਪਿਲਾਉਂਦੇ ਨੇ ਜਿਹਨੂੰ ਅਸੀਂ ਅੰਮ੍ਰਿਤ ਕਹਿੰਦੇ ਹਾਂ। ਉਹ ਅੰਮ੍ਰਿਤ ਛਕਾਉਂਦੇ ਨੇ ਤੇ ਫੇਰ ਦਸਦੇ ਨੇ ਕਿ ਅਸੀਂ ਤੈਨੂੰ ਮੰਤਰ ਦਿੰਦੇ ਹਾਂ, ਇਹਦੇ ਨਾਲ ਤੇਰੇ ਅੰਦਰੋਂ ਨਾਮ ਪ੍ਰਗਟ ਹੋ ਜਾਵੇਗਾ। ਉਹ ਵਾਹਿਗੁਰੂ ਮੰਤਰ ਦਿੰਦੇ ਨੇ। ਵਾਹਿਗੁਰੂ ਮੰਤਰ ਦਾ ਅਭਿਆਸ ਬਾਰ-ਬਾਰ ਕਰਦੇ ਹਾਂ। ਉਹਦੇ ਵਿਚ ਸਾਨੂੰ ਅੜਿੱਕੇ ਲਗਦੇ ਨੇ, ਉਹ ਸਿਰੇ ਨਹੀਂ ਪਹੁੰਚਦਾ, ਪਤਾ ਨਹੀਂ ਲਗਦਾ, ਉਹਦੀਆਂ ਰਹਿਤਾਂ ਹੁੰਦੀਆਂ ਨੇ। ਜਿੰਨੀ ਦੇਰ ਤਕ ਅਸੀਂ ਰਹਿਤਾਂ ਨਹੀਂ ਰਖਦੇ, ਜਿਹਦੇ ਨਾਲ ਨਾਮ ਪ੍ਰਫੁੱਲਤ ਹੋਵੇ, ਨਹੀਂ ਨਾਮ ਫਲਿਆ ਕਰਦਾ। ਸੋ ਇਸ ਕਰਕੇ ਸਾਡੇ ਇਹ ਹੈ ਕਿ ਫੇਰ ਉਹ ਮੰਤਰ ਦੇ ਨਾਲ ਅਸੀਂ ਅੰਦਰ ਦਾਖਲ ਹੁੰਦੇ ਹਾਂ। ਅੰਦਰ ਵਾਹਿਗੁਰੂ ਜੀ ਬੈਠੇ ਨੇ, ਅੰਦਰ ਨਾਮ ਹੈ।

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ॥ ਅੰਗ - 293*

ਅੰਦਰ ਪ੍ਰਮੇਸ਼ਰ ਦਾ ਸਥਾਨ ਹੈ –

*ਕਾਇਆ ਨਗਰੁ ਨਗਰ ਗੜ ਅੰਦਰਿ॥*
*ਸਾਚਾ ਵਾਸਾ ਪੁਰਿ ਗਗਨੰਦਰਿ॥*
*ਅਸਥਿਰੁ ਥਾਨੁ ਸਦਾ ਨਿਰਮਾਇਲੁ ਆਪੇ ਆਪੁ ਉਪਾਇਦਾ॥*
*ਅੰਦਰਿ ਕੋਟ ਛਜੇ ਹਟਨਾਲੇ॥*
*ਆਪੇ ਲੇਵੈ ਵਸਤੁ ਸਮਾਲੇ॥*

***ਬਜਰ ਕਪਾਟ ਜੜੇ ਜੜਿ ਜਾਣੈ ਗੁਰ ਸਬਦੀ ਖੋਲਾਇਦਾ॥***
***ਅੰਗ - 1033***

ਜੋ ਸਾਨੂੰ ਸ਼ਬਦ ਮਿਲਿਆ ਹੈ ਉਹਦੇ ਨਾਲ ਅੰਦਰਲਾ ਜਿਹੜਾ ਬਜਰ ਕਪਾਟ ਹੈ ਉਹ ਖੁਲ੍ਹ ਜਾਇਆ ਕਰਦਾ ਹੈ। ਇਸ ਤੋਂ ਬਾਅਦ ਜਦੋਂ ਹੋਰ ਤਰੱਕੀ ਕਰੀ -

***ਭੀਤਰਿ ਕੋਟ ਗੁਫਾ ਘਰ ਜਾਈ॥***
***ਨਉ ਘਰ ਥਾਪੇ ਹੁਕਮਿ ਰਜਾਈ॥ ਅੰਗ - 1033***

ਹੁਣ ਅੱਖਾਂ ਆਪਣੇ ਆਪ ਨਹੀਂ ਦੇਖਦੀਆਂ, ਹੁਕਮ ਵਿਚ ਆ ਗਈਆਂ। ਕੰਨ ਨਿੰਦਿਆ ਨਹੀਂ ਸੁਣਦੇ, ਚੁਗਲੀਆਂ ਨਹੀਂ ਸੁਣਦੇ, ਨਾਮ ਦੀ ਧੁਨ ਸੁਣਦੇ ਨੇ। ਰਸਨਾ ਜਿਹੜੀ ਹੈ ਇਹ ਮੀਟ, ਮਾਸ, ਮੱਛੀਆਂ ਨਹੀਂ ਖਾਂਦੀ, ਨਾਮ ਦਾ ਰਸ ਇਹਨੂੰ ਚੜ੍ਹਦਾ ਹੈ, ਤੇ ਅੰਦਰੋਂ ਰਸ ਦੀ ਪ੍ਰਾਪਤੀ ਕਰਦਾ ਹੈ। ਜਿਹੜੀ ਇਹਦੀ ਰਸ ਮਾਨਣ ਦੀ ਭੁੱਖ ਸੀ ਉਹ ਖਤਮ ਹੋ ਗਈ। ਕੰਨਾਂ ਨੂੰ ਬਾਹਰੋਂ ਸੁਣਨ ਦੀ ਲੋੜ ਨਹੀਂ, ਕੰਨਾਂ ਦੇ ਅੰਦਰ ਐਸਾ ਨਾਦ ਹੋ ਗਿਆ, ਜਿਹੜਾ ਇਸਨੂੰ ਹਰ ਵਕਤ ਮਸਤ ਰਖਦਾ ਹੈ। ਕਹਿੰਦੇ -

***ਨਉ ਘਰ ਥਾਪੇ ਹੁਕਮਿ ਰਜਾਈ॥***
***ਦਸਵੈ ਪੁਰਖੁ ਅਲੇਖੁ ਅਪਾਰੀ ਆਪੇ ਅਲਖੁ ਲਖਾਇਦਾ॥***
***ਅੰਗ - 1033***

ਆਪਣੇ ਆਪ ਹੀ ਆਪਣੀ ਖੋਜ ਕਰੋ। ਆਪੇ ਪਤਾ ਲਗ ਜਾਏਗਾ ਕਿ ਮੈਂ ਕੀ ਹਾਂ। ਐਨਾ ਤਾਂ ਮਨ ਲਓ ਸਾਧਸੰਗਤ ਜੀ, ਅਸੀਂ ਸਰੀਰ ਨਹੀਂ ਹਾਂ। ਅਸੀਂ ਇਹਦੇ ਵਿਚ ਰਹਿਣ ਵਾਲੇ ਜੀਵ ਹਾਂ। ਅਸੀਂ ਜੀਵ ਹਾਂ, ਅਸੀਂ ਆਪਣਾ ਭਲਾ ਕਿਵੇਂ ਕਰਾਉਣਾ ਹੈ? ਮਹਾਰਾਜ ਕਹਿੰਦੇ ਨਾਮ ਤੋਂ ਬਗੈਰ ਨਹੀਂ ਹੁੰਦਾ। ਬਾਕੀ ਜਿਹੜੇ ਸਾਧਨ ਸੀ ਪਹਿਲੇ ਸਮਿਆਂ ਦੇ ਉਹ ਖਤਮ ਹੋ ਗਏ, ਉਨ੍ਹਾਂ ਦੀ ਕੋਈ ਕੀਮਤ ਨਹੀਂ ਰਹੀ। ਸਤਿਜੁਗ ਦੇ ਅੰਦਰ ਦੱਸ ਹਜ਼ਾਰ ਸਾਲ ਤਪਸਿਆ ਕਰੇ, ਤ੍ਰੇਤੇ ਜੁਗ ਦੀ ਹਜ਼ਾਰ ਸਾਲ ਦੀ ਤਪਸਿਆ ਦੇ ਬਰਾਬਰ ਹੁੰਦੀ ਹੈ। ਸੌ ਸਾਲ ਦੀ ਤਪਸਿਆ ਦੁਆਪਰ ਦੇ ਵਿਚ, ਸਤਿਜੁਗ ਦੀ ਦਸ ਹਜ਼ਾਰ ਸਾਲ ਦੀ ਤਪਸਿਆ ਦੇ ਬਰਾਬਰ ਹੁੰਦੀ ਹੈ। ਕਲਜੁਗ ਦੇ ਅੰਦਰ ਕਿੰਨੀ ਰਿਹਾਇਤ ਦੇ ਦਿਤੀ, ਕਿ ਇਥੇ ਭੁਲਾਉਣ ਵਾਲੀਆਂ ਚੀਜ਼ਾਂ ਨੇ। ਟੈਲੀਵੀਜ਼ਨਾਂ ਆ ਗਈਆਂ, ਬੇਅੰਤ ਸਾਹਿਤ ਆ ਗਿਆ, ਪੈਸੇ ਦੇ ਪਿਛੇ ਦੌੜ ਲੱਗੀ ਹੋਈ ਹੈ, ਸਾਡਾ ਉਧਾਰ ਕਿਵੇਂ ਹੋਏਗਾ? ਮਹਾਰਾਜ ਕਹਿੰਦੇ ਪਿਆਰਿਓ, ਬੇ ਦਿਲ ਨਾ ਹੋਵੋ। ਐਸੀ ਚੀਜ਼ ਕਲਜੁਗ ਵਿਚ ਆ ਗਈ -

........ ***ਕਲਿ ਕੇਵਲ ਨਾਮ ਅਧਾਰ॥ ਅੰਗ - 346***

ਇਹਦੇ ਵਿਚ ਨਾਮ ਨੇ ਉਧਾਰ ਕਰਨਾ ਹੈ ਤੇ ਇਕ ਘੜੀ ਦੀ ਕੀਤੀ ਹੋਈ ਸੰਗਤ। ਸਾਢੇ ਚੌਵੀ ਮਿੰਟ ਦੀ, ਦੱਸ ਹਜ਼ਾਰ ਸਾਲ ਦੀ ਤਪਸਿਆ ਦੇ ਬਰਾਬਰ ਹੈ। ਐਵੇਂ ਨਹੀਂ ਤੁਸੀਂ ਬੈਠੇ ਸਤਿਸੰਗ ਕਰ ਰਹੇ, ਬਹੁਤ ਭਾਰਾ ਤੁਸੀਂ ਫਲ ਪ੍ਰਾਪਤ ਕਰ ਰਹੇ ਓਂ।

***ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ॥***
***ਅੰਗ - 546***

ਕਈ ਕਰੋੜ ਜਗਾਂ ਦਾ ਫਲ ਤੁਸੀਂ ਪ੍ਰਾਪਤ ਕਰ ਲਿਆ ਜਿਹਦੇ ਨਾਲ ਅੰਦਰ ਜਾਗ ਪੈਦਾ ਹੁੰਦੀ ਹੈ, ਲੋਚਾ ਲਗਦੀ ਹੈ, ਨਾਮ ਜਪਣ ਦੀ ਰੁਚੀ ਲਗਦੀ ਹੈ, ਗੁਰੂ ਨਾਲ ਸਾਡਾ ਸਬੰਧ ਜੁੜਦਾ ਹੈ।

ਸੋ ਜਦੋਂ ਅਸੀਂ ਇਸ ਤਰ੍ਹਾਂ ਕਰਦੇ ਹਾਂ ਤਾਂ ਅੰਦਰ ਖੁਲ੍ਹਦਾ ਹੈ ਸਾਡਾ। ਅੰਦਰ ਜਿਹੜਾ ਹੈ -

***ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ॥***
***ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ॥***
***ਅੰਗ - 954***

ਗੁਰੂ ਦੇ ਸ਼ਬਦ ਦਾ ਜਾਪ ਕਰਨਾ ਹੈ। ਅਸੀਂ ਰੁਕ ਕਿਥੇ ਗਏ? ਬਜਰ ਕਪਾਟ ਕਿਵੇਂ ਖੁਲ੍ਹਣ। ਪੰਜ ਬਾਣੀਆਂ ਵੀ ਨਹੀਂ ਅਸੀਂ ਪੜ੍ਹਦੇ। ਉਹ ਵੀ ਛੋਟੀਆਂ ਹੀ ਬਣਾ ਦਿਤੀਆਂ। ਦਿਨੋ ਦਿਨ ਕੁਛ ਹੋਰ ਹੀ ਹੁੰਦਾ ਜਾਂਦਾ ਹੈ। ਉਹ ਬਾਣੀਆਂ ਤਾਂ ਝਾੜੂ ਦੇਣ ਵਾਸਤੇ ਨੇ ਤਾਂ ਕਿ ਸਾਡੇ ਖਿਆਲ ਜਿਹੜੇ ਉਲਝੇ ਹੋਏ ਨੇ, ਉਹ ਟਿਕ ਜਾਣ। ਅੰਦਰ ਤਾਂ ਨਾਮ ਤੋਂ ਬਗੈਰ ਨਹੀਂ ਜਾ ਹੁੰਦਾ। ਨਾਮ ਦੀ ਧੁਨ ਸਭ ਦੇ ਅੰਦਰ ਚਲਦੀ ਹੈ। ਉਸ ਧੁਨ ਨੂੰ ਫੜਨਾ ਪੈਣਾ ਹੈ, ਉਸ ਧੁਨ ਦੇ ਨਾਲ ਅੰਦਰ ਚੜ੍ਹਾਈ ਕਰਨੀ ਹੈ। ਜਿਉਂ-ਜਿਉਂ ਚੜ੍ਹਾਈ ਕਰੇਗਾ, ਬਜਰ ਕਪਾਟ ਖੁਲ੍ਹ ਜਾਣਗੇ -

............. ***ਗੁਰ ਸਬਦਿ ਖੁਲੀਜੈ॥ ਅੰਗ - 954***

ਗੁਰੂ ਦੇ ਸ਼ਬਦ ਦੇ ਨਾਲ ਉਹ ਖੁਲ੍ਹ ਜਾਣਗੇ। ਫੇਰ ਐਵੇਂ ਨਹੀਂ ਹੈ ਕਿ ਮਨੋਕਲਪਨਾ ਹੈ। ਇਹ ਸੱਚ ਹੈ।

***ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ॥***
***ਅੰਗ - 954***

ਫੇਰ ਉਥੇ ਅਨੁਭਵ ਦਾ ਪ੍ਰਕਾਸ਼ ਹੈ।

***ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ॥***
***ਸਭ ਮਹਿ ਏਕੁ ਵਰਤਦਾ ਜਿਨਿ ਆਪੇ ਰਚਨ ਰਚਾਈ॥***
***ਅੰਗ - 954***

***ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ॥***
***ਅੰਗ - 947***

ਦਿਸਿਆ ਕੀ? ਸਾਰਿਆਂ ਦੇ ਅੰਦਰ ਵਾਹਿਗੁਰੂ ਹੈ ਜਿਹਨੂੰ ਮੈਂ ਟੋਲ੍ਹਦਾ ਫਿਰਦਾ ਹਾਂ।

ਮਹਾਰਾਜ ਕਹਿੰਦੇ -

***ਅਬ ਕਲੂ ਆਇਓ ਰੇ॥***
***ਇਕੁ ਨਾਮੁ ਬੋਵਹੁ ਬੋਵਹੁ॥***

*ਅਨ ਰੂਤਿ ਨਾਹੀ ਨਾਹੀ॥*
*ਮਤੁ ਭਰਮਿ ਭੂਲਹੁ ਭੂਲਹੁ॥* *ਅੰਗ - 1185*

ਬੜੇ ਪਿਆਰ ਦੇ ਨਾਲ ਸਮਝਾਉਂਦੇ ਨੇ ਕਿ ਬੰਦਗੀ ਕਰੋ, ਨਾਮ ਜਪੋ, ਨਾਮ ਦੇ ਭੇਤਾਂ ਨੂੰ ਜਾਣੋ। ਨਾਮ ਕਿਵੇਂ ਤਰੱਕੀ ਕਰਦਾ ਹੈ, ਨਾਮ ਦੀ ਅਉਧ ਕੀ ਹੁੰਦੀ ਹੈ, ਨਾਮ ਦੀਆਂ ਪ੍ਰਾਪਤੀਆਂ ਕੀ ਹੁੰਦੀਆਂ ਨੇ, ਨਾਮ ਕਰਦਾ ਕੀ ਹੈ?

ਕਹਿੰਦੇ –

*ਅੰਮ੍ਰਿਤੁ ਹਰਿ ਹਰਿ ਨਾਮੁ ਹੈ ਮੇਰੀ ਜਿੰਦੁੜੀਏ*
*ਅੰਮ੍ਰਿਤੁ ਗੁਰਮਤਿ ਪਾਏ ਰਾਮ॥* *ਅੰਗ - 538*

ਗੁਰੂ ਦੀ ਮਤ ਧਾਰ ਕੇ ਨਾਮ ਦੀ ਪ੍ਰਾਪਤੀ ਹੋਣੀ ਹੈ। ਇਹਨੇ ਕਰਨਾ ਕੀ ਹੈ –

*ਹਉਮੈ ਮਾਇਆ ਬਿਖੁ ਹੈ ਮੇਰੀ ਜਿੰਦੁੜੀਏ*
*ਹਰਿ ਅੰਮ੍ਰਿਤਿ ਬਿਖੁ ਲਹਿ ਜਾਏ ਰਾਮ॥* *ਅੰਗ - 538*

ਜਿਹਨੂੰ ਜ਼ਹਿਰ ਚੜ੍ਹੀ ਹੋਵੇ, ਉਹਦੀ ਅਕਲ ਹੀ ਟਿਕਾਣੇ ਨਹੀਂ ਹੁੰਦੀ। ਹੋਸ਼ ਹੀ ਨਹੀਂ ਹੁੰਦੀ। ਮਾਇਆ ਦੀ ਜ਼ਹਿਰ ਚੜ੍ਹ ਗਈ। ਤਿੰਨ ਗੁਣ – ਰਜੋ ਗੁਣ, ਤਮੋ ਗੁਣ, ਸਤੋ ਗੁਣ। ਪ੍ਰਕ੍ਰਿਤੀ ਦੇ ਬੰਦੇ ਦੀ ਹੋਸ਼ ਗਵਾ ਦਿਤੀ। ਇਹ ਤਿੰਨਾਂ ਗੁਣਾਂ 'ਚ ਹੋਇਆ ਕੀ?

*ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ ਸੁਤਿਆ ਰੈਣਿ ਵਿਹਾਣੀ॥*
*ਅੰਗ - 920*

ਸਾਡੀ ਉਮਰ ਲੰਘਦੀ ਚਲੀ ਜਾ ਰਹੀ ਹੈ। ਮਹਾਰਾਜ ਕਹਿੰਦੇ ਭੋਲਿਆ, ਕਦੇ ਤਾਂ ਜਾਗ–

*ਦਿਨ ਤੇ ਪਹਰ ਪਹਰ ਤੇ ਘੜੀਆਂ ਆਵ ਘਟੈ ਤਨੁ ਛੀਜੈ॥*
*ਅੰਗ - 692*

ਇਹ ਤਾਂ ਲੰਘ ਜਾਣਾ ਹੈ ਸਾਰਾ ਸਮਾਂ। ਸਾਡੇ ਅੰਦਰ ਖਿਆਲ ਆਉਂਦਾ ਹੈ ਕਿ ਬੜਾ ਅਫਸੋਸ ਹੋ ਗਿਆ, ਮੇਰੀ ਤਾਂ ਉਮਰ ਲੰਘ ਗਈ। ਮਹਾਰਾਜ ਕਹਿੰਦੇ –

*ਅਜਹੂ ਕਛੁ ਬਿਗਰਿਓ ਨਹੀ ਜੋ ਪ੍ਰਭ ਗੁਨ ਗਾਵੈ॥*
*ਅੰਗ - 726*

ਜੇ ਹੁਣ ਵੀ ਤੈਨੂੰ ਸੋਝੀ ਆ ਜਾਵੇ, ਤਾਂ ਵੀ ਤੇਰਾ ਉਧਾਰ ਹੋ ਸਕਦਾ ਹੈ। ਜਾਂਦੇ-ਜਾਂਦੇ ਜੇ ਥੋੜ੍ਹੇ ਦਿਨ ਵੀ ਰਹਿ ਗਏ। ਤਾਂ ਵੀ ਤੂੰ ਲੰਘ ਸਕਦਾ ਹੈਂ। ਤੂੰ ਕਿਉਂ ਡੋਲਦਾ ਹੈਂ? ਇਕ ਮਹਾਂ ਪਾਪੀ ਦੀ ਗੱਲ ਦਸਦੇ ਹਾਂ ਕਿ –

*ਅਜਾਮਲੁ ਪਾਪੀ ਜਗੁ ਜਾਨੇ ਨਿਮਖ ਮਾਹਿ ਨਿਸਤਾਰਾ॥*
*ਅੰਗ - 632*

ਜੇ ਉਹਦਾ ਨਿਸਤਾਰਾ ਹੋ ਗਿਆ ਤਾਂ ਸਾਡਾ ਕਿਉਂ ਨਹੀਂ ਹੋਏਗਾ। ਉਹਨੇ ਕਰਿਆ ਕੀ, ਕਹਿੰਦੇ –

*ਅਜਾਮਲ ਪ੍ਰੀਤਿ ਪੁਤ੍ਰ ਪ੍ਰਤਿ ਕੀਨੀ ਕਰਿ ਨਾਰਾਇਣ ਬੋਲਾਰੇ॥*
*ਅੰਗ - 981*

ਨਾਰਾਇਣ ਉਹਦਾ ਨਾਉਂ ਸੀ। ਪੁਤਰ ਨੂੰ ਹਾਕ ਮਾਰ ਦਿਤੀ, ਪਤਿਤ ਹੋਇਆ ਹੋਇਆ ਸੀ। ਸੋਝੀ ਆ ਗਈ ਇਕ ਦਮ ਕਿ ਪੁਤਰ ਨੇ ਤਾਂ ਮੇਰੀ ਮਦਦ ਨਹੀਂ ਕਰਨੀ। ਕਿਉਂ ਨਾ ਮੈਂ ਨਾਰਾਇਣ ਨੂੰ ਹਾਕ ਮਾਰਾਂ। ਉਸ ਨਾਰਾਇਣ ਨੂੰ ਹਾਕ ਮਾਰ ਦਿਤੀ, ਇਕੋ ਵਾਰੀ।

*ਮੇਰੇ ਠਾਕੁਰ ਕੈ ਮਨਿ ਭਾਇ ਭਾਵਨੀ ਜਮਕੰਕਰ ਮਾਰਿ ਬਿਦਾਰੇ॥*
*ਅੰਗ - 981*

ਵਾਹਿਗੁਰੂ ਵਰਗਾ ਭੋਲਾ ਨਾ ਕੋਈ ਦੁਨੀਆਂ 'ਚ ਹੈ, ਨਾ ਕੋਈ ਪਿਆਰਾ ਹੈ, ਨਾ ਕੋਈ ਦਿਆਲੂ ਹੈ। ਮਹਾਰਾਜ ਕਹਿੰਦੇ –

*ਸਦਾ ਸਦਾ ਸਦਾ ਦਇਆਲ॥*
*ਸਿਮਰਿ ਸਿਮਰਿ ਨਾਨਕ ਭਏ ਨਿਹਾਲ॥* *ਅੰਗ - 275*

ਤਿੰਨ ਵਾਰੀ ਕਿਹਾ ਹੈ ਕਿ ਉਹ ਪਹਿਲਾਂ ਵੀ ਦਇਆਲ, ਫੇਰ ਵੀ ਦਇਆਲ, ਹੁਣ ਵੀ ਦਇਆਲ। ਉਹਨੂੰ ਪਿਆਰ ਤਾਂ ਕਰ। ਵਾਹਿਗੁਰੂ ਨੂੰ ਭੁੱਖ ਹੈ ਪਿਆਰ ਦੀ। ਤੂੰ ਮੰਗਦਾ ਹੈਂ ਹਰ ਵਕਤ, ਉਹ ਤੈਨੂੰ ਦੇਈ ਜਾਂਦਾ ਹੈ। ਪਰ ਅਫਸੋਸ ਹੈ ਕਿ ਦੁਨੀਆਂ ਦਾਤ ਦੇਣ ਵਾਲੇ ਨਾਲ ਪਿਆਰ ਨਹੀਂ ਕਰਦੀ। ਉਹ ਵਾਹਿਗੁਰੂ ਹਰ ਥਾਂ ਤੇਰੇ ਨਾਲ ਹੈ। ਜਿਧਰ ਵੀ ਜਾਂਦਾ ਹੈ, ਉਹ ਕਦੇ ਵੀ ਦੂਰ ਨਹੀਂ ਜਾਂਦਾ। ਹੁਣ ਇਹ ਹੈ ਕਿ ਨਾਮ ਜਪਣਾ ਹੈ। ਸਾਡਾ ਅੰਦਰ ਇਰਾਦਾ ਹੋ ਗਿਆ ਕਿ ਨਾਮ ਜਪੀਏ, ਵਾਹਿਗੁਰੂ ਮੰਤਰ ਦਾ ਜਾਪ ਕਰੀਏ, ਹੁਣ ਕਹਿੰਦੇ ਹਾਂ ਸਾਡੀ ਸੁਰਤ ਨਹੀਂ ਲਗਦੀ। ਸੁਰਤ ਇਉਂ ਲਗਦੀ? ਕਿਉਂਕਿ ਅਜੇ ਤਕ ਮਨ ਨਹੀਂ ਮੰਨਿਆ ਕਿ ਨਹੀਂ।

*ਮਮਾ ਮਨ ਸਿਉ ਕਾਜੁ ਹੈ ਮਨ ਸਾਧੇ ਸਿਧਿ ਹੋਇ॥*
*ਮਨ ਹੀ ਮਨ ਸਿਉ ਕਹੈ ਕਬੀਰਾ ਮਨ ਸਾ ਮਿਲਿਆ ਨ ਕੋਇ॥*
*ਅੰਗ - 342*

ਮਨ ਨੂੰ ਮਨਾਉਣਾ ਪੈਂਦਾ ਹੈ। ਜਿਹਦਾ ਮਨ ਮੰਨ ਗਿਆ।

*ਮੰਨੈ ਧਰਮ ਸੇਤੀ ਸਨਬੰਧੁ॥* *ਅੰਗ - 3*

ਉਹਦਾ ਧਰਮ ਨਾਲ ਸਰਬੰਧ ਜੁੜ ਜਾਣਾ ਹੈ। ਮਨ ਨੂੰ ਸਮਝਾਓ, ਮਨ ਨੂੰ ਮਨਾਓ। ਇਹਦੇ ਨਾਲ ਕਰੋ ਘੋਲ, ਵਿਚਾਰੋ, ਵਿਚਾਰ ਕੇ ਬਾਣੀ ਦੀ ਰੋਸ਼ਨੀ 'ਚ ਨਾਮ ਜਪਣ ਦਾ ਉਪਰਾਲਾ ਕਰੋ। ਨਾਮ ਜਪਿਆ ਜਾਂਦਾ ਹੈ ਜਦੋਂ ਨਾਮ ਜਪਣ ਵਾਲੇ ਮਿਲਦੇ ਨੇ। ਸੋ ਸਾਧਸੰਗਤ ਜੀ, ਮੈਂ ਜੋ ਬੇਨਤੀ ਕੀਤੀ ਹੈ, ਸਾਰੇ ਸੰਸਾਰ ਦੇ ਪਾਸ ਅਸੀਂ ਕਰਦੇ ਹਾਂ। ਅਸੀਂ ਕਹਿੰਦੇ ਹਾਂ ਕਿ ਪਿਆਰਿਓ, ਆਪਣਾ ਜੀਵਨ ਵਿਚਾਰੋ, ਰੁੜ੍ਹਦਾ ਤੁਰਿਆ ਜਾ ਰਿਹਾ ਹੈ, ਪ੍ਰਚਾਰਕਾਂ ਦਾ ਵੀ, ਦੁਨੀਆਂ ਦਾ ਵੀ, ਪ੍ਰੋਫੈਸਰਾਂ ਦਾ ਵੀ, ਡੀ.ਲਿਟਾਂ ਦਾ ਵੀ। ਕਿਉਂਕਿ ਅੰਦਰ ਖੋਜ ਨਹੀਂ ਕਰੀ। ਅੰਦਰ ਖੋਜੋ, ਅੰਦਰ ਖੋਜ ਕਰਨ ਦੇ ਨਾਲ ਤੱਤ ਦੀ ਪ੍ਰਾਪਤੀ ਹੋ ਜਾਵੇਗੀ। ਗੁਰੂ

ਦੀ ਸਿਫਤ ਇਹ ਹੁੰਦੀ ਹੈ –

*ਘਰ ਮਹਿ ਘਰੁ ਦੇਖਾਇ ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ॥*
*ਅੰਗ - 1291*

ਜਦੋਂ ਦਿਖਾ ਦਿਤਾ ਫੇਰ ਨਿਸ਼ਾਨੀ ਕੀ ਹੁੰਦੀ ਹੈ?

*ਪੰਚ ਸਬਦ ਧੁਨਿਕਾਰ ਧੁਨਿ ਤਹ ਬਾਜੈ ਸਬਦੁ ਨੀਸਾਣੁ॥*
*ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ॥*
*ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤਿ ਸੁਲਤਾਨੁ॥*
*ਅੰਗ - 1291*

ਹੈਰਾਨੁ ਵਿਸਮਾਦੁ ਦੀ ਅਵਸਥਾ ਆ ਗਈ। ਅੰਦਰ ਬੈਠਾ ਹੈ ਗੁਰੂ ਦਿਖਾ ਰਿਹਾ ਹੈ। ਸੋ ਏਸ ਕਰਕੇ ਪਹਿਲਾਂ ਤਾਂ ਇਹ ਇਰਾਦਾ ਹੋਵੇ ਕਿ ਮੈਂ ਏਸੇ ਜਨਮ ਦੇ ਅੰਦਰ ਅੰਦਰ ਜੋ ਬੀਤ ਗਿਆ, ਬੀਤ ਗਿਆ, ਹੁਣ ਮੈਂ ਤਕੜਾ ਹੋ ਕੇ ਜਿਹੜਾ ਕੰਮ ਨਹੀਂ ਕਰਿਆ ਉਹਨੂੰ ਕਰਨਾ ਸ਼ੁਰੂ ਕਰਾਂ। ਇਰਾਦਾ ਕਰ ਲਓ। ਲੇਕਿਨ ਸਵਾਲ ਇਹ ਹੁੰਦਾ ਹੈ, ਮੈਨੂੰ ਇਥੇ ਹੀ ਪੁਛਿਆ ਕਿ ਜੀ ਇਰਾਦਾ ਕਰਕੇ ਭੁੱਲ ਕਿਉਂ ਜਾਂਦੇ ਹਾਂ? ਭੁਲਦੇ ਤਾਂ ਹਾਂ ਸਾਡੇ ਆਲੇ-ਦੁਆਲੇ ਦੇ ਸੰਸਕਾਰ ਇਹੋ ਜਿਹੇ ਨੇ। 'ਆਤਮ ਮਾਰਗ' ਜੋ ਮੈਗਜ਼ੀਨ ਹੈ। ਜੋ ਕੁਛ ਮੈਂ ਬੋਲਿਆ ਹਾਂ, ਇਹਦੇ ਸਾਰੇ ਸ਼ੰਕੇ ਤੇ ਜਵਾਬ ਉਹਦੇ ਵਿਚ ਨੇ। ਦੱਸ-ਦੱਸ ਪੁਸਤਕਾਂ ਇਹਦੇ ਵਿਚੋਂ ਕੱਢੀਆਂ ਨੇ। ਇਕ ਤਾਂ ਹੈ 'ਬਾਤ ਅਗੰਮ ਕੀ' 'ਅਗੰਮ ਅਗੋਚਰ ਦਾ ਮਾਰਗ' 'ਸੁਰਤਿ ਸਬਦਿ ਮਾਰਗ'। 'ਕਿਵ ਕੂੜੈ ਤੁਟੈ ਪਾਲਿ'। ਉਨ੍ਹਾਂ ਨੂੰ ਪੜ੍ਹੋ। ਆਹ ਸ਼ੰਕੇ ਜਿਹੜੇ ਨੇ ਇਨ੍ਹਾਂ ਦਾ ਜਵਾਬ ਦਿਤਾ ਗਿਆ। ਮਹਾਰਾਜ ਦੇ ਮੁਖਾਰਬਿੰਦ ਤੋਂ ਕਿਉਂਕਿ ਉਹ ਜਿਹੜੇ ਬਚਨ ਕਰਦੇ ਸੀ ਉਹ ਨੋਟ ਕੀਤੇ ਹੋਏ ਨੇ। ਉਨ੍ਹਾਂ ਨੇ ਆਪਣੇ ਹੱਥ ਨਾਲ ਤਾਂ ਰਿਕਾਰਡ ਕਰੇ ਨੇ, ਪਰ ਉਹ ਏਨੇ ਸੰਖੇਪ ਨੇ ਜਗਿਆਸੂ ਨੂੰ ਪਤਾ ਨਹੀਂ ਲਗਦਾ। ਸੋ ਸਤਿਸੰਗ ਕਰੋ ਕਿਸੇ ਅਨੁਭੀਵ ਪੁਰਸ਼ ਦੀ ਸਤਿਸੰਗ ਕਰੋ। ਕਿਸੇ ਤਤ ਪੁਸੱਤਕ ਦੀ ਸਤਿਸੰਗ ਕਰੋ। ਉਹਦੇ ਵਾਸਤੇ ਜੋ 'ਆਤਮ ਮਾਰਗ' ਕੱਢਿਆ ਹੈ। ਉਹਦੀਆਂ ਸਾਰੇ ਸੰਸਾਰ 'ਚੋਂ ਸਾਨੂੰ ਚਿੱਠੀਆਂ ਆ ਰਹੀਆਂ ਨੇ ਕਿ ਸਾਨੂੰ ਤਾਂ ਇਹਨੇ ਰਾਹ ਦਿਖਾ ਦਿਤਾ।

ਸੋ ਆਪ ਜੀ ਦੇ ਅੱਗੇ ਜੋ ਬੇਨਤੀ ਕਰਨੀ ਚਾਹੁੰਦਾ ਹਾਂ ਉਹ ਇਹ ਹੈ ਕਿ ਅਮਲੀ ਜੀਵਨ ਵਿਚ ਆਓ। ਥਿਊਰੀ ਸਾਡੇ ਜਿੰਨੀ ਦੁਨੀਆਂ 'ਚ ਕਿਸੇ ਕੋਲ ਨਹੀਂ ਹੈ। ਸਭ ਤੋਂ ਵੱਡੀ ਸਿਧਾਂਤ ਗੁਰੂ ਗ੍ਰੰਥ ਸਾਹਿਬ ਪੜ੍ਹੋ। ਲੇਕਿਨ ਉਹ ਕਰੇਗੀ ਕੀ ਜੇ ਅਸੀਂ ਵਰਤੋ ਵਿਚ ਨਾ ਲਿਆਏ। ਅਮਲ ਨਹੀਂ ਹੈ ਸਾਡੇ ਕੋਲ। ਅਮਲ ਤੋਂ ਅਸੀਂ ਖਾਲੀ ਹਾਂ। ਐਧਰ ਓਧਰ ਗੱਲਾਂ ਮਾਰ ਕੇ ਭੁੱਲ ਜਾਂਦੇ ਹਾਂ, ਕੋਈ ਕਦਮ ਨਹੀਂ ਪੁੱਟ ਰਹੇ। ਉਥੇ ਹੀ ਗੁਰਮੁਖ ਖੜ੍ਹਾ ਹੈ, ਉਥੇ ਹੀ ਮਨਮੁਖ ਖੜ੍ਹਾ ਹੈ। ਦੋਹਾਂ ਨੂੰ ਕੋਈ ਫਰਕ ਨਹੀਂ, ਨਾ ਉਹਨੇ ਕਦਮ ਪੁਟਿਆ ਨਾ ਉਹਨੇ। ਸਾਰੀ ਜ਼ਿੰਦਗੀ ਉਹਦੀ ਲੰਘ ਗਈ, ਸਾਰੀ ਉਹਦੀ ਲੰਘ ਗਈ। ਪਰ ਜਿਹੜੇ ਵਿਦਿਆਰਥੀ ਹੁੰਦੇ ਨੇ, ਉਹ ਪਹਿਲੀ, ਦੂਜੀ, ਤੀਜੀ........ਜਮਾਤਾਂ ਆਪਣੇ ਆਪ ਤਾਂ ਨਹੀਂ ਕਰ ਜਾਂਦੇ। ਇਸੇ ਤਰ੍ਹਾਂ ਸਤਿਸੰਗ ਇਕ ਚਾਟਸਾਲ ਹੈ, ਅਸੀਂ ਆਉਂਦੇ ਹਾਂ ਗੁਰਦੁਆਰੇ ਉਹ ਜਿਹੜਾ ਭਰਮ ਭੁਲੇਖਾ ਲੈ ਕੇ ਕਿ ਜੀ ਸਾਨੂੰ ਫਲ ਮਿਲੇਗਾ। ਐਉਂ ਨਾ ਕਰੋ, ਸੁਚੇਤ ਮਨ ਨਾਲ ਆਓ ਕਿ ਸਾਡਾ ਇਥੇ ਆਉਣ ਦਾ ਕੀ ਫਾਇਦਾ ਹੈ। ਮੇਰੇ ਵਿਚ ਕੋਈ ਫਰਕ ਪਿਆ ਹੈ। ਪਿਛਲੇ ਮਹੀਨੇ ਨਾਲੋਂ ਹੁਣ ਕੋਈ ਫਰਕ ਪਿਆ ਹੈ? ਪਿਛਲੇ ਸਾਲ ਨਾਲੋਂ ਹੁਣ ਕੋਈ ਤਰੱਕੀ ਕਰੀ ਹੈ? ਕਿ ਉਨਾਂ ਹੀ ਮੇਰੇ ਮਨ ਵਿਚ ਲੋਭ ਹੈ, ਨਿੰਦਿਆ ਹੈ, ਚੁਗਲੀ ਹੈ, ਵੈਰ ਹੈ, ਫੇਰ ਤਾਂ ਤਰੱਕੀ ਤੂੰ ਕਰੀ ਨਹੀਂ। ਅੰਤ੍ਰੀਵ ਤੌਰ ਤੇ ਸੁਚੇਤ ਮਨ ਦੇ ਨਾਲ ਜਦੋਂ ਅਸੀਂ ਲੱਗਾਂਗੇ, ਉਸ ਵੇਲੇ ਸਾਧਸੰਗਤ ਜੀ ਸਾਡੀ ਤਰੱਕੀ ਹੋਏਗੀ। ਸਾਨੂੰ ਸਮਝ ਆਏਗੀ। ਜੇ ਭਲਾ ਅਸੀਂ ਨਾ ਲੰਘ ਸਕੇ ਤਾਂ ਗੁਰੂ ਮਹਾਰਾਜ ਦਸਦੇ ਨੇ ਕਿ ਦੁਬਾਰਾ ਇਹ ਜੀਵ ਜਿਹੜਾ ਹੈ ਇਹਨੂੰ ਫਲ ਮਿਲ ਜਾਂਦਾ ਹੈ, ਇਹ ਮੁੜ ਕੇ ਉਥੋਂ ਹੀ ਸ਼ੁਰੂ ਕਰ ਦਿੰਦਾ ਹੈ। ਇਹ ਜ਼ਾਇਆ ਨਹੀਂ ਜਾਂਦਾ। ਇਹਨੂੰ ਯੋਗ ਭਰਿਸ਼ਟ ਕਹਿੰਦੇ ਨੇ। ਚਲਿਆ ਤਾਂ ਰੱਬ ਨੂੰ ਮਿਲਣ ਸੀ ਪਰ ਵਿਚਾਲੇ ਰਹਿ ਗਿਆ। ਹੁਣ ਪ੍ਰਮੇਸ਼ਰ ਦੁਬਾਰਾ ਸਾਧਨ ਬਣਾ ਦਿੰਦਾ ਹੈ ਕਿ ਬਚਪਨ ਤੋਂ ਹੀ ਲਗ ਜਾ। ਸੋ ਏਸ ਕਰਕੇ ਸਾਨੂੰ ਏਸ ਰਸਤੇ ਨੂੰ ਅਪਨਾਉਣਾ ਚਾਹੀਦਾ ਹੈ। ਅਪਣਾਅ ਕੇ ਆਪਣਾ ਅਮਲ ਦੇ ਵਿਚ ਆ ਕੇ ਕਦਮ ਪੁੱਟੋ। ਕਿਉਂਕਿ –

*ਅਬ ਕਲੂ ਆਇਓ ਰੇ॥*
*ਇਕੁ ਨਾਮੁ ਬੋਵਹੁ ਬੋਵਹੁ॥*
*ਅਨ ਰੂਤਿ ਨਾਹੀ ਨਾਹੀ॥*
*ਮਤੁ ਭਰਮਿ ਭੂਲਹੁ ਭੂਲਹੁ॥* *ਅੰਗ - 1185*

ਸੋ ਏਸ ਕਰਕੇ ਜੋ ਮੈਂ ਬੇਨਤੀਆਂ ਕੀਤੀਆਂ ਨੇ, ਸੰਖੇਪ ਰੂਪ ਦੇ ਅੰਦਰ। ਆਪ ਬੜੀ ਸੁਲਝੀ ਹੋਈ ਸੰਗਤ ਹੋ। ਬਹੁਤ ਮਹਾਰਾਜ ਦੀ ਮਿਹਰ ਹੈ ਕਿ ਐਡੀ ਦੂਰ ਬੈਠੇ ਵੀ ਤੁਸੀਂ ਆਪਣੇ ਸਰੂਪ ਨੂੰ ਕਾਇਮ ਰਖ ਰਹੇ ਓ। ਗੁਰੂ ਮਹਾਰਾਜ ਦੀ ਬਾਣੀ ਨੂੰ ਵੀ ਸਰਵਣ ਕਰ ਰਹੇ ਓਂ। ਮੇਰੀ ਐਨੀ ਹੀ ਬੇਨਤੀ ਹੈ ਕਿ ਅੱਗੇ ਵਧੋ, ਇਥੇ ਰੁਕੋ ਨਾ।

***ਵਾਹਿਗੁਰੂ ਜੀ ਕਾ ਖਾਲਸਾ***

***ਵਾਹਿਗੁਰੂ ਜੀ ਕੀ ਫਤਹਿ।***

# ਚਉਥੈ ਪਹਰਿ ਸਬਾਹ ਕੈ

## ਸੁਰਤਿਆ ਉਪਜੈ ਚਾਉ

(ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਦੀ ਸਮਾਪਤੀ ਉਪਰੰਤ ਕੀਤੇ ਬਚਨ)

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂ. ਮਿਸ਼ਨ*

## ਹੁਕਮਨਾਮਾ

*ਬਿਲਾਵਲ ਮਹਲਾ ੫॥*
*ਉਦਮੁ ਕਰਤ ਆਨਦੁ ਭਇਆ ਸਿਮਰਤ ਸੁਖ ਸਾਰੁ॥*
*ਜਪਿ ਜਪਿ ਨਾਮੁ ਗੋਬਿੰਦ ਕਾ ਪੂਰਨ ਬੀਚਾਰੁ॥੧॥*
*ਚਰਨ ਕਮਲ ਗੁਰ ਕੇ ਜਪਤ ਹਰਿ ਜਪਿ ਹਉ ਜੀਵਾ॥*
*ਪਾਰਬ੍ਰਹਮੁ ਆਰਾਧਤੇ ਮੁਖਿ ਅੰਮ੍ਰਿਤੁ ਪੀਵਾ॥੧॥ਰਹਾਉ॥*
*ਜੀਅ ਜੰਤ ਸਭਿ ਸੁਖਿ ਬਸੇ ਸਭ ਕੈ ਮਨਿ ਲੋਚ॥*
*ਪਰਉਪਕਾਰੁ ਨਿਤ ਚਿਤਵਤੇ ਨਾਹੀ ਕਛੁ ਪੋਚ॥੨॥*
*ਧੰਨੁ ਸੁ ਥਾਨੁ ਬਸੰਤ ਧੰਨੁ ਜਹ ਜਪੀਐ ਨਾਮੁ॥*
*ਕਥਾ ਕੀਰਤਨੁ ਹਰਿ ਅਤਿ ਘਨਾ ਸੁਖ ਸਹਜ ਬਿਸ੍ਰਾਮੁ॥੩॥*
*ਮਨ ਤੇ ਕਦੇ ਨ ਵੀਸਰੈ ਅਨਾਥ ਕੋ ਨਾਥ॥*
*ਨਾਨਕ ਪ੍ਰਭ ਸਰਣਾਗਤੀ ਜਾ ਕੈ ਸਭੁ ਕਿਛੁ ਹਾਥ॥੪॥*
*ਅੰਗ - 816*

ਸਾਧ ਸੰਗਤ ਜੀ!

ਵਾਹਿਗੁਰੂ ਜੀ ਕਾ ਖਾਲਸਾ॥

ਵਾਹਿਗੁਰੂ ਜੀ ਕੀ ਫਤਹਿ॥

ਸੁਭਾਗ ਬਣਿਆ, ਹਰੀ ਦਾ ਜਸ ਹੋਇਆ, ਆਪ ਨੇ ਸੁਣਿਆ। ਇਕ ਉਦਮ ਸੀ ਕਿ ਵਾਹਿਗੁਰੂ ਚਿਤ ਆਵੇ, ਸੁਰਤੀ ਓਸ ਨਾਲ ਲੱਗ ਜਾਵੇ। ਸੋ ਮਹਾਰਾਜ ਜੀ ਦਾ ਜੋ ਹੁਕਮ ਆਇਆ, ਕਿ ਜੋ ਅਨਾਥਾਂ ਦਾ ਨਾਥ ਹੈ, ਉਸ ਨੂੰ ਕਦੇ ਵੀ ਭੁੱਲ ਨਾ, ਉਸ ਦੇ ਹੱਥ ਵਿਚ ਹੈ ਸਭ ਕੁਝ ਜੋ ਕੁਝ ਉਸ ਨੇ ਕਰਨਾ ਹੈ –

*ਕਹੁ ਨਾਨਕ ਕਰਤੇ ਕੀਆ ਬਾਤਾ*
*ਜੋ ਕਿਛੁ ਕਰਣਾ ਸੁ ਕਰਿ ਰਹਿਆ॥ ਅੰਗ - 469*

ਸੋ ਇਸ ਸ਼ਬਦ ਦੇ ਅੰਦਰ ਬਹੁਤ ਸਾਰੀਆਂ ਵਿਚਾਰਾਂ ਆਉਂਦੀਆਂ ਹਨ। ਇਕ ਇਹ ਸੀ ਕਿ ਜੀਵਨ ਪ੍ਰਾਪਤ ਹੁੰਦਾ ਹੈ ਜੇ ਨਾਮ ਦੇ ਵਿਚ ਰਹਿਆ ਜਾਵੇ, ਜੇ ਨਾਮ ਤੋਂ ਭੁਲਿਆ ਰਹੇ ਤਾਂ ਅਸੀਂ ਤਾਂ ਕਹਿੰਦੇ ਹਾਂ ਕਿ ਇਹ ਬੰਦਾ ਜੀਉਂਦਾ ਹੈ। ਡਾਕਟਰੀ ਹਿਸਾਬ ਨਾਲ ਤਾਂ ਉਹ ਜੀਅ ਰਿਹਾ ਹੈ, ਦੁਨੀਆਂ ਦੇ ਪੱਖ ਤੋਂ ਜੀਉ ਰਿਹਾ ਹੈ ਲੇਕਿਨ ਜੋ ਰੂਹਾਨੀ ਮੰਡਲ ਹੈ ਉਸ ਪਾਸਿਓਂ ਉਹ ਜੀਵਨ ਨਹੀਂ ਹੈ, ਮ੍ਰਿਤਕ ਹੈ। ਦੋਹਾਂ ਜੀਵਨਾਂ ਦੇ ਵਿਚ ਕੋਈ ਫਰਕ ਹੈ, ਨਹੀਂ ਮਹਾਰਾਜ ਜੀ ਐਸਾ ਫੁਰਮਾਨ ਨਾ ਕਰਦੇ –

*ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ॥*
*ਅੰਗ - 253*

ਇਕ ਆਦਮੀ ਦੇ ਅੰਦਰ ਪੰਜ ਵੱਡੀਆਂ ਸਿਫਤਾਂ ਨੇ। ਅਤੀ ਕਹਿੰਦੇ ਨੇ ਜਿਸ ਤੋਂ ਅੱਗੇ ਕੋਈ ਚੀਜ਼ ਨਾ ਹੋਵੇ। ਉਹ ਸੁੰਦਰ ਹੈ ਹੱਦ ਤੋਂ ਜਿਆਦਾ, ਕੁਲੀਨ ਹੈ, ਚਤੁਰ ਹੈ। ਗੱਲਾਂ ਬਾਤਾਂ ਬਹੁਤ ਜਾਣਦਾ ਹੈ ਤੇ ਮੂੰਹ ਦਾ ਗਿਆਨੀ ਵੀ ਹੈ। ਅਨੁਭਵ ਦਾ ਗਿਆਨੀ ਨਹੀਂ ਹੈ, ਮੂੰਹ ਦਾ ਗਿਆਨੀ ਹੈ। ਮੂੰਹ ਦੇ ਨਾਲ ਵੱਡੇ ਵੱਡੇ ਗਿਆਨ ਕਰ ਸਕਦਾ ਹੈ ਲੇਕਿਨ ਆਪ ਹਨ੍ਹੇਰੇ ਵਿਚ ਹੈ ਫੇਰ ਧਨ ਐਨਾ ਹੈ ਉਸ ਦੇ ਕੋਲ ਕਿ ਸਭ ਤੋਂ ਜਿਆਦਾ ਦੁਨੀਆਂ ਦੇ ਅੰਦਰ। ਇਹ ਇਕ ਜੀਵਨ ਹੈ ਜਿਸ ਨੂੰ ਸਾਰੀ ਦੁਨੀਆਂ ਲੋਚਦੀ ਹੈ। ਧਨ ਨੂੰ ਵੀ ਲੋਚਦੇ ਨੇ, ਚਤੁਰਤਾ ਨੂੰ ਵੀ ਲੋਚਦੇ ਨੇ, ਗਿਆਨ ਵੀ ਲੋਚਦੇ ਨੇ, ਸੁੰਦਰ ਹੋਣਾ ਵੀ ਲੋਚਦੇ ਨੇ, ਉੱਚਾ ਹੋਣਾ ਵੀ ਲੋਚਦੇ ਨੇ। ਬਹੁਤ ਵੱਡੀ ਪ੍ਰਾਪਤੀ ਹੈ ਇਹ ਦੁਨੀਆਂ ਦੇ ਅੰਦਰ, ਸਾਰੀ ਦੁਨੀਆਂ ਏਸ ਚੀਜ਼ ਵਾਸਤੇ ਦੌੜੀ ਫਿਰਦੀ ਹੈ, ਬੜੇ ਔਖੇ ਔਖੇ ਕੰਮ ਕਰਦੇ ਨੇ, ਪਾਣੀ ਦੀ ਤਹਿ ਤੱਕ ਪਹੁੰਚਦੇ ਨੇ, ਧਰਤੀ ਦੇ ਅੰਦਰ ਖਾਨਾਂ ਵਿਚ ਕੰਮ ਕਰਦੇ ਨੇ, ਖਤਰਨਾਕ ਕੰਮ ਕਰਦੇ ਨੇ ਕਿ ਇਹ ਚੀਜ਼ਾਂ ਸਾਨੂੰ ਪ੍ਰਾਪਤ ਹੋ ਜਾਣ। ਮਹਾਰਾਜ ਜੀ ਨੇ ਇਹੋ ਹੀ ਬੁਰਸ਼ ਦੇ ਨਾਲ ਇਕ ਬੰਦੇ ਦੇ ਵਿਚ ਸਾਰੀਆਂ ਹੀ ਚੀਜ਼ਾਂ ਲਿਆ ਦਿੱਤੀਆਂ ਕਿ ਉਹ ਸੁੰਦਰ ਵੀ ਹੱਦ ਤੋਂ ਜਿਆਦਾ ਹੈ, ਚਤੁਰ ਵੀ ਹੱਦ ਤੋਂ ਜ਼ਿਆਦਾ ਹੈ, ਫੇਰ ਕੁਲੀਨ ਵੀ ਹੈ, ਜੋਰ ਵਾਲਾ ਵੀ ਹੱਦ ਤੋਂ ਜ਼ਿਆਦਾ ਹੈ, ਚਤੁਰ ਵੀ ਹੱਦ ਤੋਂ ਜਿਆਦਾ ਹੈ ਫੇਰ ਕੁਲੀਨ ਵੀ ਹੈ, ਜ਼ੋਰ ਵਾਲਾ ਵੀ ਹੈ ਤੇ ਗਿਆਨਵਾਨ ਵੀ ਹੈ ਤੇ ਪੈਸਾ ਵੀ ਉਸ ਦੇ ਕੋਲ ਸਾਰੀ ਦੁਨੀਆਂ ਤੋਂ ਜਿਆਦਾ ਹੈ। ਹੁਣ ਤੁਲਨਾ ਕਰਦੇ ਨੇ ਕਿ ਇਕ ਪਾਸੇ ਤਾਂ ਉਹ ਹੈ ਜਿਸ ਦੇ ਕੋਲ ਐਨਾ ਕੁਝ ਹੈ ਤੇ ਨਾਲ ਉਹ ਜੀਉਂਦਾ ਹੈ, ਸਾਡੀ ਨਿਗ੍ਹਾ ਦੇ ਅੰਦਰ ਜੀਉਂਦਾ ਹੈ।

ਮਹਾਰਾਜ ਕਹਿੰਦੇ ਇਹ ਜਿਹੜੀ ਜਿੰਦਗੀ ਹੈ, ਇਹ ਤਾਂ ਕੁਝ ਵੀ ਨਹੀਂ ਇਹ ਤਾਂ ਬੂਟਿਆਂ ਦੇ ਵਿਚ ਵੀ ਹੈ, ਪਸ਼ੂਆਂ ਦੇ ਅੰਦਰ ਵੀ ਹੈ। ਮਨੁੱਖ ਨੂੰ ਕੋਈ ਹੋਰ ਜਿੰਦਗੀ ਦੀ ਲੋੜ ਹੈ। ਐਨਾ ਕੁਝ ਹੋਣ ਦੇ ਬਾਵਜੂਦ ਮਹਾਰਾਜ ਕਹਿੰਦੇ –

*ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ॥*
*ਅੰਗ - 253*

ਜੇ ਵਾਹਿਗੁਰੂ ਨਾਲ ਪਿਆਰ ਨਹੀਂ ਹੈ, ਅੰਦਰੋਂ ਪਿਆਰ ਦੀ ਰੌਂ ਨਹੀਂ ਚਲਦੀ, ਖਿੱਚ ਨਹੀਂ ਪੈਂਦੀ ਤਾਂ

ਮਾਇਆ ਦਾ ਮਨੂਰ ਕੀਤਾ ਹੋਇਆ ਮਨ ਹੈ ਉਹ, ਜਲਿਆ ਹੋਇਆ ਮਨ –

*ਕੋਇਲੇ ਪਾਪ ਪੜੇ ਤਿਸੁ ਊਪਰਿ*
*ਮਨੁ ਜਲਿਆ ਸੰਨ੍ਹੀ ਚਿੰਤ ਭਈ॥* *ਅੰਗ - 990*

ਜਿਸ ਤਰ੍ਹਾਂ ਸੰਨ੍ਹੀ ਕਦੇ ਗਰਮ ਪਾਣੀ ਵਿਚ, ਕਦੇ ਫੇਰ ਅੱਗ ਵਿਚ, ਕਦੇ ਠੰਢੇ ਪਾਣੀ ਵਿਚ ਤੱਤੀਆਂ ਠੰਢੀਆਂ ਚੀਜ਼ਾਂ ਨੂੰ ਫੜਦੀ ਹੈ। ਹੌਲੀ ਹੌਲੀ ਉਸ ਦੇ ਵਿਚ ਜੋ ਤਾਕਤ ਹੈ ਉਹ ਖਤਮ ਹੋ ਜਾਂਦੀ ਹੈ, ਭੁਰ ਜਾਂਦੀ ਹੈ। ਇਸੇ ਤਰ੍ਹਾਂ ਮਹਾਰਾਜ ਕਹਿੰਦੇ ਇਹ ਜੋ ਜੀਵਨ ਹੈ ਇਕ ਪਾਸੇ ਦਾ ਮਾਇਆ ਵਾਲਾ ਜੀਵਨ, ਮਾਇਆ ਦੀਆਂ ਸਭ ਤੋਂ ਵੱਡੀਆਂ ਪ੍ਰਾਪਤੀਆਂ। ਕਹਿੰਦੇ ਇਹ ਜੀਵਨ ਨਹੀਂ ਹੈ ਇਹ ਤਾਂ ਕੋਈ ਮੁਰਦਾ ਹਾਲਤ ਹੈ। ਮਨੁੱਖ ਦਾ ਜਨਮ ਪਾ ਕੇ ਵੀ ਜੀਵਨ ਇਸ ਨੂੰ ਪ੍ਰਾਪਤ ਨਹੀਂ ਹੋਇਆ। ਸੋ ਉਹ ਜੀਵਨ ਕੋਈ ਹੋਰ ਹੈ ਜਿਸਦੇ ਵੱਲ ਇਸ਼ਾਰਾ ਕਰਦੇ ਨੇ। ਕੋਈ ਬਹੁਤ ਵਧੀਆਂ ਹੋਣੈ। ਕਹਿੰਦੇ ਉਸ ਦੇ ਵਿਚ ਦੁਖ ਮਹਿਸੂਸ ਨਹੀਂ ਹੁੰਦਾ, ਮੰਨਦਾ ਹੀ ਨਹੀਂ –

*ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ॥* *ਅੰਗ - 633*

ਕਦੇ ਦੁਅੰਧ (ਦੁਚਿੱਤੀ) ਅਵਸਥਾ ਵਿਚ ਨਹੀਂ ਆਉਂਦਾ। ਸੋ ਐਸਾ ਜੋ ਜੀਵਨ ਹੈ ਮਹਾਰਾਜ ਉਸ ਨੂੰ ਜੀਵਨ ਆਖਦੇ ਨੇ।

*ਸੋ ਜੀਵਿਆ ਜਿਸੁ ਮਨਿ ਵਸਿਆ ਸੋਇ॥*
*ਨਾਨਕ ਅਵਰੁ ਨ ਜੀਵੈ ਕੋਇ॥*
*ਜੇ ਜੀਵੈ ਪਤਿ ਲਥੀ ਜਾਇ॥*
*ਸਭੁ ਹਰਾਮੁ ਜੇਤਾ ਕਿਛੁ ਖਾਇ॥* *ਅੰਗ - 142*

ਜਿੰਨਾ ਖਾ ਰਿਹਾ ਹੈ ਵਾਹਿਗੁਰੂ ਜੀ ਦਾ ਦਿੱਤਾ ਹੋਇਆ ਤੇ ਉਸ ਦੇ ਨਾਲ ਪਿਆਰ ਨਹੀਂ, ਕਹਿੰਦੇ 'ਹਰਾਮ' ਖਾ ਰਿਹਾ ਹੈ ਉਹ, ਹਲਾਲ ਨਹੀਂ ਹੈ, ਉਹ ਹਰਾਮ ਹੈ, ਹੱਕ ਨਹੀਂ ਹੈ ਬੇਹੱਕ ਹੈ, ਮੁਰਦਾਰ ਖਾ ਰਿਹਾ ਹੈ।

ਸੋ ਉਸ ਦੇ ਬਾਰੇ ਮਹਾਰਾਜ ਜੀ ਫੁਰਮਾਨ ਕਰਦੇ ਨੇ ਕਿ ਉਹ ਜੀਵਨ ਉਦਮ ਕਰਕੇ ਅਨੰਦ ਦੀ ਪ੍ਰਾਪਤੀ ਹੁੰਦੀ ਹੈ ਤੇ ਸਿਮਰਨ ਦੇ ਨਾਲ ਸੁੱਖਾਂ ਦਾ ਸਾਰ ਪ੍ਰਾਪਤ ਹੋ ਜਾਂਦਾ ਹੈ ਤੇ ਨਾਮ ਜੱਪਣ ਦੇ ਨਾਲ, ਜਦੋਂ ਨਾਮ ਦੇ ਮੰਡਲ ਵਿਚ ਪਹੁੰਚ ਜਾਂਦਾ ਹੈ ਉਥੇ ਇਕ ਅਜੀਬ ਹੀ ਜਿੰਦਗੀ ਹੈ। ਜਿਸ ਦੇ ਬਾਰੇ ਫੁਰਮਾਨ ਕਰਿਆ ਹੈ ਕਿ –

*ਜੋ ਨਰੁ ਦੁਖ ਮੈ ਦੁਖੁ ਨਾਹੀ ਮਾਨੈ॥*
*ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ॥*
*ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ॥*
*ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ॥*
*ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ॥*
*ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ ਤਿਹ ਘਟਿ ਬ੍ਰਹਮੁ ਨਿਵਾਸਾ॥*
*ਗੁਰ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ॥*
*ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ॥*
*ਅੰਗ - 634*

ਸੋ ਇਹ ਅਵਸਥਾ ਹੈ ਜੀਉਂਦੇ ਬੰਦਿਆਂ ਦੀ ਜਿਸ ਨੂੰ ਜੀਵਨ ਮੁਕਤ ਆਖਦੇ ਨੇ, ਜੀਉਂਦਾ ਮਰ ਕੇ ਦੁਬਾਰਾ ਜਿੰਦਗੀ ਦੇ ਵਿਚ ਆਉਂਦਾ ਹੈ, ਜਿਸ ਤਰ੍ਹਾਂ ਪਿਉਂਦ ਕਰ ਦਿੰਦੇ ਨੇ। ਪਿਉਂਦਿਆ ਹੋਇਆ ਜੋ ਹੁੰਦਾ ਹੈ ਉਸ ਨੂੰ ਫਲ ਪੈਂਦਾ ਹੈ। ਜੇ ਅੰਬ ਓਹੀ ਬੀਜ ਦਿਓ ਦਰਖਤ ਨੂੰ ਪਿਉਂਦ ਨਾ ਚੜ੍ਹੇ ਤਾਂ ਉਹ ਕਠੋਰ ਹੋ ਜਾਇਆ ਕਰਦਾ ਹੈ, ਉਸ ਦੇ ਵਿਚ ਉਹ ਚੀਜ਼ਾਂ ਆਉਂਦੀਆਂ ਨਹੀਂ ਜੋ ਪਿਉਂਦ ਨਾਲ ਆਉਂਦੀਆਂ ਨੇ।

ਸੋ ਮਹਾਰਾਜ ਇਹ ਫੁਰਮਾਨ ਕਰਦੇ ਨੇ ਕਿ ਜੋ ਵਾਹਿਗੁਰੂ ਦੇ ਨਾਲ, ਨਾਮ ਦੇ ਨਾਲ ਜੁੜਦਾ ਨਹੀਂ ਹੈ ਉਸ ਨੂੰ ਜੀਵਨ ਪ੍ਰਾਪਤ ਨਹੀਂ ਹੋਇਆ। ਉਹ ਦੱਸਿਆ ਵੀ ਨਹੀਂ ਜਾ ਸਕਦਾ ਕਿਉਂਕਿ ਜੀਵਨ ਪ੍ਰਾਪਤ ਹੋਵੇ, ਕਦੇ ਉਸ ਨੂੰ ਸੋਝੀ ਆਈ ਹੋਵੇ ਤਾਂ ਦੱਸ ਵੀ ਹੋ ਜਾਂਦਾ ਹੈ ਕਿ ਏਸ ਤਰ੍ਹਾਂ ਦਾ ਹੈ। ਜਿਸ ਨੂੰ ਅਨੁਭਵ ਹੀ ਨਹੀਂ ਕੋਈ ਹੋਇਆ ਉਸ ਨੂੰ ਬਾਹਰਲੀਆਂ ਗੱਲਾਂ ਮਹਾਰਾਜ ਦਸਦੇ ਨੇ –

*ਪ੍ਰਭ ਕੀ ਆਗਿਆ ਆਤਮ ਹਿਤਾਵੈ॥*
*ਜੀਵਨ ਮੁਕਤਿ ਸੋਊ ਕਹਾਵੈ॥*
*ਤੈਸਾ ਹਰਖੁ ਤੈਸਾ ਉਸੁ ਸੋਗੁ॥*
*ਸਦਾ ਅਨੰਦੁ ਤਹ ਨਹੀ ਬਿਓਗੁ॥*
*ਤੈਸਾ ਸੁਵਰਨੁ ਤੈਸੀ ਉਸੁ ਮਾਟੀ॥*
*ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ॥*
*ਤੈਸਾ ਮਾਨੁ ਤੈਸਾ ਅਭਿਮਾਨੁ॥*
*ਤੈਸਾ ਰੰਕੁ ਤੈਸਾ ਰਾਜਾਨੁ॥*
*ਜੋ ਵਰਤਾਏ ਸਾਈ ਜੁਗਤਿ॥*
*ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ॥*
*ਅੰਗ - 275*

ਜੀਵਨ ਮੁਕਤੀ ਦਾ ਜੋ ਅਨੰਦ ਹੈ ਉਹ ਅਸਲੀ ਜੀਵਨ ਹੈ। ਸੰਸਾਰ ਦਾ ਜੋ ਜੀਵਨ ਹੈ ਇਹ ਰਸਾਇਣਕ ਜੀਵਨ ਹੈ। ਜਿਸ ਤਰ੍ਹਾਂ ਬੂਟਿਆਂ ਨੇ ਆਪਣੀ ਜਿੰਦਗੀ ਭੋਗ ਲਈ ਤੇ ਚਲੇ ਗਏ, ਪਸ਼ੂਆਂ ਨੇ ਭੋਗ ਲਈ, ਪੰਛੀਆਂ ਨੇ ਭੋਗ ਲਈ, ਚਾਰੇ ਖਾਣੀਆਂ ਨੇ ਭੋਗ ਕੇ ਆਪਣੇ ਆਪਣੇ ਸਮੇਂ ਤੋਂ ਬਾਅਦ ਚਲੇ ਗਈਆਂ। ਇਸੇ ਤਰ੍ਹਾਂ ਨਾਲ ਉਸ ਮਨੁੱਖ ਨੂੰ ਮਹਾਰਾਜ ਕਹਿੰਦੇ ਨੇ ਕਿ ਉਸ ਦੀ ਜਿੰਦਗੀ ਇਸ ਤੋਂ ਵੱਧ ਨਹੀਂ ਹੈ, ਰਸਾਇਣਕ ਜੀਵਨ ਭੋਗ ਕੇ ਤੂੰ ਚਲਿਆ ਜਾਏਂਗਾ, ਤੈਨੂੰ ਜੀਵਨ ਨਾ ਪ੍ਰਾਪਤ ਹੋਇਆ। ਜੋ ਕਿ ਇਹ ਜੀਵਨ ਕੇਵਲ ਮਨੁੱਖ ਜਨਮ ਵਿਚ ਪ੍ਰਾਪਤ ਹੁੰਦਾ ਹੈ ਹੋਰ ਕਿਸੇ ਜੂਨੀ ਵਿਚ ਪ੍ਰਾਪਤ ਨਹੀਂ ਹੁੰਦਾ। ਉਸ ਦੇ ਵਿਚ ਸਦਾ ਹੀ ਖੇੜਾ ਹੈ –

*ਨਾਨਕ ਭਗਤਾ ਸਦਾ ਵਿਗਾਸੁ॥*
*ਸੁਣਿਐ ਦੂਖ ਪਾਪ ਕਾ ਨਾਸੁ॥* *ਅੰਗ - 2*

(ਬਾਕੀ ਪੰਨਾ 37 ਤੇ)

# ਸੰਤ ਬਿਮਲਾ ਸਿੰਘ

***ਡਾ. ਭਾਈ ਵੀਰ ਸਿੰਘ ਜੀ***

(ਨੋਟ: ਮਹਾਂਪੁਰਸ਼ਾਂ ਦੇ ਆਦੇਸ਼ਾਂ ਅਨੁਸਾਰ ਦੂਜੀ ਪਾਤਸ਼ਾਹੀ ਗੁਰੂ ਅੰਗਦ ਦੇਵ ਜੀ ਦੀ ਜੀਵਨ ਗਾਥਾ ਲੜੀਵਾਰ ਹਾਜਰ ਹੈ।)

*(ਲੜੀ ਜੋੜਨ ਲਈ ਦੇਖੋ ਆਤਮ ਮਾਰਗ, ਅਗਸਤ ਪੰਨਾ-56)*

**੪**

ਦੇਵੀ ਦੇ ਦਰਸ਼ਨ ਨੂੰ ਜਾਣ ਵਾਲਾ ਇਕ ਸੰਗ ਕਰਤਾਰਪੁਰੇ ਦੇ ਬਾਹਰ ਉਤਰਿਆ ਪਿਆ ਹੈ। ਜੋਤਿ ਜਗ ਰਹੀ ਹੈ। ਛੈਣੇ ਖੜਕ ਰਹੇ ਹਨ। ਲਾਟਾਂ ਵਾਲੀ ਦੀ ਜੈ ਹੋ ਰਹੀ ਹੈ। ਪਰ ਭੇਟਾਂ ਗਾਉਣ ਵਾਲੇ ਮੂੰਹ ਚੱਕ ਚੱਕ ਤਕਦੇ ਹਨ। ਕਿਸ ਨੂੰ, ਆਪਣੇ ਸੰਗ ਦੇ ਪ੍ਰਧਾਨ ਸ੍ਰੀ ਲਹਿਣਾ ਜੀ ਨੂੰ, ਜੋ ਹਰ ਸਾਲ ਸੰਗ ਲੈ ਕੇ ਦੇਵੀ ਤੇ ਜਾਇਆ ਕਰਦੇ ਸਨ। ਐਤਕੀ ਬੀ ਚੱਲੇ ਸਨ, ਪਰ ਐਤਕੀਂ ਕੰਨੀ ਕੋਈ ਬਾਣੀ ਦੀ ਸੱਦ ਪਈ ਸੀ। ਉਸ ਬਾਣੀ ਨੇ ਅਣੀਆਲੇ ਅਣੀਆਂ ਵਾਲਾ ਕੰਮ ਕੀਤਾ ਸੀ। ਉਸ ਨੇ ਉਸ ਮਨ ਵਿਚ, ਜੋ ਉਛਾਲ ਰਖਦਾ ਸੀ ਦੇਵੀ ਪੂਜਨ ਦਾ, ਹੁਣ ਪੀਰ ਪਿਰੰਮ ਦੀ ਲਾ ਰੱਖੀ ਸੀ। ਸ੍ਰੀ ਲਹਿਣਾ ਜੀ ਨੇ ਤਦੋਂ ਹੀ ਪਤਾ ਲਿਆ ਸੀ ਕਿ ਕਿਸ ਦੀ ਬਾਣੀ ਹੈ। ਹਾਂ ਬਾਣੀਆਂ ਦੇ ਸਰਦਾਰ ਦਾ ਥਹੁ ਕਰਤਾਰਪੁਰੇ ਦਾ ਪਤਾ ਲੈ ਕੇ ਸ੍ਰੀ ਜੀ ਦੇਵੀ ਨੂੰ ਜਾਂਦੇ ਥੋੜ੍ਹਾ ਰਲਤਾ ਵਟਾ ਕੇ ਕਰਤਾਰਪੁਰ ਅੱਪੜੇ ਸਨ। ਸੰਗ ਬਾਹਰ ਉਤਰਿਆ ਸੀ ਤੇ ਆਪ ਕਹਿ ਗਏ ਸਨ ਕਿ ਮੈਂ ਇਥੇ ਵਸਦੇ ਤਪਾ ਜੀ ਦਾ ਦਰਸ਼ਨ ਕਰ ਆਵਾਂ ਤੇ ਫੇਰ ਕੱਲ੍ਹ ਅੱਗੇ ਟੁਰਾਂਗੇ। ਆਪ ਸੁਣ ਚੁੱਕੇ ਹੋ ਕਿ ਇਸ ਸੰਗ ਦੇ ਆਗੂ ਸ੍ਰੀ ਪਰਮ ਪਾਵਨ ਲਹਿਣਾ ਜੀ ਗੁਰ ਨਾਨਕ ਦਰਸ਼ਨ ਨੂੰ ਗਏ ਹੋਏ ਸਨ। ਇਧਰ ਰਾਤ ਪੈ ਗਈ ਸੀ। ਸੰਗ ਖਾ ਪੀ ਕੇ ਵਿਹਲਾ ਹੋ ਜੋਤਾਂ ਜਗਾ ਭੇਟਾਂ ਗਾਉਂ ਰਿਹਾ ਸੀ ਤੇ ਕਦੇ ਕਦੇ ਮੂੰਹ ਚੱਕ ਚੱਕ ਤੱਕ ਰਿਹਾ ਸੀ ਕਿ ਸਵੇਰੇ ਦੇ ਗਏ ਭਗਤ ਜੀ ਮੁੜੇ ਨਹੀਂ, ਸੁਖ ਹੋਵੇ। ਇਸ ਵੇਲੇ ਸਭ ਨੂੰ ਪੱਕਾ ਸੀ ਕਿ ਆਪ ਭੇਟਾਂ ਗਾਉਣ ਦੇ ਵੇਲੇ ਨੂੰ ਨਹੀਂ ਖੁਸਾਉਣਗੇ। ਪਰ ਆਪ ਨਹੀਂ ਆਏ। ਸਵੇਰਾ ਹੋ ਗਿਆ। ਧਰਮਸਾਲੇ ਆਸਾ ਜੀ ਦੀ ਵਾਰ ਭੋਗ ਪੈ ਗਿਆ। ਲੂਣ ਦੀ ਪੁਤਲੀ ਜੋ ਸਾਗਰ ਵਿਚ ਵੜੀ ਸੀ ਹੁਣ ਫਰਜ਼ ਨੂੰ ਯਾਦ ਕਰਕੇ ਫੇਰ ਰੂਪਵਾਨ ਹੋ ਕੇ ਬਾਹਰ ਨਿਕਲਦੀ ਹੈ। ਡੇਰੇ ਅੱਪੜਦੀ ਹੈ ਤੇ ਸਾਥ ਨੂੰ ਆਖਦੀ ਹੈ –

ਸੱਜਣੋਂ! ਮੈਂ ਕੱਲ ਦਾ ਗਿਆ ਆ ਨਹੀਂ ਸਕਿਆ, ਤੁਸਾਨੂੰ ਉਡੀਕਾਂ ਦੀ ਖੇਚਲ ਹੋਈ। ਹੁਣ ਮੈਂ ਆਇਆ ਹਾਂ ਇਹ ਦੱਸਣ ਕਿ ਮੈਂ ਏਥੇ ਹੀ ਰਹਿ ਪਿਆ ਹਾਂ। ਤੁਸੀਂ ਜਾਓ, ਦਰਸ਼ਨ ਕਰੋ ਤੇ ਘਰਾਂ ਨੂੰ ਮੁੜੋ। ਮੈਂ ਤੁਸਾਂ ਨਾਲ ਹੁਣ ਸਾਥ ਨਹੀਂ ਨਿਬਾਹ ਸਕਦਾ।

ਸੰਗ ਵਿਚ ਤਾਂ ਉਦਾਸੀ ਵਰਤ ਗਈ। ਆਖਣ ਲੱਗੇ, ਪਿਆਰੇ ਲਹਿਣਾ ਜੀ! ਸਾਡੇ ਸਿਰ ਦੇ ਸਾਈਆਂ ਜੀਓ! ਇਹ ਕੀਹ ਸੁਣਾਉਣੀ ਸੁਣਾਈ ਨੇ। ਰਾਜਾ ਬਿਨ ਰੱਯਤ ਕਿਵੇਂ ਸੁਹਾਵੇਗੀ?

ਸੁਭਾਗ ਲਹਿਣਾ ਜੀ ਬੋਲੇ–ਸੱਜਣੋਂ ਧੁਰ ਦੀ ਵਹਿ ਗਈ, ਜੋ ਧੁਰੋਂ ਠਟੀ ਸੀ। ਜਿਸ ਦੀਆਂ ਭੇਟਾਂ ਮੇਰਾ ਅੰਦਰਲਾ ਅਨਜਾਣੇ ਗਾਉਂਦਾ ਸੀ ਉਹ ਲੱਭ ਪਿਆ ਹੈ। ਮੇਰੇ ਹਿਰਦੇ ਪੁੜ ਗਈ ਹੈ। ਜੋ ਭਾਲ ਸੀ ਮਿਲ ਪਈ ਹੈ। ਮੈਂ ਹੁਣ ਹਿੱਲਣ ਜੋਗਾ ਨਹੀਂ। ਤੁਸੀਂ ਸੱਚੇ ਦੁਖੀ ਹੁੰਦੇ ਹੋ, ਪਰ ਮੇਰੇ ਵਸ ਨਹੀਂ ਜੇ। ਧਰੋਹੀ ਜੇ, ਜੇ ਮੇਰੇ ਵਸ ਦੀ ਹੁੰਦੀ ਤਾਂ ਮੈਂ ਚਾਤਰਾ ਕਰਵਾ ਕੇ ਘਰ ਅਪੜਾ ਕੇ ਕੁਛ ਹੋਰ ਕਰਦਾ। ਪਰ ਹੁਣ ਮੈਂ ਕੀਹ ਕਰਾਂ। ਫੌਲਾਦ ਦੀ ਘੁੰਮਦੀ ਡਲੀ ਨੂੰ ਚੁੰਬਕ ਮਿਲ ਪਿਆ ਹੈ ਤੇ ਚੁੰਬਕ ਦੀ ਖਿੱਚ ਨੇ ਕਿਤੇ ਹਿੱਲਣ ਜੋਗਾ ਨਹੀਂ ਛੱਡਿਆ।

ਸੰਗ ਸਾਰਾ ਹੈਰਾਨ ਹੋ ਗਿਆ। ਪਰ ਸ੍ਰੀ ਜੀ ਦੇ ਵਾਕ ਅਟੱਲਵੇਂ ਸਨ। ਸਭ ਨੂੰ ਮੰਨਣੇ ਪਏ। ਫਿਰ ਸਾਰੇ ਆਖਣ ਲੱਗੇ ਸਾਨੂੰ ਭੀ ਦਰਸ਼ਨ ਕਰਾਓ। ਆਪ ਨੇ ਕਿਹਾ ਤੁਸਾਂ ਦੇ ਮਨ ਕਿਸੇ ਹੋਰ ਆਹਰੇ ਹਨ, ਤੁਸੀਂ ਹੁਣ ਜਾਓ। ਮੁੜਦੀ ਵਾਰ ਤੁਸਾਨੂੰ ਬੀ ਦਰਸ਼ਨ ਕਰਾਸਾਂ। ਹੁਣ ਸਾਰੇ ਰੋ ਰੋ ਕੇ ਸ੍ਰੀ ਲਹਿਣਾ ਜੀ ਤੋਂ ਵਿਛੜੇ।

ਇਧਰ ਸ੍ਰੀ ਗੁਰੂ ਜੀ ਵਲੋਂ ਸ੍ਰੀ ਲਹਿਣਾ ਜੀ ਨੂੰ ਘਰ ਜਾਣੇ ਦੀ ਆਗਿਆ ਹੋਈ ਤਾਂ ਆਪ ਘਰ ਜਾ ਕੇ ਫਿਰ ਮੁੜ ਕੇ ਆਏ। ਮਲੂਮ ਹੁੰਦਾ ਹੈ ਕਿ ਸ੍ਰੀ ਲਹਿਣਾ ਜੀ ਨੇ ਘਰ ਜਾ ਕੇ ਆਪਣੀ ਸੁਪਤਨੀ ਜੀ ਨੂੰ ਸਮਝਾਇਆ ਹੈ। ਉਨ੍ਹਾਂ ਦੇ ਪਿਆਰ ਤੋਂ ਆਪ ਨੇ ਮਨੋਰਥ ਸਿੱਧੀ ਲਈ ਅਨੁਕੂਲਤਾ ਲਈ ਹੈ ਤੇ ਵਿਹਾਰਕਾਰ ਸਮੇਟੇ ਹਨ। ਇਉਂ ਸੁਤੰਤਰ ਹੋ ਕੇ ਫਿਰ ਕਰਤਾਰਪੁਰ ਆ ਕੇ ਟਿਕ ਗਏ ਹਨ। ਜਦੋਂ ਆਪ ਫੇਰ ਕਰਤਾਰਪੁਰ ਅਪੜਨ ਲਈ ਆਪਣੇ ਗਿਰਾਂ ਤੋਂ ਟੁਰੇ ਹਨ ਤਾਂ ਗਿਰਾਂ ਤੋਂ ਪੰਡ ਲੂਣ ਦੀ ਸਿਰ ਚਾਈ ਤੇ ਕਰਤਾਰਪੁਰ ਤਕ ਚਾਈ ਆਏ। ਸਾਧਸੰਗਤ ਜੀ! ਸ੍ਰੀ ਲਹਿਣਾ ਜੀ ਚੰਗੇ ਸਰਦੇ ਪੁਜਦੇ ਵਾਲੇ ਸੇ। ਆਪਦਾ ਆਪਣਾ ਪਿੰਡ ਮਤੇ ਕੀ ਸਰਾਇ ਤਾਂ ਧਾੜਵੀਆਂ ਨੇ ਢਹਿ ਢੇਰੀ ਕਰ ਛੱਡਿਆ ਸੀ। ਪਰ ਇਥੇ ਆ ਕੇ ਆਪ ਚੰਗੇ ਸੁਖੀ ਹੋ ਗਏ ਸੇ। ਆਪ ਦੇ ਸਾਹਵਰੇ ਬੀ ਧਨਾਢ ਸੇ। ਸੋ

ਆਪ ਸੁਹਲ ਤੇ ਸੁਖੀ ਰਹਿਣ ਵਾਲੇ ਹੋ ਕੇ ਭੀ ਪ੍ਰੇਮ ਵਿਚ ਐਡੀ ਪੰਡ ਐਨੇ ਕੋਹ ਸਿਰ ਤੇ ਚਾਈ ਲਿਆਏ। ਤੇ ਇਥੇ ਆ ਕੇ ਸੇਵਾ ਵਿਚ ਲਗ ਪਏ। ਮੁਖ ਸੇਵਾ ਆਪ ਦੀ ਕੀਹ ਸੀ? ਗੁਰ ਨਾਨਕ ਪ੍ਰੇਮ ਵਿਚ ਰੱਤੇ ਰਹਿਣਾ।

ਇਕ ਦਿਨ ਸ੍ਰੀ ਗੁਰੂ ਜੀ ਧਾਈਆਂ ਦੇ ਖੇਤਾਂ ਦਾ ਨਦੀਣਾ ਕਰਵਾ ਰਹੇ ਸਨ ਕਿ ਸ੍ਰੀ ਲਹਿਣਾ ਜੀ ਆਏ ਗਏ। ਆਪ ਦੇ ਗਲ ਸਹੁਰੇ ਘਰੋਂ ਆਇਆ ਵਡਮੁੱਲਾ ਜਾਮਾ ਸੀ। ਸੇਵਾ ਹੁੰਦੀ ਦੇਖ ਕੇ ਸ੍ਰੀ ਲਹਿਣਾ ਜੀ ਬੀ ਲੱਗ ਪਏ। ਥੋੜ੍ਹੀ ਦੇਰ ਮਗਰੋਂ ਸ੍ਰੀ ਗੁਰੂ ਜੀ ਨੇ ਆਗਿਆ ਕੀਤੀ, ਤੁਸਾਂ ਲਈ ਇਹ ਕੰਮ ਨਵਾਂ ਹੈ, ਪੱਠੇ ਜੋ ਨਦੀਣਾ ਕਰਕੇ ਕੱਢੇ ਹਨ ਚਾ ਲਓ ਤੇ ਡੇਰੇ ਜਾ ਕੇ ਡੰਗਰਾਂ ਨੂੰ ਪਾਓ। ਸੋ ਆਪ ਨੇ ਉਹ ਗਿੱਲੇ ਪੱਠੇ ਚਾ ਲਏ, ਚਿੱਕੜ ਜੋ ਵਗਦਾ ਸੀ ਉਸ ਨਾਲ ਜਾਮੇ ਤੇ ਛਿੱਟਾਂ ਪੈ ਗਈਆਂ। ਜਦੋਂ ਸ੍ਰੀ ਗੁਰੂ ਜੀ ਡੇਰੇ ਆਏ ਤਾਂ ਮਾਤਾ ਜੀ ਨੇ ਕਿਹਾ, ਦੇਖੋ ਇਸ ਦਾ ਕੇਹਾ ਚੰਗਾ ਜਾਮਾ ਚਿਕੜ ਨਾਲ ਖਰਾਬ ਹੋ ਗਿਆ ਹੈ। ਤਾਂ ਆਪ ਮੁਸਕਰਾ ਕੇ ਬੋਲੇ, ਸੁਲੱਖਣੀ! ਹੱਛੀ ਤਰ੍ਹਾਂ ਵੇਖ, ਚਿੱਕੜ ਹੈ ਕਿ ਚੰਦਨ? ਪੰਡ ਹੈ ਕਿ ਦੀਨ ਦੁਨੀਆਂ ਦਾ ਛੱਤਰ। ਤਦ ਮਾਤਾ ਜੀ ਅਚਰਜ ਹੋ ਕੇ ਚੁੱਪ ਰਹਿ ਗਏ।

ਮਿਠਿਆਂ ਕੂਲਿਆਂ ਤੇ ਸੁਹਣਿਆਂ ਦੇ ਸਿਰਤਾਜ ਸ੍ਰੀ ਲਹਿਣਾ ਜੀ ਕਰਤਾਰਪੁਰੇ ਟਿਕ ਕੇ ਸੇਵਾ ਵਿਚ ਲੀਨ ਹੋ ਗਏ। ਪਹਿਲੀ ਸੇਵਾ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮੁਖ ਚੰਦਰਮਾ ਪਰ ਕਵਲ ਵਾਂਗੂ ਸਦਾ ਖਿੱਚ ਖਾਂਦੇ ਰਹਿਣ ਦੀ ਸੀ। ਆਪ ਦਾ ਮਨ ਸਦਾ ਪਿਆਰ ਦੇ ਹੁਲਾਰਿਆਂ ਨਾਲ ਗੁਰੂ ਜੀ ਵਲ ਲੱਗਾ ਰਹਿੰਦਾ। ਦੂਜੀ ਸੇਵਾ ਸੀ ਰਜ਼ਾ ਵਿਚ ਟੁਰਨ ਦੀ। ਜਦੋਂ ਅੰਦਰ ਪ੍ਰੇਮ ਭਾਵ ਆ ਜਾਵੇ, ਹੇ ਸਾਧ ਸੰਗਤ ਗੁਰੂ ਕੇ ਪਿਆਰੇ ਜੀਓ! ਤਾਂ ਪਜਾਰੇ ਦੀ ਰਜ਼ਾ ਵਿਚ ਰਾਜ਼ੀ ਹੋਣਾ ਇਹ ਉਸ ਪਿਆਰ ਦਾ ਦਿਲ ਪੁਰ ਇਕ ਵਿਦਿਤ ਸਰੂਪ ਨਕਸ਼ ਹੋ ਜਾਂਦਾ ਹੈ ਤੇ ਅਨੁਕੂਲਤਾ ਦਾ ਦਿਲ ਵਿਚ ਇਕ ਪੱਕਾ ਪਰ ਬੇਮਲੂਮ ਆਸ਼ਾ ਬਣ ਜਾਂਦਾ ਹੈ। ਅਰਥਾਤ ਦਿਲ ਰਜ਼ਾ ਦਾ ਰੁਖ ਫੜ ਲੈਂਦਾ ਹੈ। ਪਿਆਰ ਵਾਲਾ ਦਿਲ ਨਹੀਂ ਸਹਿ ਸਕਦਾ ਕਿ ਆਪਣੇ ਪਿਆਰੇ ਜੀ ਦੀ ਰਜ਼ਾ ਦੇ ਉਲਟ ਕੁਛ ਹੋ ਜਾਵਏ। ਪਿਆਰ ਵਾਲਾ ਦਿਲ ਅਨੁਕੂਲ ਹੋ ਜਾਂਦਾ ਹੈ, ਅਨੁਕੂਲ ਵਿਚ ਪ੍ਰਤਿਕੂਲਤਾ ਅਰਥਾਤ ਉਲਟਾਪਨ ਨਹੀਂ, ਪਿਆਰੇ ਨੂੰ ਪ੍ਰਸੰਨਤਾ ਵਿਚ ਰੱਖਣ। ਐਉਂ ਸ੍ਰੀ ਲਹਿਣਾ ਜੀ ਗੁਰੂ ਦੁਆਰੇ ਰਹਿ ਕੇ ਹੁਣ ਸੇਵਾ ਵਿਚ ਜੁੱਟ ਪਏ। ਦਿਲ ਨੇ ਖਿੱਚੇ ਰਹਿਣਾ ਸਿਮਰਨ ਵਿਚ, ਹੱਥਾਂ ਨੇ ਕਰਦੇ ਰਹਿਣਾ ਟਹਿਲ।

ਇਨ੍ਹਾਂ ਦਿਨਾਂ ਵਿਚ ਸੰਗ ਦੇਵੀ ਤੋਂ ਮੁੜ ਆਇਆ। ਸ੍ਰੀ ਲਹਿਣਾ ਜੀ ਦਾ ਨੂਰ ਚਮਕਦਾ ਪਰ ਵੈਰਾਗ ਤੇ ਪਿਆਰ ਦੇ ਕਿਸੇ ਮਿੱਠੇ ਰਸ ਨਾਲ ਭਰਿਆ ਚਿਹਰਾ ਦੇਖ ਕੇ ਸਾਰੇ ਖਿੜ ਗਏ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਦਰਸ਼ਨ ਕਰਕੇ ਆਨੰਦ ਆ ਗਿਆ, ਸਾਰਿਆਂ ਨੇ ਮਨੋਕਾਮਨਾ ਪਾਈਆਂ ਤੇ ਘਰਾਂ ਨੂੰ ਵਿਦਾ ਹੋਏ।

ਖਡੂਰ ਆਦਿ ਲਾਗਲੇ ਸਾਰੇ ਪਿੰਡਾਂ ਵਿਚ ਕੀਰਤ ਪਸਰ ਗਈ ਕਿ ਸ੍ਰੀ ਲਹਿਣਾ ਜੀ ਦੇ ਵੱਡੇ ਭਾਗ ਜਾਗੇ ਹਨ, ਉਨ੍ਹਾਂ ਨੂੰ ਪੂਰਨ ਪੁਰਖ ਮਿਲ ਪਏ ਹਨ।

ਇਕ ਦਿਨ ਸ੍ਰੀ ਲਹਿਣਾ ਜੀ ਨੇ ਗੁਰੂ ਜੀ ਨੂੰ ਬਿਰਾਜੇ ਹੋਏ ਵੇਖਿਆ, ਗਰਮੀ ਵਧੇਰੇ ਸੀ, ਸੋ ਪੱਖਾ ਲੈ ਕੇ ਝੱਲਣ ਲਗ ਪਏ। ਕੀਹ ਦੇਖਦੇ ਹਨ ਕਿ ਇਕ ਸੂਰਤ ਅਚਾਨਕ ਅਸਮਾਨਾਂ ਤੋਂ ਉਤਰੀ ਹੈ ਤੇ ਸ੍ਰੀ ਗੁਰੂ ਜੀ ਦੇ ਚਰਨ ਦੱਬਣ ਲਗ ਗਈ ਹੈ, ਸੋ ਆਪ ਅਚਰਜ ਹੋ ਕੇ ਤਕਦੇ ਰਹੇ। ਆਪ ਦੇ ਵੇਖਦੇ ਵੇਖਦੇ ਉਹ ਸੂਰਤ ਮੱਥਾ ਟੇਕ ਕੇ ਉਸੇ ਤਰ੍ਹਾਂ ਲੋਪ ਹੋ ਗਈ। ਆਪ ਦੇਖ ਰਹੇ ਸਨ ਕਿ ਇਹ ਕੋਈ ਸਰੀਰਧਾਰੀ ਨਹੀਂ, ਪਰ ਕੋਈ ਅਰੂਪ ਸ੍ਵੈ ਰੂਪਵਾਨ ਹੋਈ ਹੋਈ ਉਤੋਂ ਉਤਰੀ ਹੈ। ਪਿਛੋਂ ਆਪ ਨੂੰ ਪਤਾ ਲੱਗਾ ਕਿ ਇਹ ਮਾਇਆ ਸੀ। ਪੁੱਛਣੇ ਪਰ ਸ੍ਰੀ ਗੁਰੂ ਜੀ ਨੇ ਦੱਸਿਆ ਕਿ ਮਾਇਆ ਸੀ, ਚਾਹੁੰਦੀ ਹੈ, ਸਾਧਸੰਗਤ ਵਿਚ ਵਾਸਾ, ਪਰ ਅਸੀਂ ਬਾਰਾਂ ਕੋਹ ਤੇ ਹਟਕ ਕੇ ਰਖਦੇ ਹਾਂ। ਖਾਲਸਾ ਜੀ! ਇਹ ਬੀ ਲਿਖਿਆ ਹੈ ਕਿ ਸ੍ਰੀ ਲਹਿਣਾ ਜੀ ਨੂੰ ਗੁਰੂ ਕੇ ਦੁਆਰੇ ਝਾੜੂ ਦੇਂਦਿਆਂ ਦੇਵੀ ਦੇ ਦਰਸ਼ਨ ਹੋਏ। ਜਿਸਦਾ ਮਤਲਬ ਇਹ ਹੈ ਕਿ ਜਿਸ ਦੇਵੀ ਦੇ ਦੁਆਰੇ ਆਪ ਜਾਇਆ ਕਰਦੇ ਸਨ, ਉਹ ਆਪ ਨੂੰ ਦਿਸ ਪਿਆ ਕਿ ਗੁਰੂ ਜੀ ਦੇ ਪਦਪੰਕਜ ਵਿਚ ਵਸਦੀ ਹੈ। ਫਿਰ ਇਕ ਦਿਨ ਆਪ ਬਿਰਾਜ ਰਹੇ ਸਨ, ਸ੍ਰੀ ਲਹਿਣਾ ਜੀ ਪੱਖਾ ਕਰ ਰਹੇ ਸਨ ਕਿ ਸ੍ਰੀ ਗੁਰੂ ਜੀ ਦੇ ਚਰਨ ਥੋੜ੍ਹੇ-ਥੋੜ੍ਹੇ ਹਿਲਦੇ ਦੇਖੇ। ਇਸ ਦਾ ਕਾਰਨ ਆਪ ਨੂੰ ਪਤਾ ਲੱਗ ਗਿਆ ਕਿ ਦੇਵਤੇ ਨਮਸਕਾਰਾਂ ਕਰਕੇ ਜਾ ਰਹੇ ਹਨ। ਸਾਧ ਸੰਗਤ ਜੀ! ਇਸ ਦਾ ਅਰਥ ਇਹ ਹੈ ਕਿ ਸ੍ਰੀ ਲਹਿਣਾ ਜੀ ਜਿਉਂ-ਜਿਉਂ ਪ੍ਰੇਮ ਵਿਚ ਭਿੱਜਦੇ ਤੇ ਸੇਵਾ ਵਿਚ ਆਪਾ ਵਾਰ ਪਿਆਰ ਕਰਦੇ ਹਨ ਤਿਉਂ-ਤਿਉਂ ਉਨ੍ਹਾਂ ਦੀ ਦਿੱਬ ਦ੍ਰਿਸ਼ਟੀ ਖੁਲ੍ਹਦੀ ਜਾਂਦੀ ਹੈ ਤੇ ਅਣਦਿਸਦੇ ਜਗਤ ਦੇ ਭੇਤ ਉਨ੍ਹਾਂ ਤੇ ਪ੍ਰਗਟ ਹੁੰਦੇ ਆਉਂਦੇ ਹਨ। ਦੂਜੇ ਇਹ ਕਿ ਸਭ ਤਾਕਤਾਂ ਆਪ ਨੂੰ ਆਪਣੇ ਪਿਆਰੇ ਜੀ ਦੇ ਚਰਨ ਸ਼ਰਨ ਵਿਚ ਵਸਦੀਆਂ ਦਿਸ ਪੈਂਦੀਆਂ ਹਨ। ਇਸ ਤਰ੍ਹਾਂ ਸੇਵਾ ਕਰਦਿਆਂ ਤੇ ਪਿਆਰ ਵਿਚ ਚਰਨ ਸ਼ਰਨ ਵਿਚ ਵਸਦਿਆਂ ਆਪ ਰਸ ਰੂਪ ਹੁੰਦੇ ਗਏ। ਇਕ ਦਿਨ ਆਪ ਸ੍ਰੀ ਗੁਰੂ ਜੀ ਦੇ ਚਰਨ ਕਵਲ ਪਿਆਰ ਨਾਲ ਘੁੱਟ ਰਹੇ ਸਨ, ਕਿ ਸ੍ਰੀ ਗੁਰੂ ਜੀ ਟਿਕ ਗਏ। ਅਚਾਨਕ ਆਪ ਕੀ ਦੇਖਦੇ ਹਨ ਕਿ ਗੁਰੂ ਨਾਨਕ ਦੇਵ ਜੀ ਦੇ ਚਰਨਾਂ ਤੇ ਪਿੰਡਲੀਆਂ ਉਤੇ ਝਰੀਟਾਂ ਪੈਂਦੀਆਂ ਜਾਂਦੀਆਂ ਹਨ। ਸ੍ਰੀ ਲਹਿਣਾ ਜੀ ਅਚਰਜ ਹੋਣ

ਕਿ ਸੁਤਿਆਂ ਇਹ ਕੀ ਭਾਣਾ ਵਰਤ ਰਿਹਾ ਹੈ। ਜਾ ਸ੍ਰੀ ਜੀ ਨੇ ਪਾਸਾ ਪਰਤਿਆ ਤਾਂ ਲਹਿਣਾ ਜੀ ਪੁੱਛਣ ਲੱਗੇ, ਪਾਤਸ਼ਾਹ! ਚਰਨਾਂ ਤੇ ਪਿੰਡਲੀਆਂ ਉਤੇ ਝਰੀਟਾਂ ਪੈ ਗਈਆਂ ਹਨ, ਇਹ ਕੀਹ ਵਰਤਿਆ? ਤਾਂ ਗੁਰੂ ਜੀ ਨੇ ਸਮਝਾਇਆ ਕਿ ਲਹਿਣਾ ਜੀਓ, ਬਾਹਰ ਇਕ ਅਯਾਲੀ ਧਿਆਨ ਵਿਚ ਮਗਨ ਹੈ। ਉਹ ਪ੍ਰੇਮ ਵਿਚ ਆਇਆ ਹੋਇਆ ਸੋਹਿਲੇ ਦਾ ਪਾਠ ਕਰਦਾ ਹੈ ਤੇ ਜਿਥੇ ਫਿਰਦਾ ਪਾਠ ਕਰਦਾ ਹੈ ਉਹ ਥਾਂ ਕੰਡਿਆਂ ਝਾੜੀਆਂ ਵਾਲੀ ਹੈ। ਉਥੋਂ ਉਸ ਨੂੰ ਪੈਣ ਵਾਲੀਆਂ ਝਰੀਟਾਂ ਸਾਨੂੰ ਆ ਰਹੀਆਂ ਹਨ।

ਤਦੋਂ ਭਾਈ ਨਰੋਤਮ ਸਿੰਘ ਨੇ ਦੀਵਾਨ ਵਿਚੋਂ ਉਠ ਕੇ ਹੱਥ ਜੋੜ ਕੇ ਨਿਮਰਤਾ ਨਾਲ ਕਿਹਾ, ਪਾਤਸ਼ਾਹ! ਐਦਾਂ ਹੋ ਸਕਦਾ ਹੈ?

ਸੰਤ ਜੀ – ਸਿੰਘ ਜੀ, ਪ੍ਰੇਮ ਤੇ ਪ੍ਰੇਮ ਵਿਚ ਬੱਝੇ ਧਿਆਨ ਨਾਲ ਦੋਹੇਂ ਸਰੀਰਾਂ ਵਿਚ ਇਕ ਤਰ੍ਹਾਂ ਦਾ ਮੇਲ ਹੁੰਦਾ ਹੈ। ਦੁਇ ਮਨ ਇਉਂ ਨੇੜੇ ਹੋ ਕੇ ਇੱਕ ਹੋ ਜਾਂਦੇ ਹਨ ਜਿਵੇਂ ਜੱਫੀ ਪਾਇਆਂ ਦੋਏ ਸਰੀਰ ਇਕ ਹੋ ਜਾਂਦੇ ਹਨ, ਤਦੋਂ ਇਸ ਤਰ੍ਹਾਂ ਦੇ ਅਸਰ ਪੈ ਜਾਂਦੇ ਹਨ, ਇਹ ਰੂਹਾਨੀ ਵਿਦਿਆ ਦੇ ਅਸੂਲ ਹਨ। ਅਯਾਲੀ ਗੁਰੂ ਕੇ ਧਿਆਨ ਵਿਚ ਮਗਨ ਸੀ, ਧਿਆਨ ਦੀ ਪਰਪੱਕਤਾ ਬੜੀ ਗੱਲ ਹੁੰਦੀ ਹੈ। ਸੋ ਉਸ ਦੇ ਕੰਡੇ ਉਧਰ ਅਸਰ ਕਰਦੇ ਸਨ। ਮੋਟੀ ਗੱਲ ਐਉਂ ਮੰਨ ਲਓ ਕਿ ਪ੍ਰੇਮ ਅਧੀਨਾਂ ਦੀ ਰਾਖੀ ਗੁਰੂ ਆਪ ਕਰਦਾ ਹੈ। ਅਯਾਲੀ ਨੂੰ ਤਾਂ ਪ੍ਰੇਮ ਵਿਚ ਹੋਸ਼ ਨਹੀਂ ਸੀ ਪਰ ਗੁਰੂ ਜੀ ਸਹੈਤਾ ਕਰਦੇ ਸਨ। ਸੋ ਗੁਰੂ ਪਿਆਰਿਓ! ਉਸ ਦਿਨ ਤੋਂ ਸ੍ਰੀ ਲਹਿਣਾ ਜੀ ਦੇ ਸੁਹਲ ਪਿਆਰ ਦੇ ਕਾਰਣ ਸੋਹਿਲੇ ਦਾ ਪਾਠ ਰਾਤ ਨੂੰ ਸੋਣ ਸਮੇਂ ਆਰਾਮ ਵਿਚ ਬੈਠ ਕੇ ਕਰਨੇ ਦੀ ਮਰਿਯਾਦਾ ਟੁਰ ਪਈ। ਇਸ ਤਰ੍ਹਾਂ ਤ੍ਰੈ ਸਾਲ ਪਿਆਰ ਵਿਚ ਸੇਵਾ ਕਰਦਿਆਂ ਤੇ ਆਤਮ ਰੰਗ ਚੜ੍ਹਦਿਆਂ ਬੀਤੇ ਤਾਂ ਗੁਰੂ ਜੀ ਨੇ ਆਗਿਆ ਕੀਤੀ। 'ਲਹਿਣਿਆਂ! ਚਿਰ ਹੋ ਗਿਆ ਹੈ ਘਰੋਂ ਆਇਆਂ, ਹੁਣ ਜਾਓ ਕੁਛ ਦਿਨ ਘਰ ਰਹਿ ਆਓ!'

ਜਾਂ ਹੁਕਮ ਹੋਇਆ ਤਾਂ ਆਪ ਤੁਰ ਪਏ। ਘਰ ਪਹੁੰਚੇ। ਵਿਛੜੇ ਪਰਿਵਾਰ ਨੇ ਬੜਾ ਹੀ ਪਿਆਰ ਕੀਤਾ, ਪਿੰਡ ਦੇ ਲੋਕਾਂ ਨੇ ਬੜਾ ਸਤਿਕਾਰ ਕੀਤਾ। ਸਭਨਾਂ ਨੇ ਜਾਣਿਆਂ ਕਿ ਪੂਰੇ ਗੁਰੂ ਦੇ ਦੁਆਰੇ ਘਾਲ ਕਰਕੇ ਤੇ ਸੁਫਲ ਲੈ ਕੇ ਆਇਆ ਹੈ, ਤਾਂ ਤੇ ਸ੍ਰੀ ਲਹਿਣਾ ਜੀ ਬੜਾ ਭਾਗਸ਼ੀਲ ਹੈ। ਇਕ ਚੌਧਰੀ ਹੁੰਦਾ ਸੀ ਤਖਤਮਲ ਉਸ ਨੇ ਤਾਂ ਬਹੁਤ ਹੀ ਪਿਆਰ ਤੇ ਆਦਰ ਕੀਤਾ। ਸ੍ਰੀ ਲਹਿਣਾ ਜੀ ਨੇ ਕਿਹਾ ਚੌਧਰੀ! ਤੂੰ ਲੋਕਾਂ ਵਿਚ ਵੱਡਾ ਹੈਂ, ਤੈਨੂੰ ਆਦਰ ਕਰਨਾ ਨਹੀਂ ਬਣਦਾ। ਤਾਂ ਉਸ ਨੇ ਨੈਣ ਭਰ ਕੇ ਆਖਿਆ, ਅਸੀਂ ਸੇਵਾ ਕਰਨ ਜੋਗੇ ਨਹੀਂ, ਪਰ ਸੇਵਾ ਕਰਕੇ ਦਰਗਾਹੇ ਮਾਣ ਪਾਣ ਵਾਲਿਆਂ ਦਾ ਆਦਰ ਬੀ ਨਾ ਕਰੀਏ ਤਾਂ ਅਸੀਂ ਕਾਹਦੇ ਹੋਏ। ਹੇ ਸਾਡੇ ਸਿਰਤਾਜ ਲਹਿਣਾ ਜੀ! ਤੁਸੀਂ ਧੰਨ ਹੋ, ਜੋ ਇਸ ਮਰਾਤਬੇ ਚੜ੍ਹੇ ਹੋ। ਸਾਡਾ ਬੀ ਤੁਸਾਂ ਦੇ ਦਰਸ਼ਨ ਨਾਲ ਭਲਾ ਹੋਸੀ। ਇਸ ਵੇਲੇ ਚੰਗੀ ਭੀੜ ਜੁੜ ਰਹੀ ਸੀ, ਸ੍ਰੀ ਲਹਿਣਾ ਜੀ ਗੁਰੂ ਨਾਨਕ ਪ੍ਰੇਮ ਵਿਚ ਬਿਹਬਲ ਹੋ ਗਏ ਤੇ ਪ੍ਰੇਮ ਵਿਚ ਇਹ ਸ਼ਬਦ ਗਾਵੇਂ ਜੋ ਮੈਂ ਸੁਣਾਉਂਦਾ ਹਾਂ। ਸੋ 'ਹੇ ਪਿਆਰਿਓ ਜਿਨ੍ਹਾਂ ਵਿਚ ਗੁਰੂ ਨਾਨਕ ਦੇਵ ਦਾ ਪ੍ਰੇਮ ਵਸੇਗਾ ਉਹ ਸੁਖ ਪਾਉਣਗੇ, ਸ਼ਬਦ ਇਹ ਹੈ –

*ਸੂਹੀ ਮਹਲਾ ੧*
*ਜਿਨ ਕਉ ਭਾਂਡੈ ਭਾਉ ਤਿਨਾ ਸਵਾਰਸੀ॥*
*ਸੂਖੀ ਕਰੈ ਪਸਾਉ ਦੂਖ ਨਿਵਾਰਸੀ॥*
*ਸਹਸਾ ਮੂਲੇ ਨਾਹਿ ਸਰਪਰ ਤਾਰਸੀ॥*
*ਤਿਨਾ ਮਿਲਿਆ ਗੁਰੁ ਆਇ ਜਿਨ ਕਉ ਲੀਖਿਆ॥*
*ਅੰਮ੍ਰਿਤੁ ਹਰਿ ਕਾ ਨਾਉ ਦੇਵੈ ਦੀਖਿਆ॥*
*ਚਾਲਹਿ ਸਤਿਗੁਰ ਭਾਇ ਭਵਹਿ ਨ ਭੀਖਿਆ॥*
*ਜਾ ਕਉ ਮਹਲੁ ਹਜੂਰਿ ਦੂਜੇ ਨਿਵੈ ਕਿਸੁ॥*
*ਦਰਿ ਦਰਵਾਣੀ ਨਾਹਿ ਮੂਲੇ ਪੁਛ ਤਿਸੁ॥*
*ਛੂਟੈ ਤ ਕੈ ਬੋਲਿ ਸਾਹਿਬ ਨਦਰਿ ਜਿਸੁ॥*
*ਘਲੇ ਆਣੇ ਆਪਿ ਜਿਸੁ ਨਾਹੀ ਦੂਜਾ ਮਤੇ ਕੋਇ॥*
*ਢਾਹਿ ਉਸਾਰੇ ਸਾਜਿ ਜਾਣੈ ਸਭ ਸੋਇ॥*
*ਨਾਉ ਨਾਨਕ ਬਖਸੀਸ ਨਦਰੀ ਕਰਮੁ ਹੋਇ॥*

*ਅੰਗ - 729*

ਸਬਦ ਸੁਣ ਕੇ ਤੇ ਆਪ ਦਾ ਉਪਦੇਸ਼ ਸੁਣ ਕੇ ਸਾਰੇ ਨਿਹਾਲ ਹੋਏ। ਕੁਛ ਦਿਨ ਆਪ ਘਰ ਰਹੇ। ਪਰ ਪਿਆਰ ਦੀ ਲੱਗੀ ਬੜੀ ਡਾਢੀ ਹੁੰਦੀ ਹੈ। ਘਰ ਰਹਿਣ ਨਾ ਹੋਵੇ। ਘਰ ਦੇ ਬੀ ਜ਼ੋਰ ਲਾਉਣ। ਆਪ ਬੀ ਪਰਚਣ, ਪਰ ਦਿਲ ਨਾ ਪਰਚੇ। ਕਦੇ ਘਰ ਕਦੇ ਵੇਹੜੇ ਕਦੇ ਬਾਹਰ, ਬਨ, ਖੇਤਾਂ ਜੂਹਾਂ ਵਿਚ ਜਾ ਬੈਠਣ ਪਰ ਮਨ ਲੱਗੇ ਨਾ। ਮਨ ਪਰਚਦਾ ਸਾਧ ਸੰਗਤ ਜੀ ਕਿਸ ਤਰ੍ਹਾਂ? ਅਸਲ ਵਿਚ ਜੋ ਅੰਦਰਲਾ ਮਨ ਸੀ ਸੋ ਤਾਂ ਕਰਤਾਰਪੁਰੇ ਰਹਿ ਗਿਆ ਸੀ, ਇਹ ਤਾਂ ਸਰੀਰ ਤੇ ਹੁਕਮ ਦੀ ਤਾਰ ਨਾਲ ਬੱਧਾ ਮਨ ਦਾ ਕੋਈ ਹਿੱਸਾ ਘਰ ਆਇਆ ਸੀ, ਸੋ ਚੈਨ ਕੀਕੂੰ ਪਕੜਦਾ। ਸ੍ਰੀ ਲਹਿਣਾ ਜੀ ਲੋਕਾਂ ਨੂੰ ਉਦਾਸ ਨਜ਼ਰ ਪੈਂਦੇ। ਜੇ ਜੀ ਨਾ ਪਰਚੇ ਬਾਹਰ ਦੇ ਰੰਗਾਂ ਵਿਚ ਤੇ ਅੰਦਰੋਂ ਦਿਲ ਨੂੰ ਖਿੱਚ ਰੱਖੇ ਖਿੱਚੀ ਪਿਆਰੇ ਵਲ ਫੇਰ ਤਾਂ ਉਦਾਸ ਹੀ ਦਿੱਸ ਪੈਣਾ ਹੋਇਆ ਨਾ। ਇਸ ਤਰ੍ਹਾਂ ਕਦੇ ਨੀਰ ਭਰੇ ਭਰ ਆਉਣ ਅੱਖੀਆਂ ਨਦੀਆਂ ਹੋ ਵਹਿਣ। ਕਦੇ ਠੰਢੇ ਸੁਾਸਾਂ ਦੀ ਵਾਉ ਝੱਲੇ। ਸੋ ਕੁਛ ਦਿਨ ਗੁਜ਼ਾਰ ਕੇ ਫੇਰ ਆਪ ਕਰਤਾਰਪੁਰ ਆ ਪਹੁੰਚੇ। ਪਦ ਪੰਕਜ ਨੂੰ ਚੰਬੜ ਗਏ। ਛਾਤੀ ਨਾਲ ਲਾਏ ਚਰਨ, ਠੰਢ ਪਈ। ਸ੍ਰੀ ਗੁਰੂ ਜੀ ਪੁਛਿਆ ਛੇਤੀ ਮੁੜ ਆਏ ਹੋ? ਆਖਣ ਲੱਗੇ, ਸੱਚੇ ਸਤਿਗੁਰੂ! ਮੇਰੇ ਵਸ ਨਹੀਂ ਰਿਹਾ, ਘਰ ਰਹਿ ਨਹੀਂ ਹੁੰਦਾ, ਆਪ ਦੇ ਦਰਸ਼ਨਾਂ ਬਿਨਾਂ ਟਿਕ ਨਹੀਂ ਹੁੰਦਾ।

੫

ਲਿਖਿਆ ਹੈ ਕਿ ਇਸ ਸਮੇਂ ਲੰਗਰ ਗੁਰੂ ਕਾ ਖੇਤੀ ਆਪਣੀ ਤੋਂ ਉਪਜੇ ਅੰਨ ਦਾ ਚਲਦਾ ਸੀ। ਸ੍ਰੀ ਗੁਰੂ ਜੀ ਭੇਟਾ ਨਹੀਂ ਸਨ ਲੈਂਦੇ। ਇਨੀਂ ਦਿਨੀਂ ਇਕ ਵੇਰ ਝੜੀ ਲੱਗੀ। ਦਿਨ ਰਾਤ ਮੀਂਹ ਲੱਥਾ, ਐਸਾ ਕਿ ਜਲ ਥਲ ਹੋ ਗਿਆ। ਚੁਫੇਰੇ ਪਾਣੀ ਖੜ੍ਹੇ ਹੋ ਗਏ। ਤ੍ਰੈ ਦਿਨ ਮੀਂਹ ਨਾ ਬੰਦ ਹੋਇਆ। ਲੰਗਰ ਪੱਕਣ ਦੀ ਬਿਧਿ ਨਾ ਬਣੀ। ਨਾ ਲੱਕੜਾਂ ਆ ਸਕਣ, ਨਾ ਅੰਨ ਪੀਠਾ ਜਾ ਸਕੇ। ਲੰਗਰ ਦੇ ਕੋਠੇ ਚੋ ਚੋ ਜਲ ਨਾਲ ਭਰ ਗਏ। ਸੰਗਤ ਬੜੀ ਆਈ ਹੋਈ ਸੀ। ਧਰਮਸਾਲ ਭੀੜ ਨਾਲ ਭਰ ਗਈ। ਸਭ ਨੂੰ ਭੁੱਖ ਦਾ ਦੁੱਖ ਝੱਲਦੇ ਵੇਖ ਕੇ ਸ੍ਰੀ ਗੁਰੂ ਜੀ ਨੇ ਆਪਣੇ ਆਤਮ ਬਲ ਨੂੰ ਵਰਤਣਾ ਚਾਹਿਆ। ਉਹ ਜੋ ਸਿੱਧਾਂ ਦੇ ਕਹਿਣ ਤੇ ਕਰਾਮਾਤ ਨਹੀਂ ਸਨ ਦਿਖਾਲਦੇ, ਸਾਧ ਸੰਗਤ ਦੀ ਖਾਤਰ ਮੇਹਰ ਦੇ ਘਰ ਆਏ ਤੇ ਆਪਣੇ ਆਤਮ ਬਲ ਨਾਲ ਦੁਖ ਦੂਰ ਕਰਨ ਲੱਗੇ। ਤਦ ਸ੍ਰੀ ਚੰਦ ਨੂੰ ਗੁਰੂ ਜੀ ਨੇ ਕਿਹਾ, ਜਾਓ ਬੇਟਾ! ਬ੍ਰਿਛਾਂ ਤੇ ਚੜ੍ਹ ਕੇ ਹਲੂਣੋ ਜੋ ਭੋਜਨ ਡਿੱਗੇ ਤੇ ਸੰਗਤ ਛਕੇ।

ਸ੍ਰੀ ਚੰਦ ਜੀ ਬੋਲੇ, ਬੂਟਿਆਂ ਨਾਲ ਭੋਜਨ ਕੌਣ ਟੰਗ ਗਿਆ ਹੈ ਜੋ ਹਲੂਣਿਆਂ ਡਿੱਗੇਗਾ। ਅੱਗੇ ਕਦੇ ਕਿਸੇ ਅਵਤਾਰ ਦੇ ਸਮੇਂ ਐਸਾ ਨਹੀਂ ਹੋਇਆ। ਮੈਂ ਨਹੀਂ ਕਰਦਾ। ਐਵੇਂ ਨਾ ਹੋਣ ਤੇ ਜਗਤ ਦੀ ਹਾਸੀ ਮੈਨੂੰ ਹੋਵੇਗੀ। ਇਹ ਸੁਣ ਕੇ ਕੌਤਕਹਾਰ ਜੀ ਨੇ ਲਖਮੀਚੰਦ ਜੀ ਨੂੰ ਆਖਿਆ। ਉਨ੍ਹਾਂ ਬੀ ਇਹੋ ਜਿਹਾ ਉਤਰ ਦਿਤਾ। ਤਦ ਸ੍ਰੀ ਜੀ ਨੇ ਸ੍ਰੀ ਲਹਿਣਾ ਜੀ ਨੂੰ ਕਿਹਾ - ਲਹਿਣਿਆਂ ਤੂੰ ਲਹਿਣੇਹਾਰ ਹੈਂ, ਉਠ, ਸੰਗਤ ਨੂੰ ਮਗਰੇ ਮਗਰ ਲੈ ਜਾਹ। ਬਾਹਰ ਬ੍ਰਿਛ ਤੇ ਚੜ੍ਹ ਕੇ ਝੰਜੂਣ। ਦੇਖ ਕਲਾ ਵਰਤੇਗੀ, ਕਰਤਾਰ ਆਪਣੀ ਰਚੀ ਨੂੰ ਆਪ ਪਾਲੇਗਾ। ਹੁਕਮ ਪਾ ਕੇ ਆਪ ਛੇਤੀ ਨਾਲ ਉਠੇ, ਕਪੜਿਆਂ ਦੀ ਸੰਭਾਲ ਨਾ ਰਹੀ। ਜੋ ਹੁਕਮ ਹੋਇਆ ਸੀ ਸੋ ਜਾ ਕੇ ਕਮਾਇਆ। ਸਾਈਂ ਦੀ ਮਿਹਰ ਨਾਲ ਸਦਾ ਸੱਚ ਦੇ ਤਖਤ ਤੇ ਬੈਠੇ ਸ੍ਰੀ ਗੁਰੂ ਨਾਨਕ ਦਾ ਸਤਜਵਾਕ ਸੱਤਜ ਹੋਇਆ। ਜੋ ਰਸਨਾ ਅਸੱਤ ਨਾਲ ਜਾਣੂ ਨਹੀਂ ਉਸ ਦਾ ਉਚਾਰਿਆ ਅਸੱਤ ਨਹੀਂ ਹੋ ਸਕਦਾ। ਖਾਣੇ ਢੱਠੇ ਤੇ ਸੰਗਤ ਤ੍ਰਿਪਤ ਹੋਈ। ਇਹ ਹੁਕਮ ਦੀ ਕਾਰ ਕਰਕੇ ਲਹਿਣਾ ਜੀ ਮੁੜੇ। ਧਰਮਸਾਲ ਆ ਕੇ ਸ੍ਰੀ ਗੁਰੂ ਜੀ ਦੇ ਚਰਨਾਂ ਤੇ ਮੱਥਾ ਟੇਕਿਆ। ਮਗਰੇ ਸੰਗਤ ਆਈ। ਗੁਰ ਨਾਨਕ ਦੀ ਆਤਮ-ਸੱਤਜਾ ਉਹ ਸ਼ਕਤੀ ਜੋ ਆਤਮ ਮੰਡਲ ਦੇ ਜ਼ਰੀਏ ਕੰਮ ਕਰ ਲੈਂਦੀ ਹੈ, ਅੱਜ ਸ੍ਰੀ ਲਹਿਣਾ ਜੀ ਵਿਚ ਪ੍ਰਵੇਸ਼ ਕਰ ਗਈ। ਅੱਜ ਹੀ ਮਾਨੋਂ ਸ੍ਰੀ ਗੁਰੂ ਜੀ ਨੇ ਹੋਣਹਾਰ ਬੰਨ੍ਹ ਦਿਤੀ ਹੈ ਕਿ ਅੱਗੇ ਸ੍ਰੀ ਲਹਿਣਾ ਜੀ ਜਾ ਰਹੇ ਹਨ ਤੇ ਮਗਰ ਮਗਰ ਸੰਗਤ ਹੈ, ਉਹ ਦਾਨ ਦਿੰਦੇ ਹਨ ਤੇ ਸੰਗਤ ਲੈਂਦੀ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਕੌਤਕ ਅਚਰਜ ਹਨ। ਅੱਜਕਲ੍ਹ ਆਪ ਸਵਾ ਪਹਿਰ ਰਾਤ ਰਹਿੰਦੀ ਰਾਵੀ ਵਿਚ ਜਾ ਖੜੋਂਦੇ ਸਨ ਤੇ ਉਸ ਸੀਤ ਜਲ ਵਿਚ ਖੜ੍ਹੇ ਸਾਈਂ ਵਿਚ ਨਿਮਗਨ ਹੋ ਜਾਂਦੇ ਸਨ। ਮੌਸਮ ਸਿਆਲ ਦਾ ਸੀ, ਪਾਲਾ ਬਹੁਤ ਸੀ। ਜੋ ਗੁਰੂ ਜੀ ਤਪਾਂ ਤੋਂ ਵਰਜਦੇ ਸਨ ਆਪ ਤਪ ਕਰ ਰਹੇ ਹਨ। ਸੋ ਦੇਖੋ ਹੁਣ ਜਦ ਜਲ ਵਿਚ ਜਾ ਖੜੋਂਦੇ ਹਨ ਸ੍ਰੀ ਲਹਿਣਾ ਜੀ ਨਾਲ ਜਾਂਦੇ ਹਨ ਤੇ ਆਪ ਦੇ ਵਸਤਰ ਲੈ ਕੇ ਬਾਹਰ ਗੁਰੂ ਗੁਰੂ ਜਪਦੇ ਬੈਠੇ ਰਹਿੰਦੇ ਤੇ ਦਰਸ਼ਨ ਕਰਦੇ ਪ੍ਰਸੰਨ ਹੁੰਦੇ ਰਹਿੰਦੇ ਹਨ। ਇਕ ਦਿਨ ਇਸ ਤਰ੍ਹਾਂ ਬੈਠਿਆਂ ਠੱਕੇ ਦੀ ਪੌਣ ਚਲ ਪਈ। ਡਾਢੀ ਠੰਢ ਵੇਖ ਕੇ ਸ੍ਰੀ ਲਹਿਣਾ ਜੀ ਦੇ ਜੀ ਵਿਚ ਵੈਰਾਗ ਵਸ ਗਿਆ, ਹਾਇ ਮੈਂ ਬਾਹਰ ਆਰਾਮ ਨਾਲ ਬੈਠਾ ਹਾਂ ਤੇ ਗੁਰੂ ਜੀ ਐਸ ਪਾਲੇ ਵੇਲੇ ਠੰਢੇ ਜਲ ਵਿਚ ਖੜ੍ਹੇ ਹਨ। ਇਸ ਹਾਲ ਵਿਚ ਪਾਲਾ ਲੱਗਣ ਲੱਗ ਗਿਆ ਤੇ ਆਪ ਤੇ ਆਪ ਕੰਬ ਕੇ ਬੇਸੁਧ ਹੋ ਗਏ, ਰੰਗ ਬਦਲ ਗਿਆ ਤੇ ਸਰੀਰ ਸੁੰਨ ਹੋ ਗਿਆ।

ਸ੍ਰੀ ਗੁਰੂ ਜੀ ਜਦੋਂ ਬਾਹਰ ਨਿਕਲੇ ਤਾਂ ਆਪ ਨੇ ਤਾਰੇ ਹੋਏ ਪ੍ਰੇਮੀ ਦੇ ਸਰੀਰ ਦੀ ਦਸ਼ਾ ਦੇਖੀ। ਚਰਨ ਕਮਲ ਛੁਹਾਏ। ਉਨ੍ਹਾਂ ਦੇ ਤੇਜ ਬਲ ਨਾਲ ਸ੍ਰੀ ਲਹਿਣਾ ਜੀ ਵਿਚ ਗਰਮੀ ਦੀ ਰੌ ਫਿਰ ਗਈ, ਹੋਸ਼ ਪਰਤੀ ਤੇ ਧੰਨ ਗੁਰੂ ਨਾਨਕ ਕਹਿੰਦੇ ਉਠ ਬੈਠੇ। ਸ੍ਰੀ ਗੁਰੂ ਜੀ ਨੇ ਸਿਰ ਤੇ ਪਿਆਰ ਦਿਤਾ ਤੇ ਆਖਿਆ, ਹੇ ਲਹਿਣੇ! ਤੂੰ ਕਿਉਂ ਸਰਦੀ ਨਾਲ ਵਿਆਕੁਲ ਹੋਇਆ, ਦੇਖ ਮੈਂ ਜੋ ਘਾਲ ਕਰਦਾ ਹਾਂ ਸਭ ਸਿੱਖਾਂ ਲਈ ਹੈ। ਹੇ ਸਿੱਖ! ਮੇਰਾ ਆਪਾ ਤੇਰੇ ਲਈ ਹੈ, ਮੇਰੀ ਘਾਲ ਤੇਰੇ ਲਈ ਹੈ। ਜੋ ਸ਼ਬਦ ਦੀ ਕਮਾਈ ਕਰੇਗਾ ਇਸ ਮੇਰੀ ਘਾਲ ਦਾ ਫਲ ਪਾਏਗਾ।

ਸ੍ਰੀ ਲਹਿਣਾ ਜੀ ਨੇ ਸੀਸ ਨਿਵਾਇਆ ਤੇ ਫੇਰ ਰਲ ਕੇ ਧਰਮਸਾਲ ਆਏ।

ਇਸ ਵੇਲੇ ਦੀਵਾਨ ਵਿਚੋਂ ਇਕ ਸਿੱਖ ਭਾਈ ਲੱਧਾ ਸਿੰਘ ਨਾਮੇ ਹੱਥ ਜੋੜ ਕੇ ਆਖਣ ਲੱਗਾ ਸ੍ਰੀ ਸੰਤ ਜੀ! ਜੋ ਬੱਝੇ ਰਸ ਵਿਚ ਫਰਕ ਪਾਏ ਸੋ ਤਨਖਾਹੀਆ ਕਰਨਾ ਚਾਹੀਦਾ ਹੈ, ਪਰ ਸਮਾਂ ਚੰਚਲਤਾਈ ਦਾ ਹੈ, ਫੋਕੀ ਵਿਦਿਆ ਨੇ ਮੱਤਾਂ ਖਿੰਡਾ ਦਿਤੀਆਂ ਹਨ। ਜੇ ਆਪ ਮੇਰੀ ਭੁੱਲ ਤੇ ਖਿਮਾ ਕਰੋ ਤਾਂ ਮੈਂ ਇਕ ਬੇਨਤੀ ਕਰਾਂ। ਜੋ ਸ੍ਰੀ ਗੁਰੂ ਜੀ ਨੇ ਤਪ ਹਠ ਮਨ੍ਹਾ ਕੀਤੇ ਹਨ ਤਾਂ ਆਪ ਕਿਉਂ ਕੀਤੇ ਹਨ?

ਸੰਤ ਬਿਮਲਾ ਸਿੰਘ ਜੀ - ਭਾਈ ਲੱਧਾ ਸਿੰਘ ਜੀ! ਗੁਰੂ ਤੁਸਾਂ ਨੂੰ ਭਾਈ ਲੱਧੇ ਪਰਉਪਕਾਰੀ ਵਾਲੀ ਬੁੱਧੀ ਦਾਨ

ਕਰੇ। ਸ਼ੰਕਾ ਬਿਸ਼ਕ ਨਵਿਰਤ ਕਰ ਲਓ ਉਂਵ ਤਾਂ ਸ਼ੰਕਾ ਨਵਿਰਤ ਕਰਨ ਲਈ ਵੱਖਰਾ ਸਮਾਂ ਚਾਹੀਦਾ ਹੈ। ਕਥਾ ਵਿਚ ਤੁਸਾਂ ਠੀਕ ਕਿਹਾ ਹੈ, ਸਾਧਸੰਗਤ ਦਾ ਰਸ ਭੰਗ ਹੁੰਦਾ ਹੈ। ਪਰ ਹੁਣ ਤੁਸਾਂ ਸ਼ੰਕਾ ਕੀਤੀ ਹੈ ਤਾਂ ਜੋ ਦਾਸ ਦੀ ਸਮਝੇ ਆਉਂਦਾ ਹੈ ਹਾਜ਼ਰ ਹੈ। ਸ੍ਰੀ ਗੁਰੂ ਜੀ ਧਾਰਮਕ ਕਮਾਈ ਦੀ ਗੱਲ ਉਤੇ ਆਪਣੀ ਜੋ ਰਾਇ ਦਿਆ ਕਰਦੇ ਸਨ ਉਨ੍ਹਾਂ ਆਪ ਕਮਾਈ ਕਰਕੇ ਦੇਖੀ ਹੋਈ ਹੁੰਦੀ ਸੀ, ਅਰਥਾਤ ਜੇ ਕਿਸੇ ਪ੍ਰਸ਼ਨ ਕੀਤਾ ਕਿ ਬ੍ਰਤ ਕਰਨ ਦਾ ਕੀ ਲਾਭ ਹੈ ਤਾਂ ਗੁਰੂ ਨਾਨਕ ਦੇਵ ਜੀ ਬ੍ਰਤ ਦੇ ਆਪਣੇ ਕੀਤੇ ਤਜਰਬੇ ਤੋਂ ਉਤਰ ਦੇਂਦੇ ਹੁੰਦੇ ਸਨ। ਇਸ ਲਈ ਆਪ ਨੇ ਤਪ, ਹੱਠ, ਜੋਗ, ਬ੍ਰਤ ਸਾਰੇ ਕੀਤੇ ਹੋਏ ਸਨ। ਦੂਸਰੀ ਬਾਤ ਇਹ ਹੈ ਕਿ ਹੁਣ ਸੰਗਤ ਬਹੁਤ ਆਉਂਦੀ ਸੀ। ਜਿੱਥੇ ਭੀੜਾਂ ਕੱਠੀਆਂ ਹੋਣ, ਓਥੇ ਭਾਈਚਾਰਕ ਪਰਚੇ ਆਰੰਭ ਹੋ ਜਾਂਦੇ ਹਨ। ਤੁਸੀਂ ਵੇਖਣਾ ਜਿੱਥੇ ਕੋਈ ਸੰਤ ਹੈ ਤੇ ਲੋਕੀਂ ਇਕੱਠੇ ਹੁੰਦੇ ਹਨ। ਚਾਹੇ ਸੰਤ ਭਲਾ ਵੀ ਹੋਵੇ, ਅਕਸਰ ਲੋਕੀ ਉਥੇ ਸਾਰੇ ਉਸ ਭਲਯਾਈ ਤੇ ਜਤਨ ਵਿਚ ਨਹੀਂ ਹੁੰਦੇ ਕਿ ਜੋ ਜਤਨ ਸੰਤ ਆਪ ਕਰ ਰਿਹਾ ਹੁੰਦਾ ਹੈ। ਸੋ ਜੇ ਸੰਤ ਪੂਰਾ ਹੈ ਤਾਂ ਉਹ ਘਾਲ ਵਿਚ ਹੋਵੇਗਾ। ਆਪ ਬਹੁਤੀ ਘਾਲ ਕਰੇਗਾ, ਇਸ ਤਰ੍ਹਾਂ ਦੀ ਸਾਵਧਾਨਤਾ ਨਾਲ ਉਹ ਸੰਗਤ ਵਿਚ ਕਸਰਾਂ ਨਾ ਪੈਣ ਦੇਵੇਗਾ, ਆਲਸ ਦੂਰ ਕਰਦਾ ਰਹੇਗਾ, ਉਦਮ ਦੇਂਦਾ ਰਹੇਗਾ, ਸੰਗਤ ਦੇ ਮੇਲ ਨੂੰ ਮੇਲਾ ਮਾਤ੍ਰ, ਪਰਚਾ ਮਾਤ੍ਰ, ਭਾਈਚਾਰਕ ਤਅੱਲਕ ਪੈਦਾ ਕਰਨ ਦਾ ਇਕ ਇਕੱਠ ਮਾਤ੍ਰ ਨਾ ਬਣਨ ਦੇਵੇਗਾ। ਕਿਉਂਕਿ ਲਿਖਿਆ ਹੈ, ਸਤਿਸੰਗਤ ਕੈਸੀ ਜਾਣੀਐ॥ ਜਿਥੈ ਏਕੋ ਨਾਮੁ ਵਖਾਣੀਐ॥ ਸੋ ਭਾਈ ਲਧਾ ਸਿੰਘ ਜੀ! ਇਕ ਪ੍ਰੋਜਨ ਇਹ ਬੀ ਹੋਣਾ ਹੈ ਕਿ ਸਾਧ ਸੰਗਤ ਵਿਚ ਆਲਸ ਨਾ ਪਵੇ। ਅੰਮ੍ਰਿਤ ਵੇਲੇ ਲੋਕੀ ਉਠਣ, ਉਸ ਵੇਲੇ ਨਾਮ ਦੀ ਘਾਲ ਕਰਨ। ਜੇ ਸ੍ਰੀ ਗੁਰੂ ਜੀ ਆਪ ਇਸ ਤਰ੍ਹਾਂ ਮੇਹਨਤ ਕਰਦੇ ਸਨ ਤਾਂ ਹੀ ਸੰਗਤ ਗਾਫਲ ਨਹੀਂ ਨਾ ਹੋ ਸਕਦੀ। ਇਨਸਾਨ ਵਿਚ ਤੁਸੀਂ ਜਾਣਦੇ ਹੋ, ਹੁਕਮ ਮੰਨਣ ਦਾ ਮਾਦਾ ਘੱਟ ਹੈ, ਪਰ ਰੀਸ ਤੇ ਨਕਲ ਕਰਨ ਦਾ ਮਾਦਾ ਬਹੁਤ ਹੈ, ਸੋ ਗੁਰੂ ਜੀ ਨੂੰ ਕਠਨ ਘਾਲਾਂ ਕਰਦਿਆਂ ਤੱਕ ਕੇ ਫੇਰ ਸੰਗਤ ਵਿਚ ਆਲਸ ਨਹੀਂ ਸੀ ਵਰਤ ਸਕਦਾ। ਤੀਸਰਾ ਕਾਰਣ ਇਹ ਬੀ ਹੋਊ, ਕਿ ਜੋ ਤਪ ਹੱਠ ਦਾ ਅਰਥ ਤੁਸੀਂ ਸਮਝਦੇ ਹੋ ਯਾ ਜੋ ਮੈਂ ਪਹਿਲੀ ਉਮਰ ਵਿਚ ਕਰਕੇ ਵੇਖੇ ਹਨ, ਓਹੇ ਜਿਹੇ ਕਰਨੇ ਤਾਂ ਗੁਰੂ ਜੀ ਨੇ ਮਨ੍ਹੇ ਕੀਤੇ ਹਨ ਪਰ ਨਾਲ ਹੀ ਦੇਖੋ, ਤੁਸੀਂ ਬਾਣੀ ਦੇ ਪੜ੍ਹਨ ਵਾਲੇ ਹੋ, ਨਾਮ ਧਿਆਉਣ ਨੂੰ ਸ੍ਰੀ ਗੁਰੂ ਅੰਗਦ ਦੇਵ ਜੀ ਨੇ 'ਮੁਸਕਤ ਘਾਲਣਾ' ਆਖਿਆ ਹੈ। ਇਹ ਘਾਲ ਹੀ ਹੈ, ਕਮਾਈ ਬੀ ਹੈ। ਹਾਂ, ਇਹ ਮੁਸ਼ੱਕਤ ਭੀ ਹੈ, ਪਰ ਇਹ ਪ੍ਰਾਪਤੀ ਬੀ ਹੈ, ਰਸਰੂਪ ਬੀ ਹੈ। ਸੋ ਘਾਲ ਤੇ ਰਸ ਨਾਲੋਂ ਨਾਲ ਟੁਰੇ ਰਹਿੰਦੇ ਹਨ। ਉਹ ਹੱਠ ਤਪ ਤਾਂ ਗੁਰਾਂ ਨੇ ਵਰਜੇ ਹਨ ਜੋ ਐਵੇਂ ਮਨ ਮਾਰਨ ਵਾਸਤੇ ਕੀਤੇ ਜਾਂਦੇ ਹਨ। ਜਿਨ੍ਹਾਂ ਦਾ ਪ੍ਰੋਜਨ ਜਾਂ ਤਾਂ ਇਹ ਹੁੰਦਾ ਹੈ ਕਿ ਮਨ ਨੂੰ ਕੋਹ ਕੋਹ ਕੇ ਸਾਧਿਆ ਜਾਵੇ, ਯਾ ਇਹ ਹੁੰਦਾ ਹੈ ਕਿ ਵਿਭੂਤੀਆਂ ਲੱਭ ਪੈਣ। ਵਿਭੂਤੀਆਂ ਕੀ ਹੁੰਦੀਆਂ ਹਨ? ਕਰਾਮਾਤਾਂ ਕਰ ਲੈਣ ਦਾ ਬਲ। ਇਨ੍ਹਾਂ ਗੱਲਾਂ ਲਈ ਹੱਠ ਤਪ ਕਰਨੇ ਮਨ੍ਹੇਂ ਹਨ। ਪਰ ਮੋਏ ਮਨ ਨੂੰ ਜਿਵਾਲਣ ਵਾਸਤੇ, ਮਨੂਰ ਹੋਏ ਨੂੰ ਕੰਚਨ ਕਰਨ ਵਾਸਤੇ ਘਾਲ ਕਮਾਈ ਕਰਨੀ ਉਚਿਤ ਹੈ। ਮਨ ਸੁਰਜੀਤ ਹੋ ਜਾਏ, ਜੀਉ ਪਵੇ, ਕਿਸ ਜੀਵਨ ਵਿਚ? ਨਾਮ ਦੇ ਜੀਵਨ ਵਿਚ, ਆਤਮ ਹੁਲਾਰਿਆਂ ਦੇ ਜੀਵਨ ਵਿਚ, ਸੋ ਭਾਈ ਸਹਿਬ ਜੀ! ਮਾਇਆ ਦੀ ਮਸਤੀ ਦੇ ਜੀਵਨ ਤੋਂ ਅਸਾਂ ਮਨ ਨੂੰ ਮਾਰਨਾ ਹੈ, 'ਮਨੁ ਮਰੈ ਧਾਤੁ ਮਰਿ ਜਾਇ॥' ਹੁਕਮ ਹੈ, ਪਰ ਸਰੀਰਕ ਰਸਾਂ ਕਸਾਂ ਭੋਗਾਂ ਵਿਚ ਮਰ ਚੁੱਕਿਆ ਤੇ ਮਨੂਰ ਹੋ ਚੁਕਿਆ ਮਨ ਅਸਾਂ ਮੁੜ ਕੇ ਸੁਰਜੀਤ ਕਰਨਾ ਹੈ, ਲੋਹਾ ਨਹੀਂ ਮੁੜ ਕੇ ਬਨਾਉਣਾ, ਸਗੋਂ ਸੋਨਾ, ਦੇਖੋ, ਹੁਕਮ ਹੈ –

***'ਭਇਆ ਮਨੂਰੁ ਕੰਚਨੁ ਫਿਰਿ ਹੋਵੈ ਜੇ ਗੁਰੁ ਮਿਲੈ ਤਿਨੇਹਾ॥ ਅੰਗ-990'*** ਸੋ ਕੰਮ ਨਾਮ ਦੀ ਘਾਲ ਕੀਤਿਆਂ ਸਿਰੇ ਚੜ੍ਹਦਾ ਹੈ, ਨਾਮ ਦੀ ਘਾਲ ਮਨ ਨੂੰ ਕੰਚਨ ਕਰਦੀ ਹੈ। ਅੰਮ੍ਰਿਤ ਵੇਲੇ ਉਠਣਾ ਘਾਲ ਹੈ। ਨਾਮ ਜਪਣਾ ਘਾਲ ਹੈ, ਸਿਆਲ ਹੁਨਾਲ ਗਰਮੀ ਸਰਦੀ ਸਹਿਣੀ ਘਾਲ ਹੈ। ਜੋ ਸਰਦੀ ਸਹਾਰ ਨਹੀਂ ਸਕਦਾ, ਸਿਆਲ ਵਿਚ ਸਵੇਰੇ ਨਹੀਂ ਉਠੇਗਾ। ਜੋ ਉਠੇਗਾ ਉਸ ਲਈ ਆਪੇ ਘਾਲ ਹੋ ਗਈ। ਮਨ ਨੂੰ ਵਿਕਾਰਾਂ ਤੋਂ ਰੋਕਣਾ ਘਾਲ ਹੈ, ਦਸਵੰਧ ਦੇਣਾ ਘਾਲ ਹੈ, ਅੱਠ ਪਹਿਰ ਉਚ ਸੁਰਤੇ ਰਹਿਣਾ ਘਾਲ ਹੈ। ਐਸੀ ਕਮਾਈ ਕਰਦਿਆਂ ਸਰੀਰ ਅਰੋਗ ਤੇ ਉਸ਼ਨ ਸੀਤ ਸਹਿਣ ਵਾਲਾ ਆਪੇ ਹੋ ਜਾਂਦਾ ਹੈ। ਖਾਲਸਾ ਜੀ! ਵਿਚਾਰ ਕਰਨੀ। ਅੰਮ੍ਰਿਤ ਵੇਲੇ ਨਾ ਉਠਣਾ, ਬਾਣੀ ਨਾ ਪੜ੍ਹਨੀ, ਨਾਮ ਨਾ ਜਪਣਾ, ਸਤਿਸੰਗ ਨਾ ਕਰਨਾ, ਮਨ ਨੂੰ ਵਿਕਾਰਾਂ ਤੋਂ ਨਾ ਵਰਜਣਾ, ਕੀਹ ਹਠ ਤਪ ਨਾ ਕਰਨ ਤੋਂ ਗੁਰੂ ਜੀ ਦਾ ਏਹ ਮਤਲਬ ਸੀ? ਸਮਝ ਲਿਆ ਨੇ ਪਿਆਰਿਓ! ਕਿ ਇਸ ਤਰ੍ਹਾਂ ਦੇ ਦਰਿਦ੍ਰੀ ਤੇ ਨਾਮ ਬਿਮੁਖ ਬਣ ਕੇ ਕਹਿਣਾ ਕਿ ਅਸੀਂ ਗੁਰੂ ਦੱਸਾਂ ਪਾਤਸ਼ਾਹੀਆਂ ਦੇ ਹੁਕਮ ਮੰਨ ਰਹੇ ਹਾਂ, ਭੁੱਲ ਹੈ। ਹੱਠ ਤਪ ਨਾ ਕਰਨੇ ਦਾ ਇਹ ਅਰਥ ਨਹੀਂ ਸੀ ਕਿ ਸਾਰੀ ਰਾਤ ਸੌਂ ਕੇ ਗੁਜ਼ਾਰੋ, ਬਾਣੀ ਨਾ ਪੜ੍ਹੋ, ਨਾਮ ਨਾ ਜਪੋ, ਨਾਮ ਲਈ ਤਪ ਨਾ ਕਰੋ। ਇਸ ਦਾ ਅਰਥ ਸੀ ਕਿ ਨਿਰੇ ਹੱਠ ਨਾਲ ਜੋ ਕੰਮ ਕਰੀਏ ਉਹ ਹਉਮੈਂ ਕਰਾਉਂਦੀ ਹੈ, ਇਸ ਦੇ ਉਲਟ ਗੁਰੂ ਆਸਰੇ ਹੋ ਕੇ ਨਾਮ ਦੀ ਘਾਲ ਕਰਨੀ ਹੈ। ਸੋ ਗੁਰੂ ਆਸਰੇ ਹੋ ਕੇ ਨਾਮ ਦਾ ਤਪ ਕਰੇ, ਕਰਕੇ ਵਾਹਿਗੁਰੂ ਦੇ ਅਰਪਣ ਕਰੇ। 'ਆਪਸ ਕਉ ਕਰ

ਕਿਛੁ ਨ ਜਨਾਵੈ।' ਜੋ ਲੋਕ ਬਾਣੀ, ਨਾਮ, ਸ਼ੁਭ ਜੀਵਨ ਤੋਂ ਬੇਮੁਖ ਹਨ ਤੇ ਪੰਥ ਸੇਵਾ, ਪੰਥ ਸੇਵਾ ਕੂਕਦੇ ਹਨ, ਜਦ ਤੁਸੀਂ ਪੜਤਾਲ ਕਰੋਗੇ ਤਾਂ ਉਨ੍ਹਾਂ ਨੂੰ ਹਉਂ ਦੇ ਭਗਤ ਦੇਖੋਗੇ। ਉਹ ਜੋ ਕੁਛ ਕਰਦੇ ਹਨ ਹੱਠ ਨਾਲ, ਤੇ ਜੋ ਕੁਛ ਕਰਦੇ ਹਨ ਹਉਮੈਂ ਨੂੰ ਪਾਲਣ ਲਈ ਕਰਦੇ ਹਨ। ਸੋ ਤਪ ਨਾ ਕਰੇ ਦਾ ਅਰਥ ਆਲਸ, ਦਰਿੱਦਰ, ਨਾਮ ਬਾਣੀ ਤੋਂ ਵਿਸਾਰਾ ਤੇ ਨਿਸ਼ਕਾਮ ਨੇਕੀਆਂ ਤੋਂ ਬੇਮੁਖਤਾਈ ਨਹੀਂ ਹੈ। ਨਾਲੇ ਹੱਠ ਦਾ ਅਰਥ ਜਦੋਂ ਹੈ ਨਿਰ-ਅਰਥਕ ਜ਼ਿੱਦ, ਤਦੋਂ ਤਾਂ ਹਠ ਮਨ੍ਹੇ ਹੈ। ਤੇ ਜਦੋਂ ਹੱਠ ਦਾ ਅਰਥ ਹੈ ਦ੍ਰਿੜ੍ਹਤਾ, ਜਿਸਨੂੰ ਫਾਰਸੀ ਬੋਲੀ ਵਿਚ ਇਸਤਕਲਾਲ ਕਹਿੰਦੇ ਹਨ, ਤਦੋਂ ਹੱਠ ਸ਼ੋਭਾ ਜੋਗ ਹੈ ਤੇ ਅਸੀਂ 'ਹੱਠੀਆਂ ਜਪੀਆਂ' ਦਾ ਧਿਆਨ ਧਾਰਨ ਦਾ ਰੋਜ਼ ਅਰਦਾਸਾ ਕਰਦੇ ਹਾਂ। ਚੌਥੀ ਗੱਲ ਸਾਧ ਸੰਗਤ ਜੀ ਹੈ, ਗੁਰੂ ਕੀ ਗਤਿ ਗੁਰੂ ਜਾਣੇ। ਗੁਰੂ ਜੀ ਨੂੰ ਆਪਣੀ ਕਲਿਆਣ ਵਾਸਤੇ ਹੱਠ ਤਪ ਦੀ ਲੋੜ ਨਹੀਂ ਸੀ, ਓਹ ਪਾਰਗਿਰਾਮੀ ਸੇ, ਗੁਰ ਅਵਤਰੇ ਸੇ, ਸੋ ਓਹ ਹੱਠਾਂ ਤਪਾਂ ਤੋਂ ਬੇਲੋੜ ਹਨ। ਉਸ ਵੇਲੇ, ਉਸ ਸਮੇਂ ਕੀਹ ਗੱਲ ਸੀ, ਕੌਣ ਕਾਰਣ ਵਰਤ ਰਹੇ ਸੇ ਜਿਨ੍ਹਾਂ ਕਰਕੇ ਆਪ ਨੇ ਇਹ ਤਪ ਉਸ ਬ੍ਰਿਧ ਅਵਸਥਾ ਵਿਚ ਬੀ ਕਰਕੇ ਦੱਸਿਆ, ਇਸਦਾ ਅਸਲ ਕਾਰਨ ਆਪ ਨੂੰ ਪਤਾ ਹੈ। ਦੇਖੋ ਆਪ ਕਰਦੇ ਸੇ ਪਰ ਸ੍ਰੀ ਲਹਿਣਾ ਜੀ ਨੂੰ ਕਹਿੰਦੇ ਸੇ ਇਹ ਸਭ ਸਿੱਖਾਂ ਲਈ ਹੈ, ਤੇਰੇ ਲਈ ਹੈ, ਸਪਸ਼ਟ ਹੈ ਕਿ ਉਨ੍ਹਾਂ ਨੂੰ ਲੋੜ ਨਹੀਂ ਸੀ ਓਹ ਸਾਡੇ ਭਲੇ ਲਈ ਸਭ ਕੁਝ ਕਰਦੇ ਸੇ।

ਲੱਧਾ ਸਿੰਘ - ਬੜੀ ਮਿਹਰ ਕੀਤੀ ਨੇ। ਮੈਂ ਕੀਤੀ ਤਾਂ ਭੁੱਲ ਹੈ, ਪਰ ਆਪ ਦੇ ਉਤਮ ਖਿਆਲ ਪਰਗਟ ਹੋ ਗਏ ਤੇ ਹਮਾਤੜਾਂ ਕਈਆਂ ਦਾ ਭਲਾ ਹੋ ਗਿਆ। ਸਮਝ ਆ ਗਈ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਆਪਾ ਸਾਡੇ ਨਿਕਾਰਿਆਂ ਤੋਂ ਆਪ ਵਾਰਿਆ ਹੈ ਤੇ ਤਪ ਆਦਿਕ ਬੀ ਸਾਡੇ ਹੀ ਭਲੇ ਲਈ ਕੀਤੇ ਹਨ। ਹੁਣ ਮਹਾਰਾਜ ਅੱਗੇ ਕਿਰਪਾ ਕਰੋ।

ਸੰਤ - ਸੋ ਭਾਈ ਜੀਓ! ਗੁਰੂ ਕੀ ਗਤਿ ਗੁਰੂ ਜਾਣੇ। ਅਸਾਂ ਹੁਕਮ ਕਮਾਉਣਾ ਹੈ, ਹੁਕਮ ਕੀ ਹੈ? ਏਕੋ ਨਾਮ। ਸੋ ਹੁਣ ਅੱਗੇ ਸੁਣੋ। ਇਨ੍ਹਾਂ ਦਿਨਾਂ ਵਿਚ ਗੁਰੂ ਜੀ ਨੇ ਫੇਰ ਮੁੜ ਕੇ ਤਪ ਦੇ ਕੌਤਕ ਕੀਤੇ। ਇਕ ਰੋੜਾਂ ਦੀ ਸਹਿਜ ਸੇਜਾਬਣਵਾਈ, ਧਰਮਸਾਲਾ ਤੋਂ ਦੁਰਾਡੇ, ਇਕ ਕੁਟੀ ਇਸ ਦੇ ਉਦਾਲੇ ਪਾ ਲਈ। ਇਸ ਕੁਟੀ ਵਿਚ ਰਿਹਾ ਕਰਨ। ਦੋ ਵੇਲੇ ਰਾਵੀ ਸ਼ਨਾਨ ਕਰਨ ਜਾਣ, ਪਰ ਭੋਜਨ ਲਈ ਲੰਗਰ ਵਿਚ ਆ ਜਾਇਆ ਕਰਨ। ਆਪ ਦੇ ਛਕਣ ਮਗਰੋਂ ਦੇਗ ਵਰਤੇ। ਆਪ ਬਾਕੀ ਦਾ ਸਮਾਂ ਉਸੇ ਕੁਟੀ ਵਿਚ ਬਿਤਾਉਣ। ਹੁਣ ਆਪ ਨੇ ਭੋਜਨ ਬੀ ਛੱਡ ਦਿਤਾ। ਅੱਠਾਂ ਪਹਿਰਾਂ ਮਗਰੋਂ ਇਕ ਡੋਡੀ ਅੱਕ ਦੀ ਖਾ ਛੱਡਣ। ਜਿਵੇਂ ਭਾਈ ਲਾਲੋ ਦੇ ਘਰ 'ਰੋੜੀ ਸਾਹਿਬ' ਤਪ ਕੀਤੇ ਸਨ ਓਹੋ ਸ਼ੁਰੂ ਹੋ ਗਏ। ਜਾਂ ਸਾਧ ਸੰਗਤ ਜੀ, ਮੇਰਾ ਐਵੇਂ ਖਿਆਲ ਹੈ ਪਰ ਬਣਿਆ ਸਾਖੀਆਂ ਪੜ੍ਹ ਕੇ ਹੈ ਕਿ ਜਦੋਂ ਆਪ ਸੁਲਤਾਨ ਪੁਰੋਂ ਟੁਰੇ ਹਨ ਤੇ ਏਮਨਾਬਾਦ ਗਏ ਹਨ ਤਾਂ ਰਸਤੇ ਵਿਚ, ਬਨ ਵਿਚ, ਜਿਥੇ ਬੇਰੀਆਂ ਦੀ ਸੰਘਣੀ ਛਾਂ ਸੀ ਤੇ ਹੁਣ ਸੋਹਣੀ ਹਰੀ ਮੰਦਰ ਹੈ, ਆਪ ਨੇ ਕੁਛ ਚਿਰ ਇਸ ਤਰ੍ਹਾਂ ਤਪ ਕੀਤਾ ਹੈ।

ਫੇਰ ਸ੍ਰੀ ਗੁਰੂ ਜੀ ਨੇ ਦੋ ਕੋਹਾਂ ਦੇ ਸਿਰਿਆਂ ਤੇ ਨਿਸ਼ਾਨੀ ਰੱਖ ਲਈ ਤੇ ਇਨ੍ਹਾਂ ਦੇ ਵਿਚ ਫਿਰਦੇ ਰਹਿਣਾ ਤੇ ਪਿਆਰੇ ਦਾ ਆਲਾਪ ਕਰਦੇ ਰਹਿਣਾ। ਦਿਹਾੜੀ ਸਾਰੀ ਇਸ ਤਰ੍ਹਾਂ ਬੀਤ ਜਾਵੇ। ਫੇਰ ਕਪੜੇ ਬੀ ਲਾਹ ਦਿਤੇ। ਸਿਰ ਤੇ ਇਕ ਸਾਫਾ ਤੇ ਲੱਕ ਤਾਂਬੇ ਰੰਗੀ ਕੁਪੀਨ ਰੱਖ ਲਈ। ਬੱਸ ਸਾਰਾ ਦਿਨ ਘੁੰਮ ਕੇ ਰਾਤ ਕੁਟੀ ਵਿਚ ਰੋੜਾਂ ਦੀ ਸੇਜ ਤੇ ਟਿਕੇ ਰਹਿਣ। ਅੰਮ੍ਰਿਤ ਵੇਲੇ ਰਾਵੀ ਦਾ ਇਸ਼ਨਾਨ ਕਰਕੇ ਦਿਨ ਉਸੇ ਤਰ੍ਹਾਂ ਦੋ ਕੋਹਾਂ ਦੇ ਵਿਚਾਲੇ ਘੁੰਮਦੇ ਰਹਿਣ। ਫੇਰ ਅੱਕ ਦੀ ਡੋਡੀ ਬੀ ਛੱਡ ਦਿਤੀ। ਚਿੱਟੀ ਸਾਫ ਰੇਤ ਇਕ ਮਾਸਾ ਭਰ ਅੱਠ ਪਹਿਰ ਮਗਰੋਂ ਤਲੀ ਮਾਰ ਲੈਣ। ਹੁਣ ਸਾਰਾ ਦਿਨ ਘੁੰਮਦੇ। ਜੋ ਬਚਨ ਉਚਾਰਨ ਉਹ ਸਮਝੇ ਪਵੇ ਕਿ ਕਹਿ ਰਹੇ ਹਨ 'ਨਾਮ ਸੁਹਾਵਾ ਵਖਤ ਸੁਹਾਵਾ' ਪਰ ਜੋ ਆਪ ਪੜ੍ਹਦੇ ਸਨ ਜੋ ਵਡਹੰਸ ਦੀ ਪਉੜੀ ਹੈ ਸ੍ਰੀ ਗੁਰੂ ਜੀ ਦੀ ਉਚਾਰੀ ਹੋਈ -

***ਤੇਰਾ ਵਖਤੁ ਸੁਹਾਵਾ ਅੰਮ੍ਰਿਤੁ ਤੇਰੀ ਬਾਣੀ॥***
***ਸੇਵਕ ਸੇਵਹਿ ਭਾਉ ਕਰਿ ਲਾਗਾ ਸਾਉ ਪਰਾਣੀ॥***
***ਸਾਉ ਪ੍ਰਾਣੀ ਤਿਨਾ ਲਾਗਾ ਜਿਨੀ ਅੰਮ੍ਰਿਤੁ ਪਾਇਆ॥***
***ਨਾਮਿ ਤੇਰੈ ਜੋਇ ਰਾਤੇ ਨਿਤ ਚੜਹਿ ਸਵਾਇਆ॥***
***ਇਕ ਕਰਮ ਧਰਮੁ ਨ ਹੋਇ ਸੰਜਮ ਜਾਮਿ ਨ ਏਕ ਪਛਾਣੀ॥***
***ਵਖਤ ਸੁਹਾਵਾ ਸਦਾ ਤੇਰਾ ਅੰਮ੍ਰਿਤ ਤੇਰੀ ਬਾਣੀ॥***
***ਅੰਗ - 566***

ਸੋ ਸਾਧਸੰਗਤ ਜੀ ਇਹ ਪੌੜੀ ਦੱਸ ਰਹੀ ਹੈ ਕਿ ਜਿਹੜੇ ਖੁਸ਼ਕ ਤੇ ਹਠ ਦੇ ਆਸਰੇ ਹਉਂ ਵਿਚ ਵੇੜ੍ਹੇ ਹੋ ਕੇ ਮੈਂ ਤਪ ਕੀਤੇ ਹਨ, ਜਿਨ੍ਹਾਂ ਦੇ ਨਿਸ਼ਾਨਾ ਵਾਹਿਗੁਰੂ ਨਹੀਂ ਸੀ ਪਰ ਕੇਵਲ ਮਨ ਨੂੰ ਕੋਹਣਾ ਤੇ ਇੰਦ੍ਰਿਆਂ ਨੂੰ ਕੋਹਣਾ ਸੀ, ਉਹ ਤਪ ਗੁਰੂ ਬਾਬੇ ਦਾ ਨਹੀਂ ਸੀ। ਇਹ ਤਾਂ ਨਾਮ ਰੰਗ ਦੀ ਲਹਿਰ ਸੀ ਤੇ ਡਾਢੇ ਉਚੇ ਉਦਮ ਦੀ ਅਵਸਥਾ ਸੀ। ਬ੍ਰਿਧਾਪਨ ਤੇ ਇਹ ਘਾਲ ਤੇ ਇਹ ਨਾਮ ਦਾ ਚਾਉ! ਇਹ ਗੁਰੂ ਨਾਨਕ ਕਮਾਲ ਹੈ! ਸਾਨੂੰ ਪੰਜਵੇਂ ਸਤਿਗੁਰਾਂ ਦੱਸਿਆ ਹੈ - ***ਪ੍ਰਭੁ ਕੀ ਉਸਤਤਿ ਕਰਹੁ ਸੰਤ ਮੀਤ॥ ਸਾਵਧਾਨ ਏਕਾਗਰ ਚੀਤ॥ ਅੰਗ - 295*** ਸੋ ਸਾਵਧਾਨਤਾ ਨਾਮ ਜਪਣ ਵਿਚ ਅਤਿ ਲੋੜੀਂਦੀ ਹੈ।

ਇਨ੍ਹਾਂ ਦਿਨ੍ਹਾਂ ਵਿਚ ਗੁਰੂ ਜੀ ਬੜੇ ਤੇਜ ਵਿਚ ਸਨ।

ਦਰਸ਼ਨ ਦੀ ਝਾਲ ਝੱਲ ਨਹੀਂ ਸੀ ਹੁੰਦੀ। ਦੂਰੋਂ-ਦੂਰੋਂ ਲੋਕੀ ਦਰਸ਼ਨ ਕਰਨ ਆਉਂਦੇ ਤੇ ਇਕ ਦੋ ਦਿਨ ਦਰਸ਼ਨ ਕਰਕੇ ਚਲੇ ਜਾਂਦੇ, ਜੇ ਕੋਈ ਮੱਥਾ ਟੇਕਦਾ ਤਾਂ ਸ੍ਰੀ ਗੁਰੂ ਜੀ ਬੋਲਦੇ ਬਸ ਕਰ ਪੁਰਖਾ, ਤੇਰਾ ਭਲਾ ਹੋਵੇ, ਜਾਹ ਨਾਮ ਜਪ ਜੋ ਦੁਖ ਦੂਰ ਹੋਣ। ਇਨ੍ਹਾਂ ਦਿਨ੍ਹਾਂ ਵਿਚ ਸ੍ਰੀ ਲਹਿਣਾ ਜੀ ਦਾ ਕੀ ਹਾਲ ਸੀ? ਖਿਆਲ ਕਰੋ। ਜੇ ਗੁਰੂ ਰੋੜਾਂ ਦੀ ਕੁਟੀ ਵਿਚ ਹਨ ਤਾਂ ਆਪ ਕਿਤੇ ਨੇੜੇ ਤੇੜੇ ਕੁਟੀ ਦਾ ਦਰਸ਼ਨ ਕਰਦੇ ਖੜ੍ਹੇ ਹਨ ਜਾਂ ਗੁਰੂ ਗੁਰੂ ਜਪਦੇ ਬੈਠੇ ਹਨ। ਜੇ ਗੁਰੂ ਜੀ ਦੋ ਮੀਲਾਂ ਵਿਚ ਫਿਰ ਰਹੇ ਹਨ ਤਾਂ ਸ੍ਰੀ ਲਹਿਣਾ ਜੀ ਕਿਸੇ ਰੁੱਖ ਨਾਲ ਸਿਰ ਲਾਈ ਦੂਰ ਖੜ੍ਹੇ ਹਨ, ਨਾਮ ਨਿਮਗਨ ਹਨ ਤੇ ਦਰਸ਼ਨ ਕਰ ਰਹੇ ਹਨ। ਜਦ ਗੁਰੂ ਜੀ ਨਜ਼ਰੋਂ ਓਝਲ ਹੁੰਦੇ ਹਨ ਤਾਂ ਆਪ ਹੀ ਟੁਰ ਪੈਂਦੇ ਹਨ, ਫੇਰ ਕਿਤੇ ਖੜ੍ਹੋ ਰਹਿੰਦੇ ਹਨ। ਗੱਲ ਕੀ ਜਿੱਥੇ ਤਕ ਨਜ਼ਰ ਪੈਂਦੀ ਰਹੇ ਓਨੀ ਵਿੱਥ ਤੇ ਰਹਿ ਕੇ ਆਪ ਕਦੇ ਖੜੋਂਦੇ ਕਦੇ ਚਲਦੇ ਹਨ। ਜੇ ਆਪ ਨੇ ਅਹਾਰ ਤਿਆਗਿਆ ਹੈ ਤਾਂ ਸ੍ਰੀ ਲਹਿਣਾ ਜੀ ਦਾ ਖਾਣਾ ਪੀਣਾ ਬੀ ਅਤਿ ਘਟ ਗਿਆ ਹੈ। ਉਧਾਰ ਸੁਣ ਸੁਣ ਕੇ ਸੰਗਤਾਂ ਬੇਅੰਤ ਆ ਰਹੀਆਂ ਹਨ। ਭੀੜ ਪਈ ਰਹਿੰਦੀ ਹੈ। ਧਰਮਸਾਲ ਵਿਚ ਆਸਾ ਦੀ ਵਾਰ ਬਿਲਾਵਲ, ਸੋਦਰ ਦੇ ਦੀਵਾਨ ਲਗਦੇ ਹਨ ਤੇ ਪਰਮੇਸਰ ਸਿਮਰਨ ਦਾ ਰੰਗ ਲੱਗਾ ਰਹਿੰਦਾ ਹੈ।

ਹੁਣ ਇਕ ਦਿਨ ਸ੍ਰੀ ਗੁਰੂ ਜੀ ਨੇ ਸਾਰੇ ਸਿੱਖਾਂ ਨੂੰ ਕਿਹਾ, ਸਾਰੇ ਹੱਲ ਵਾਹੋ ਜੋ ਕਣਕ ਹੋਵੇ। ਇਹ ਸੁਣ ਕੇ ਕਈ ਤਾਂ ਖਿਸਕੰਤ ਹੋ ਗਏ ਤੇ ਬਾਕੀ ਦੇ ਲਗ ਪਏ। ਕੁਛ ਦਿਨਾਂ ਮਗਰੋਂ ਇਨ੍ਹਾਂ ਵਿਚੋਂ ਬੀ ਕਈ ਖਿਸਕ ਗਏ। ਹੁਕਮ ਹੋਇਆ ਸੀ ਕਿ ਲੰਗਰ ਇਕ ਵੇਲੇ ਪੱਕੇ। ਸੋ ਹੱਲ ਵਾਹ ਕੇ ਅੱਠੀ ਪਹਿਰੀਂ ਅੰਨ ਕੌਣ ਖਾਵੇ। ਅੱਧਿਓਂ ਵਧ ਹੁਣ ਟੁਰ ਗਏ। ਖਾਲਸਾ ਜੀ ਤੱਕਣਾ ਹੁਣ ਗੁਰੂ ਕੀ ਕਮਾਲ ਦੀ ਕਾਰ ਕਿ ਸਿੱਖ ਹਨ, ਸ਼ਰਧਾ ਨਾਲ ਆਉਂਦੇ ਹਨ ਪਰ ਗੁਰੂ ਜੀ ਭੀੜਾਂ ਨਹੀਂ ਕੱਠੀਆਂ ਕਰਦੇ। ਕੇਵਲ ਭੀੜ ਮਾਤਰ ਕੱਠੀ ਕਰਨੀ ਉਨ੍ਹਾਂ ਦਾ ਪ੍ਰਯੋਜਨ ਨਹੀਂ ਸੀ, ਪਰਖ ਕੇ ਤੋਲ ਕੇ ਸੁੱਚੇ ਹੀਰੇ ਪੈਦਾ ਕਰਨੇ ਆਪ ਦਾ ਕਮਾਲ ਸੀ ਅਤੇ ਢਿੱਲੇ ਮੱਠੇ ਨਿਰੇ ਸੰਸਾਰਕ ਗਰਜ਼ਾਂ ਲਈ ਆਏ ਤੇ ਪ੍ਰਸ਼ਾਦਿਆਂ ਦੇ ਪ੍ਰੇਮੀਆਂ ਦੀ ਭੀੜ ਮਾਤਰ ਨਹੀਂ ਜਮਾ ਹੋਣ ਦਿੰਦੇ ਸੇ। ਗੁਰੂ ਬਾਬੇ ਦੇ ਘਰ ਛਾਂਟ ਹੁੰਦੀ ਰਹਿੰਦੀ ਸੀ। ਹੁਣ ਆਗਿਆ ਹੋਈ ਕਿ ਲੰਗਰ ਦੂਏ ਦਿਨ ਪੱਕੇ। ਸੋ ਹੁਣ ਹੋਰ ਲੋਕੀਂ ਖਿਸਕ ਗਏ। ਬਹੁਤ ਥੋੜ੍ਹੇ ਰਹਿ ਗਏ। ਏਹ ਹੱਲ ਵਾਹੁਣ, ਕਾਰ ਕਰਨ, ਗੁਰੂ ਗੁਰੂ ਜਪਣ ਤੇ ਠਾਣ ਬੈਠੇ ਕਿ ਮਰੀਏ ਚਹਿ ਜੀਵੀਏ ਸੇਵਾ ਨਹੀਂ ਛੋੜਨੀ। ਤਦੋਂ ਫੇਰ ਕੌਤਕੀ ਸਤਿਗੁਰ ਨੇ ਦੋ ਵੇਲੇ ਲੰਗਰ ਦਾ ਹੁਕਮ ਦੇ ਦਿਤਾ। ਇੰਨੇ ਨੂੰ ਫਸਲ ਤਿਆਰ ਹੋ ਗਈ। ਹੁਕਮ ਹੋਇਆ, ਤੁਹਾਡੀ ਘਾਲ ਥਾਂ ਪਈ ਸ਼ੁਭ ਹੋਇਆ। ਵਾਹਿਗੁਰੂ ਭਲਾ ਕਰੇ। ਪਰ ਹੁਣ ਗਾਹ ਨਾ ਪਾਓ, ਭਰੀਆਂ ਬੰਨ੍ਹ ਕੇ ਢੇਰ ਖੜ੍ਹੇ ਕਰ ਦਿਓ। ਜਾਂ ਢੇਰ ਲਗ ਗਏ, ਹੁਕਮ ਹੋਇਆ 'ਅੱਗ ਲਾ ਦਿਓ।' ਕਿਤਨੇ ਤਾਂ ਬੁਰਾ ਮੰਨ ਕੇ ਕਿ ਅੰਨ ਮਿਹਨਤ ਦਾ ਪੈਦਾ ਕੀਤਾ ਕੀਕੂੰ ਫੂਕੀਏ, ਪਰ੍ਹੇ ਹਟ ਗਏ। ਪਰ ਕੁਛ ਆਖਣ ਲੱਗੇ ਜਦ ਅਸੀਂ ਸਿੱਖ ਹਾਂ ਤੇ ਏਹ ਸਾਡੇ ਗੁਰੂ ਸਵਾਮੀ ਧੁਰ ਤੋਂ ਆਏ ਹਨ, ਜੋ ਬਚਨ ਕਰਦੇ ਹਨ ਠੀਕ ਹੈ, ਅਸੀਂ ਬਚਨ ਪਾਲੀਏ, ਸਾਨੂੰ ਇਸ ਅੰਨ ਦੇ ਢੇਰ ਨਾਲ ਕੀਹ? ਉਨ੍ਹਾਂ ਸਤ ਸਤ ਕਹਿ ਕੇ ਅੱਗੇ ਹੋ ਕੇ ਅੱਗ ਲਾ ਦਿਤੀ। ਹੁਣ ਇਨ੍ਹਾਂ ਸਿੱਖਾਂ ਨੂੰ ਨਾਲ ਲੈ ਕੇ ਜਿਨ੍ਹਾਂ ਨੇ ਫਸਲ ਫੂਕ ਦਿਤੀ ਸੀ, ਆਪ ਧਰਮਸਾਲ ਆ ਗਏ, ਸ੍ਰੀ ਲਹਿਣਾ ਜੀ ਬੀ ਇਨ੍ਹਾਂ ਵਿਚ ਹਨ ਤੇ ਨਾਲ ਆਏ ਹਨ। ਕੁਛ ਦਿਨ ਧਰਮਸਾਲ ਪਹਿਲੇ ਰੰਗਾਂ ਦੇ ਬੀਤੇ। ਅੰਨ ਬੀ ਪੱਕੇ, ਸਭੇ ਛਕਣ, ਗੁਰੂ ਜੀ ਬੀ ਛਕਣ, ਮਿਹਰਾਂ ਹੋਣ। ਕੁਛ ਸਮਾਂ ਫੇਰ ਸੁਖਾਂ ਦਾ ਲੰਘ ਗਿਆ। ਇਕ ਦਿਨ ਗੁਰੂ ਜੀ ਨੇ ਧਾਣਕ ਰੂਪ ਧਾਰ ਲਿਆ। ਇਹ ਦੇਖ ਕੇ ਸਾਰੇ ਪਿਛੇ ਹਟ ਗਏ ਤੇ ਆਪੋ ਵਿਚ ਅਚਰਜ ਹੋ ਹੋ ਆਖਣ ਕਿ ਕੀਹ ਭਾਣਾ ਵਰਤਿਆ, ਦੀਵਾਨੇ ਕਿਉਂ ਹੋ ਗਏ ਹਨ? ਤਦੋਂ ਗੁਰੂ ਜੀ ਬਨ ਨੂੰ ਗਏ। ਹੋਰ ਤਾਂ ਪਿਛੇ ਹਟ ਰਹੇ ਪਰ ਸ੍ਰੀ ਲਹਿਣਾ ਜੀ ਨਾਲ ਹੀ ਰਹੇ। ਗਹਿਬਰ ਬਨ ਵਿਚ ਜਾ ਕੇ ਗੁਰੂ ਜੀ ਨੇ ਕਿਹਾ ਪੁਰਖਾ! ਕਿਉਂ ਸਾਡੇ ਨਾਲ ਆਯਾ ਹੈਂ? ਸ੍ਰੀ ਲਹਿਣਾ ਜੀ ਬੋਲੇ, ਪਾਤਸ਼ਾਹ ਆਪ ਬਿਨਾਂ ਮੈਂ ਕਿਵੇਂ ਰਹਿ ਸਕਦਾ ਹਾਂ, ਆਪ ਨੇ ਸਾਂਗ ਅਰੰਭਿਆ ਹੈ, ਆਪ ਉਹੋ, ਵਾਹਿਗੁਰੂ ਰੂਪ ਹੋ। ਜੇ ਮਾਰੋ ਤਾਂ ਰਜ਼ਾ ਜੇ ਰੱਖੋ ਤਾਂ ਰਜ਼ਾ, ਜਮਾਲ ਵਿਚ ਦਿੱਸੋ ਤਾਂ ਮੇਰੇ ਧੰਨ ਭਾਗ ਜੇ ਜਲਾਲ ਵਿਚ ਆ ਕੇ ਤੇਜ ਧਾਰਨ ਕਰੋ ਤਾਂ ਮਿਹਰ ਕਰੋ ਜੇ ਮੈਂ ਨਾ ਡੋਲਾਂ। ਸੁਣ ਕੇ ਬੋਲੇ, ਮੈਂ ਤਾਂ ਮਨ ਭਾਈਆਂ ਕਰ ਰਿਹਾ ਹਾਂ। ਮਾਨੁਖ ਮੈਨੂੰ ਪਾਸ ਚੰਗਾ ਨਹੀਂ ਲਗਦਾ। ਜੇ ਤੂੰ ਬਚਨ ਪਾਲਣਾ ਹੈ ਤਾਂ ਇਸੀ ਵੇਲੇ ਮੇਰੇ ਪਾਸੋਂ ਟੁਰ ਜਾਹੁ। ਸ੍ਰੀ ਲਹਿਣਾ ਜੀ ਨੇ ਸੁਣ ਕੇ ਚਰਨਾਂ ਤੇ ਸੀਸ ਧਰਿਆ, ਮਾਨੋਂ ਪਵਿੱਤਰ ਅਥਰੂਆਂ ਨਾਲ ਚਰਨਾਂ ਨੂੰ ਧੋ ਦਿਤਾ। ਹੱਥ ਜੋੜੇ ਤੇ ਬਿਨਾਂ ਪਿੱਠ ਕੀਤੇ ਦੇ ਪਿਛੇ-ਪਿੱਛੇ ਹਟਦੇ ਦਰਸ਼ਨ ਕਰਦੇ ਸੀਸ ਨਿਵਾਉਂਦੇ ਧੰਨ ਪ੍ਰਭੂ ਨਾਨਕ ਕਹਿੰਦੇ ਛੇਤੀ-ਛੇਤੀ ਧਰਮਸਾਲ ਜਾ ਪਹੁੰਚੇ। ਅੱਗੋਂ ਸੰਗਤਾਂ ਨੇ ਪੁਛਿਆ, ਸੁਣਾਓ ਜੀ ਕਿਵੇਂ ਹੋਈ। ਗੁਰੂ ਗੁਰੂ ਹੈ ਚਾਹੇ ਸੋ ਕਰੇ। ਅਰਦਾਸ ਕਰੋ ਜੋ ਅਸੀਂ ਨਾ ਡੋਲੀਏ, ਸਾਨੂੰ ਸਿਦਕ ਦਾਨ ਮਿਲੇ। ਇੰਨੇ ਨੂੰ ਗੁਰੂ ਜੀ ਆ ਗਏ ਤੇ ਬੋਲੇ ਸਭ ਚਲੇ ਜਾਓ। ਸਿੱਖਾਂ ਬਚਨ ਕੀਤਾ, ਤੇਰੇ ਸਿੱਖ ਹਾਂ। ਤਦ ਗੁਰੂ ਜੀ ਨੇ, ਕੁਤਕਾ ਉਲਾਰਿਆ। ਇਹ ਵੇਖ ਕੇ ਕਿੰਨੇ ਸਿੱਖ ਭੱਜ ਪਏ ਤੇ ਗੁਰੂ ਜੀ ਨੇ, ਜੋ ਖੜੋਤੇ ਰਹਿ ਗਏ ਥੋੜ੍ਹੇ ਜਿਹੇ, ਉਨ੍ਹਾਂ ਨੂੰ ਕਿਹਾ,

(ਬਾਕੀ ਪੰਨਾ 37 ਤੇ)

(ਪੰਨਾ 21 ਦੀ ਬਾਕੀ)

ਸਦਾ ਦਾ ਵਿਗਾਸ, ਸਦਾ ਦਾ ਖੇੜਾ, ਸਦਾ ਦਾ ਚਾਓ ਹੁੰਦਾ ਹੈ। ਕਿਤੇ ਕਿਤੇ ਮਨੁੱਖ ਨੂੰ ਪਤਾ ਲਗਦਾ ਹੈ ਕੋਈ ਖੇਡ ਦੇਖਣ, ਕੋਈ ਮੈਚ ਦੇਖਣ, ਕੋਈ ਹੋਰ ਚੀਜ਼ ਤਾਂ ਕੁਝ ਪਰਿਵਰਤਨ ਨਜ਼ਰ ਆਉਂਦਾ ਹੈ ਅੰਦਰ। ਕੋਈ ਲਾਟਰੀ ਨਿਕਲ ਆਵੇ, ਕੋਈ ਵਿਆਹ ਸ਼ਾਦੀ ਹੋਵੇ, ਕੋਈ ਮਕਾਨ ਮਿਲ ਗਿਆ, ਕੋਈ ਪ੍ਰਾਪਤੀ ਹੋ ਗਈ ਤਾਂ ਥੋੜ੍ਹੀ ਜਿਹੀ ਦੇਰ ਵਾਸਤੇ ਉਥੇ ਸੁਰਤ ਜਾ ਕੇ ਅਨੁਭਵ ਕਰਦੀ ਹੈ ਉਸ ਖੁਸ਼ੀ ਦਾ ਅਸਰ ਲੈ ਕੇ ਸਰੀਰ ਦੇ ਵਿਚ ਆ ਜਾਂਦੀ ਹੈ। ਕਈਆਂ ਨੂੰ ਐਨੀ ਹੁੰਦੀ ਹੈ ਕਿ ਖੁਸ਼ੀ ਸਾਂਭੀ ਨਹੀਂ ਜਾਂਦੀ। ਕੁਝ ਮਹਿਸੂਸ ਹੁੰਦਾ ਹੈ ਅੰਦਰ ਕਿ ਅੰਦਰ ਕੁਝ ਜੀਵਨ ਆ ਗਿਆ, ਕੋਈ ਰੌ ਚਲ ਪਈ ਲੇਕਿਨ ਉਹ ਛਿੰਨ ਭੰਗਰ ਹੋਇਆ ਕਰਦੀ ਹੈ ਥੋੜ੍ਹੀ ਦੇਰ ਤੋਂ ਬਾਅਦ ਉਹ ਲਹਿ ਜਾਂਦੀ ਹੈ।

ਸੋ ਨਾਮ ਦਾ ਜੀਵਨ ਜੋ ਹੈ ਚਾਓ ਭਰਿਆ, ਮਲ੍ਹਾਰਾਂ ਭਰਿਆ, ਖੇੜਿਆਂ ਭਰਿਆ ਉਹ ਨਾਮ ਦੇ ਨਾਲ ਪ੍ਰਾਪਤ ਹੋਇਆ ਕਰਦਾ ਹੈ। ਸੋ ਮਹਾਰਾਜ ਕਹਿੰਦੇ ਜਿਹੜੇ ਨਾਮ ਜਪਦੇ ਨੇ ਉਹ ਜੀਉਂਦੇ ਨੇ। ਇਸ ਕਰਕੇ ਵਾਹਿਗੁਰੂ ਨੂੰ ਨਾ ਭੁਲੋ ਕਦੇ ਵੀ, ਨਾਮ ਜਪੋ। ਉਹ ਅਨਾਥਾਂ ਦਾ ਨਾਥ ਹੈ। ਉਸ ਦੇ ਨਾਲ ਪਿਆਰ ਪਾਓ -

*ਸਭੁ ਕਿਛੁ ਅਪਨਾ ਇਕੁ ਰਾਮੁ ਪਰਾਇਆ॥*

*ਅੰਗ - 1342*

ਸਾਡੀ ਬਿਰਤੀ ਏਸ ਤਰ੍ਹਾਂ ਹੈ। ਦਿੱਤੀਆਂ ਹੋਈਆਂ ਚੀਜ਼ਾਂ ਸਾਡੀਆਂ ਨੇ ਤੇ ਜਿਸ ਨੇ ਦਿੱਤੀਆਂ ਨੇ ਉਹ ਪਰਾਇਆ ਹੈ, ਉਹ ਸਾਡਾ ਕੁਝ ਨਹੀਂ ਲਗਦਾ ਤੇ ਉਹ ਨਾ ਸਾਡੇ ਕਦੇ ਧਿਆਨ ਵਿਚ ਆਵੇ, ਨਾ ਸਾਨੂੰ ਉਸ ਦੀ ਕੋਈ ਸੋਝੀ ਹੈ ਤੇ ਨਾ ਸਾਨੂੰ ਉਸ ਦਾ ਕੋਈ ਪਤਾ ਲਗਦਾ ਹੈ ਕਿਉਂਕਿ ਜਿਥੋਂ ਪਤਾ ਲਗਦਾ ਹੈ ਉਸ ਥਾਂ ਅਸੀਂ ਜਾਂਦੇ ਨਹੀਂ। ਉਹ ਹੈ ਸਤਿਸੰਗ। ਸਤਿਸੰਗ ਦੇ ਵਿਚ ਜਾ ਕੇ ਵਾਹਿਗੁਰੂ ਦਾ ਕੁਝ ਭੇਤ ਖੁਲ੍ਹਦਾ ਹੈ, ਕੁਝ ਸੋਝੀ ਆਉਂਦੀ ਹੈ। ਸੋ ਇਸ ਤਰ੍ਹਾਂ ਮਹਾਰਾਜ ਜੀ ਨੇ ਕਿਰਪਾ ਕਰੀ ਹੈ ਤੁਸੀਂ ਆ ਕੇ ਹਰੀ ਦਾ ਜਸ ਸੁਣਦੇ ਹੋ। ਭਾਈ ਉਦਬੇਗ ਸਿੰਘ ਨੂੰ ਮਹਾਰਾਜ ਜੀ ਨੇ ਮਕਾਨ ਦੀ ਦਾਤ ਦਿੱਤੀ ਹੈ। ਭ ਜਨ ਕਰਨ ਵਾਲਾ ਜੀਵ ਹੈ। ਦੁਨੀਆਂ ਦੇ ਫਿੱਟ ਨਹੀਂ ਹੈ ਇਹ, ਪ੍ਰਮੇਸ਼ਰ ਦੇ ਫਿੱਟ ਹੈ। ਸੋ ਵਾਹਿਗੁਰੂ ਦੀ ਯਾਦ ਵਿਚ ਰਹਿੰਦਾ ਹੈ, ਗੁਰਮੁਖ ਜੀਵਨ ਹੈ ਏਸ ਦਾ, ਸਭ ਕੁਝ ਜਾਣਦੇ ਨੇ ਇਹ ਬੜੀ ਉੱਚੀ ਬਿਰਤੀ ਹੈ। ਮਹਾਰਾਜ ਕਿਰਪਾ ਕਰਨ ਇਨ੍ਹਾਂ ਨੂੰ ਹੋਰ ਵੀ ਆਪਣੀ ਸੋਝੀ ਦੇਣ।

ਵਾਹਿਗੁਰੂ ਜੀ ਕਾ ਖਾਲਸਾ॥

ਵਾਹਿਗੁਰੂ ਜੀ ਕੀ ਫਤਹਿ॥

(ਪੰਨਾ 28 ਦੀ ਬਾਕੀ)

ਆਓ ਮੇਰੇ ਪਿਛੇ। ਇਹ ਕਹਿ ਕੇ ਆਪ ਬਨ ਨੂੰ ਟੁਰ ਪਏ। ਜਾਂ ਬੜੀ ਉਜਾੜ ਆਈ ਤਾਂ ਆਪ ਬੋਲੇ, ਔਹ ਦੇਖੋ ਇਕ ਮੁਰਦਾ ਪਿਆ ਹੈ, ਜੇ ਸਿੱਖ ਹੋ ਤਾਂ ਖਾਓ, ਨਹੀਂ ਤਾਂ ਜਾਓ। ਇਸ ਪਰ ਸਭ ਚਲੇ ਗਏ, ਇਕ ਸ੍ਰੀ ਲਹਿਣਾ ਜੀ ਰਹੇ। ਤਦੋਂ ਨੂੰ ਆਪ ਸ੍ਰੀ ਲਹਿਣਾ ਜੀ ਵਲ ਤੱਕੇ, ਲਹਿਣਿਆਂ ਤੂੰ ਨਹੀਂ ਗਿਆ? ਲਹਿਣਾ ਜੀ ਬੋਲੇ, ਅਸਮਾਨ, ਧਰਤੀ, ਜਲ ਪੌਣ, ਚੁੱਵੀ ਲਾਂਭੀ ਮੇਰਾ ਟਿਕਾਣਾ ਆਪ ਹੋ, ਤੇ ਮੈਂ ਕਿੱਥੇ ਜਾਵਾਂ। ਆਪ ਬੋਲੇ ਜੇ ਮੇਰਾ ਹੈਂ ਤਾਂ ਇਹ ਮੁਰਦਾ ਖਾਹਿ। ਆਪ ਬੋਲੇ ਕਿਸ ਪਾਸਿਓਂ ਆਰੰਭ ਕਰਾਂ? ਗੁਰੂ ਜੀ ਬੋਲੇ ਪੈਰਾਂ ਵਲੋਂ। ਜਦ ਸ੍ਰੀ ਲਹਿਣਾ ਜੀ ਨੇ ਚਾਦਰ ਉਠਾਈ ਤਾਂ ਹੇਠਾਂ ਮੁਰਦਾ ਨਹੀਂ ਕੜਾਹ ਪਿਆ ਸੀ। ਅਚਰਜ ਹੋ ਸ੍ਰੀ ਲਹਿਣਾ ਜੀ ਚਰਨਾਂ ਨਾਲ ਲਿਪਟ ਗਏ ਤੇ ਗੁਰੂ ਕੀ ਕੀਰਤਿ ਗਾਂਵੇਂ -

*ਪਾਰਬ੍ਰਹਮ ਕਰਤਾਰ ਅਪਾਰੀ॥*
*ਏਕੰਕਾਰ ਸਰਬ ਜਗ ਕਾਰੀ॥*
*ਤੁਮਰੀ ਕੁਦਰਤ ਤੁਮ ਬਨਿ ਆਈ॥*
*ਨਹਿ ਔਰਨ ਤੇ ਜਾਨੀ ਜਾਈ॥*

ਤਦ ਸਤਿਗੁਰੂ ਜੀ ਨੇ ਕ੍ਰਿਪਾਲ ਨਦਰ ਪਾਈ ਤੇ ਉਚਾਰਿਆ -

*ਕਹਯੋ ਜੋ ਮੇਰੇ ਅਹੈ ਸਰੂਪਾ॥*
*ਸੋ ਤੁਮ ਹ੍ਵੈ ਹੈ ਪਰਮ ਅਨੂਪਾ॥*
*ਤੇਰੋ ਰੂਪ ਹੋਇਗੋ ਮੋਹੀ॥*
*ਐਸੀ ਅਬ ਅਭੇਦਤਾ ਹੋਹੀ॥*

ਇਸ ਵੇਲੇ ਗੁਰੂ ਕੇ ਵਾਕ ਹੋਣੇ ਪਰ ਸ੍ਰੀ ਲਹਿਣਾ ਜੀ ਨੂੰ ਆਪਣੀ ਇਲਾਹੀ ਅਸਲੀਅਤ ਪੂਰੀ ਪ੍ਰਕਾਸ਼ ਹੋ ਗਈ, ਉਹ ਜੋ ਧੁਰੋਂ ਕਾਰਕ ਹੋਏ ਆਏ ਸੇ, ਜੋ ਗੁਰੂ ਅਵਤਾਰ ਸੇ ਪਰ ਹੁਣ ਤਕ ਸ੍ਰੀ ਲਹਿਣਾ ਜੀ ਦੇ ਸਰੂਪ ਵਿਚ ਪੂਰਨ ਸਿੱਖ ਹੋ ਕੇ ਨਿਭੇ ਸੇ, ਹੁਣ ਉਨ੍ਹਾਂ ਨੂੰ ਆਪਣੀ ਅਸਲੀਅਤ ਤੇ ਵਾਹਿਗੁਰੂ ਰੂਪਤਾ ਦਾ ਪਤਾ ਲਗ ਗਿਆ। ਸ੍ਰੀ ਗੁਰੂ ਜੀ ਦੀ ਮਿਹਰ ਨਾਲ ਉਹ ਜੋ ਸ਼ਕਤੀਆਂ ਕਹੀਦੀਆਂ ਹਨ ਜੋ ਅਵਤਾਰ ਦੇ ਹੁਕਮ ਵਿਚ ਹੁੰਦੀਆਂ ਹਨ ਸੋ ਭੀ ਉਨ੍ਹਾਂ ਦੇ ਹੁਕਮ ਵਿਚ ਹੋ ਗਈਆਂ। ਫਿਰ ਜਿਵੇਂ ਜਗਤ ਦਾ ਉਧਾਰ ਗੁਰੂ ਨਾਨਕ ਨੇ ਆਪ ਕੀਤਾ ਸੀ, ਸੋ ਸ੍ਰੀ ਲਹਿਣਾ ਜੀ ਦੇ ਸਪੁਰਦ ਹੋ ਗਿਆ। ਸੋ ਸਾਧ ਸੰਗਤ ਜੀ! ਦੇਖੋ ਕਿ ਗੁਰੂ ਨਾਨਕ ਚੋਜੀ ਪਿਆਰੇ ਜੀ ਆਪਣੇ ਦੂਸਰੇ ਅਵਤਾਰ ਦੀ ਆਪ ਤਿਆਰੀ ਕਰ ਰਹੇ ਸੇ, ਕਿੰਞ ਤਪ ਹਠ ਕਰਕੇ ਸੰਗਤਾਂ ਨੂੰ ਉਚਾ ਕੀਤਾ। ਕਿੰਞ ਪਰਤਾਵੇ ਕਰਕੇ ਸਿੱਖ ਨਿਤਾਰੇ। ਕਿੰਞ ਕਸਵੱਟੀ ਤੇ ਲਾ ਕੇ ਦਿਖਾ ਦਿਤਾ ਕਿ ਲਹਿਣਾ ਪੂਰਾ ਸਿੱਖ ਹੈ, ਪਰ ਇਹੋ ਪੂਰਾ ਮੇਰਾ ਰੂਪ ਮੇਰਾ ਆਪਾ-ਗੁਰੂ-ਰੂਪ ਹੈ।

# ਹੁਕਮ ਰਜਾਈ ਚਲਣਾ

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂ. ਮਿਸ਼ਨ*

*(ਲੜੀ ਜੋੜਨ ਲਈ ਦੇਖੋ, ਅਗਸਤ ਅੰਕ, ਪੰਨਾ-50)*

ਗੁਰੂ ਪੰਜਵੇਂ ਪਾਤਸ਼ਾਹ ਵੇਲੇ ਇਕ ਗੁਰਸਿਖ ਹੋਇਆ ਜਿਸ ਦਾ ਨਾਂ ਗੁਰਮੁਖ ਸੀ। ਉਹ ਕਹਿਣ ਲੱਗੇ ਕਿ ਸੱਚੇ ਪਾਤਸ਼ਾਹ! ਕੋਈ ਐਸਾ ਗੁਰਸਿਖ ਹੈ ਤਾਂ ਮੈਨੂੰ ਦਰਸ਼ਨ ਕਰਾਓ ਜਿਸ ਦੀ ਬਿਰਤੀ ਦੁਖ ਤੇ ਸੁਖ ਸਮਾਨ ਹੋਵੇ ਡੋਲੇ ਨਾ ਭੋਰਾ ਜਿੰਨਾ ਵੀ।

*ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ॥*
*ਅੰਗ - 1*

ਹੁਕਮ ਇਸ ਦਾ ਖੰਭਾ ਹੈ ਜਿਸ ਦੇ ਉਤੇ ਸਿੱਖੀ ਖੜ੍ਹੀ ਹੈ। ਜੇ ਹੁਕਮ ਨੂੰ ਚੁਕ ਦਿਓ ਵਿਚ ਕੁਝ ਨਹੀਂ ਰਹਿੰਦਾ। ਇਕ ਪ੍ਰੋਫੈਸਰ ਸਾਹਿਬ ਸੀ ਹੁਣ ਤਾਂ ਚੜ੍ਹਾਈ ਕਰ ਗਏ ਬਹੁਤ ਵਿਦਵਾਨ ਮੰਨੇ ਹੋਏ ਸੀ। ਮੈਂ ਕਿਹਾ ਪ੍ਰਿੰਸੀਪਲ ਸਾਹਿਬ ਤੁਸੀਂ ਅਨਰਥ ਬਹੁਤ ਕਰਿਆ ਬਾਣੀ ਦਾ ਤੇ ਤੁਹਾਨੂੰ ਦੇਖ ਦੇਖ ਕੇ ਸਾਰਿਆਂ ਨੇ ਹੀ ਲਿਖ ਦਿੱਤਾ ਹੈ। ਜਿਹੜੀ ਮੈਂ ਕਿਤਾਬ ਚੁਕਦਾ ਹਾਂ ਉਸ ਦੇ ਵਿਚ ਹੀ ਆਹੀ ਗੱਲ ਲਿਖੀ ਹੋਈ ਹੈ। ਉਹ ਕਹਿੰਦਾ, "ਕਿਹੜੀ?"

ਮੈਂ ਕਿਹਾ, "ਜਦੋਂ ਬਾਬਰ ਆਇਆ ਤੇ ਏਮਨਾਬਾਦ ਤੇ ਹੱਲਾ ਕੀਤਾ ਉਸ ਨੇ। ਉਥੇ ਮਹਾਰਾਜ ਦੀਆਂ ਦੋ ਤਿੰਨ ਤੁਕਾਂ ਦਾ ਹਵਾਲਾ ਦਿੱਤਾ ਤੁਸੀਂ! ਇਕ ਤਾਂ ਇਹ ਹੈ –

*ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ॥*
*ਕਰਤਾ ਤੂੰ ਸਭਨਾ ਕਾ ਸੋਈ॥* *ਅੰਗ - 360*

ਦੂਸਰੀ ਉਸਦੇ ਨਾਲ ਲਗਦੀ ਤੁਸੀਂ ਜੋੜ ਲਈ –

*ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ॥*
*ਅੰਗ - 360*

ਗੁਰੂ ਨਾਨਕ ਨੇ ਰੱਬ ਵੱਲ ਮੂੰਹ ਕਰਕੇ, ਉਸ ਨੂੰ ਮੁਖਾਤਬ ਕਰਕੇ, ਕਹਿੰਦਾ, ਹੇ ਰੱਬਾ! ਤੈਨੂੰ ਤਰਸ ਨਾ ਆਇਆ ਐਨੀ ਮਾਰ ਪੁਆ ਦਿੱਤੀ ਤੂੰ ਇਥੇ, ਐਨੇ ਨੌਜਵਾਨ ਮਾਰੇ ਗਏ, ਐਨੀ ਬੇਪਤੀ ਹੋ ਰਹੀ ਹੈ ਔਰਤਾਂ ਦੀ, ਕੋਈ ਰਾਖੀ ਨਹੀਂ ਹੈ। ਤੈਨੂੰ ਤਰਸ ਨਾ ਆਇਆ? ਜਦੋਂ ਫੌਜਾਂ ਲੜਦੀਆਂ ਸੀ ਉਦੋਂ ਤਾਂ ਅਸੀਂ ਕੁਝ ਨਹੀਂ ਸੀ ਕਹਿੰਦੇ। ਹੁਣ ਜਦੋਂ ਸ਼ੇਰ ਛੱਡ ਦਿੱਤੇ ਰਿਆਇਆ ਤੇ ਨਿਹੱਥੀ ਤੇ ਹੁਣ ਵਾਹਿਗੁਰੂ ਤੈਨੂੰ ਪੁਛ ਹੋਏਗੀ।"

ਮੈਂ ਕਿਹਾ, "ਇਹ ਤਾਂ ਤੁਸੀਂ ਨਿਰਾ ਹੀ ਅਣਜਾਣ ਪੁਣਾ ਕਰ ਦਿੱਤਾ, ਬਿਲਕੁਲ ਹੀ। ਪਹਿਲਾਂ ਤਾਂ ਤੁਹਾਡਾ ਕਿਸੇ ਮਹਾਤਮਾ ਨਾਲ ਮੇਲ ਨਹੀਂ ਹੋਇਆ ਤੱਤ ਬੇਤੇ ਨਾਲ, ਫੇਰ ਤੁਸੀਂ ਗੁਰੂ ਨਾਨਕ ਸਾਹਿਬ ਨੂੰ ਬੁਝਿਆ ਹੀ ਨਹੀਂ। ਇਕ ਮਨੁੱਖ ਸਮਝੀ ਜਾਂਦੇ ਹੋ ਉਨ੍ਹਾਂ ਨੂੰ। ਚਲੋ ਜਿਹੜੇ ਇਤਿਹਾਸ 'ਚੋਂ ਤੁਸੀਂ ਇਹ ਗੱਲਾਂ ਲਿਖੀਆਂ ਹਨ ਉਸੇ ਵਿਚ ਲਿਖਿਆ ਹੋਇਆ ਹੈ ਕਿ 13 ਸਾਲ ਪਹਿਲਾਂ 65 ਵਿਚ ਜਦੋਂ ਮਰਦਾਨੇ ਨੂੰ ਧੱਕਾ ਦੇ ਕੇ ਗਾਰੇ ਵਿਚ ਸੁਟ ਦਿੱਤਾ ਪਠਾਣਾਂ ਨੇ। ਉਸ ਵੇਲੇ ਕਹਿੰਦੇ ਮਰਦਾਨਿਆ! ਬਾਣੀ ਆ ਰਹੀ ਹੈ। ਸਮਾਂ ਆਉਣ ਤੋਂ ਪਹਿਲਾਂ ਲਿਖਵਾਈ ਹੈ –

*ਜੈਸੀ ਮੈ ਆਵੈ ਖਸਮ ਕੀ ਬਾਣੀ*
*ਤੈਸੜਾ ਕਰੀ ਗਿਆਨੁ ਵੇ ਲਾਲੋ॥* *ਅੰਗ - 722*

ਉਸ ਦੇ ਵਿਚ ਉਨ੍ਹਾਂ ਨੇ ਕਿਹਾ ਸੀ –

*ਕਾਇਆ ਕਪੜੁ ਟੁਕੁ ਟੁਕੁ ਹੋਸੀ*
*ਹਿਦੁਸਤਾਨੁ ਸਮਾਲਸੀ ਬੋਲਾ॥* *ਅੰਗ - 723*

'ਹੋ ਸੀ' 'ਹੋਇਆ' ਨਹੀਂ ਹੈ ਜਾਂ ਹੋ ਰਿਹਾ ਨਹੀਂ ਹੈ। ਸਮਾਂ ਪਾ ਕੇ ਹੋਏਗਾ। ਮੈਂ ਕਿਹਾ ਇਹ ਗੁਰੂ ਨਾਨਕ ਸਾਹਿਬ ਨੇ ਹੀ ਕਿਹਾ ਸੀ?"

ਕਹਿੰਦਾ, "ਹਾਂ ਜੀ!"

ਮੈਂ ਕਿਹਾ, "ਉਨ੍ਹਾਂ ਨੂੰ ਤਾਂ ਪੂਰਾ ਪਤਾ ਸੀ ਕਿ ਉਹ ਪਾਪਾਂ ਦੇ ਫਲ ਦੇਣ ਵਾਸਤੇ ਆ ਰਿਹਾ ਹੈ ਤੇ ਇਹ ਗੱਲ ਜਿਹੜੀ ਹੈ ਕਿ ਖਸਮ ਨੂੰ ਪੁਛਿਆ ਜਾਏਗਾ। ਉਥੇ ਵੋਟਾਂ ਦਾ ਰਾਜ ਹੈ ਕਿ ਸਾਰੇ ਇਕਠੇ ਹੋ ਕੇ ਵੋਟ ਪਾ ਦਿਓਗੇ ਰੱਬ ਦੇ ਖਿਲਾਫ। ਉਸ ਨੂੰ ਪੁਛਣ ਵਾਲਾ ਕਿਹੜਾ ਹੈ?"

ਜੇ ਸੰਤਾਂ ਨੂੰ ਪੁਛੋ ਤਾਂ ਉਹ ਕਹਿੰਦੇ ਨੇ ਕਿ ਉਸ ਤੋਂ ਬਿਨਾ ਹੈ ਹੀ ਕੁਝ ਨਹੀਂ, ਆਪੇ ਆਪ ਆਪਣਾ ਕੌਤਕ ਕਰ ਰਿਹਾ ਹੈ –

*ਨਾ ਕਛੁ ਆਇਬੋ ਨਾ ਕਛੁ ਜਾਇਬੋ ਰਾਮ ਕੀ ਦੁਹਾਈ॥*
*ਅੰਗ - 695*

ਉਹ ਅਬਿਨਾਸੀ ਕਦੇ ਵੀ ਨਾਸ਼ ਵਿਚ ਨਹੀਂ ਆਉਂਦਾ, ਉਹ ਤਾਂ ਆਪਣੀ ਖੇਡ ਕਰਦਾ ਹੈ, ਗਿਆਨਵਾਨ ਦੇ ਨੇਤਰ ਖੁਲ੍ਹੇ ਹਨ, ਤੁਹਾਡੇ ਪੜ੍ਹਿਆ ਹੋਇਆਂ ਦੇ ਨੇਤਰ ਨਹੀਂ ਖੁੱਲ੍ਹੇ ਤਾਂ ਹੀ ਇਹੋ ਜਿਹੀਆਂ ਊਟ ਪਟਾਂਗ ਗੱਲਾਂ ਲਿਖਦੇ ਹੋ। ਉਥੇ ਦੀਵਾਨ ਵਿਚ ਮਿਲੇ ਸੀ ਮੈਨੂੰ ਜਵੱਦੀ। ਉਥੇ ਹੀ ਬਹਿ ਗਏ ਅਸੀਂ, ਜਿਥੇ ਲੰਗਰ ਸੀ।

ਮੈਂ ਕਿਹਾ, "ਦੇਖੋ! ਇਸ ਦਾ ਕਿੰਨਾ ਮਾੜਾ ਅਸਰ ਦੁਨੀਆਂ ਤੇ ਪਿਆ ਕਿ ਗੁਰੂ ਨਾਨਕ ਸਾਹਿਬ ਨੇ ਰੱਬ ਨੂੰ ਵੀ ਉਲਾਭਾਂ ਦੇ ਦਿੱਤਾ। ਸਿੱਖੀ ਦੀ ਜਿਹੜੀ ਸਭ ਤੋਂ

ਪਹਿਲੀ ਬੁਨਿਆਦ ਹੈ, ਜਿਹੜੀ ਪਹਿਲੀ ਇੱਟ ਉਹ ਹੈ –

*ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥*

*ਅੰਗ - 1*

ਚਲਦੀ ਹੀ ਸਿੱਖੀ ਹੁਕਮ ਤੋਂ ਹੈ, ਇਸ ਨੇ ਏਕਤਾ ਵਿਚ ਪਹੁੰਚਣਾ ਹੈ। ਪਹਿਲਾਂ ਹੁਕਮ ਮੰਨ ਕੇ ਫੇਰ ਅੱਗੇ ਦੀਆਂ ਗੱਲਾਂ ਹੋਣੀਆਂ ਹਨ।"

ਕਹਿੰਦਾ, "ਫੇਰ ਕੀ ਸੀ?"

ਮੈਂ ਕਿਹਾ, "ਫੇਰ ਇਹ ਸੀ ਕਿ ਬਾਬਰ ਨੇ ਗੁਰੂ ਨਾਨਕ ਪਾਤਸ਼ਾਹ ਨੂੰ ਕੈਦ ਕਰ ਦਿੱਤਾ। ਉਸੇ ਇਤਿਹਾਸ ਵਿਚ ਪੜ੍ਹੀਂ ਜਿਸ ਦੇ ਵਿਚੋਂ ਆਹ ਗੱਲ ਕਹਿੰਦਾ ਹੈ। ਮਰਦਾਨੇ ਨੂੰ 4 ਘੋੜੇ ਫੜਾ ਦਿੱਤੇ ਕਿ ਲੈ ਕੇ ਜਾਹ। ਉਹ ਵਿਚਾਰਾ ਧੂਹੀ ਜਾਂਦਾ ਹੈ ਰਬਾਬ ਮੋਢੇ ਤੇ ਪਾਈ ਹੋਈ ਹੈ। ਚਾਰ ਘੋੜੇ ਅੜੀਅਲ ਜਿਹੇ ਘੋੜੇ ਨੇ, ਕੋਈ ਉਧਰ ਨੂੰ ਝਟਕਾ ਮਾਰਦਾ ਹੈ ਕੋਈ ਇਧਰ ਨੂੰ। ਗੁਰੂ ਨਾਨਕ ਸਾਹਿਬ ਦੇ ਸੀਸ ਤੇ ਇਕ ਬੜੀ ਪੰਡ ਟਿਕਾ ਦਿੱਤੀ, ਭਾਈ ਬਾਲੇ ਦੇ ਟਿਕਾ ਦਿੱਤੀ। ਮਹਾਰਾਜ ਕਹਿੰਦੇ ਮਰਦਾਨਿਆ! ਰਬਾਬ ਵਜਾ। ਕਹਿੰਦਾ ਮਹਾਰਾਜ ਰਬਾਬ ਦਾ ਹੁਣ ਵਕਤ ਹੈ? ਆਹ ਘੋੜੇ ਹੀ ਨਹੀਂ ਸਾਹ ਲੈਣ ਦਿੰਦੇ। ਕਹਿੰਦੇ ਆਪਾਂ ਘੋੜੇ ਫੜਨ ਨਹੀਂ ਆਏ ਇਥੇ, ਛੱਡ ਦੇਹ ਇਨ੍ਹਾਂ ਨੂੰ। ਘੋੜੇ ਛੱਡ ਦਿੱਤੇ ਜਿਧਰ ਨੂੰ ਵੀ ਜਾਂਦੇ ਨੇ, ਪਿਛੇ ਪਿਛੇ ਹੀ ਤੁਰੇ ਜਾਂਦੇ ਨੇ। ਗੁਰੂ ਨਾਨਕ ਸਾਹਿਬ ਦੇ ਸੀਸ ਤੋਂ ਇਕ ਹੱਥ ਉਚੀ ਪੰਡ ਜਾ ਰਹੀ ਹੈ। ਭਾਈ ਬਾਲੇ ਦੇ ਸੀਸ ਤੋਂ ਇਕ ਹੱਥ ਉਚੀ ਜਾ ਰਹੀ ਹੈ। ਜਿਥੇ ਚੱਕੀਆਂ ਸੀ ਉਥੇ ਲਾ ਦਿੱਤੇ ਕਿ ਚੱਕੀਆਂ ਚਲਾਓ ਤੇ ਦਾਣੇ ਪੀਸੋ। ਜਿਸ ਵਕਤ ਗੁਰੂ ਨਾਨਕ ਪਾਤਸ਼ਾਹ ਦੇ ਮੁਖਾਰਬਿੰਦ ਤੋਂ ਸ਼ਬਦ ਸ਼ੁਰੂ ਹੋਇਆ ਉਸ ਵੇਲੇ ਹੋਇਆ ਕੀ? ਸਾਰਿਆਂ ਦੀ ਸਮਾਧੀ ਲੱਗ ਗਈ ਸਮੇਤ ਪਹਿਰੇਦਾਰਾਂ ਦੇ, ਇਕ ਵੀ ਨਾ ਰਿਹਾ ਜਿਸ ਨੂੰ ਹੋਸ਼ ਸੀ। ਦੂਜੇ ਪਾਸੇ ਕੀ ਹੋ ਰਿਹਾ ਹੈ? ਸਾਰੀਆਂ ਚੱਕੀਆਂ ਆਪੇ ਹੀ ਚੱਲ ਰਹੀਆਂ ਹਨ, ਦਾਣੇ ਆਪੇ ਹੀ ਪੈ ਰਹੇ ਨੇ। ਬਾਬਰ ਨੂੰ ਦੱਸਿਆ ਕਿ ਕੋਈ ਪੀਰ ਬਰਕਤ ਵਾਲਾ ਆ ਗਿਆ ਤੇ ਦੇਖ ਜਾ ਕੇ। ਬਾਬਰ ਜਦੋਂ ਸ਼ਬਦ ਸੁਣਦਾ ਹੈ ਉਹ ਵੀ ਮੁਗਧ ਹੋ ਗਿਆ, ਮਸਤ ਹੋ ਗਿਆ। ਉਸ ਨੇ ਕਿਹਾ ਕਿ ਆਹ ਨੇ, ਚਰਨ ਫੜ ਲਏ ਗੁਰੂ ਨਾਨਕ ਦੇ, "ਪਾਤਸ਼ਾਹ! ਮੈਥੋਂ ਗਲਤੀ ਹੋਈ, ਮੈਨੂੰ ਹੁਕਮ ਸਾਦਰ ਕਰੋ।"

ਮਹਾਰਾਜ ਕਹਿੰਦੇ, "ਹੁਕਮ ਕਾਹਦਾ ਹੈ? ਆਹ ਗਰੀਬ ਫੜੇ ਨੇ ਤੂੰ। ਇਹ ਛੱਡ ਦੇਹ ਸਾਰੇ। ਜੇ ਚੱਕੀਆਂ ਪਿਹਾਉਣੀਆਂ ਹਨ ਤਾਂ ਇਨ੍ਹਾਂ ਦੀ ਉਜਰਤ ਦੇਹ ਜਿਨ੍ਹਾਂ ਨੇ ਮਿਹਨਤ ਕਰਨੀ ਹੈ ਉਹ ਕਰ ਲੈਣਗੇ, ਛੱਡ ਸਾਰਿਆਂ ਨੂੰ।

ਉਸ ਤੋਂ ਬਾਅਦ ਮਹਾਰਾਜ ਨੇ ਕਿਹਾ ਕਿ ਜਿੰਨਾ ਸਮਾਨ ਖੋਹਿਆ ਹੈ ਸਭ ਵਾਪਸ ਕਰ ਦੇ। ਉਹ ਸ਼ਰਧਾ ਵਿਚ ਆਇਆ ਹੋਇਆ ਸਤਿ ਨੂੰ ਜਾਣ ਗਿਆ ਸੀ ਕਿ ਇਥੇ ਮੇਰਾ ਕੋਈ ਜਵਾਬ ਨਹੀਂ ਚਲਦਾ। ਦ੍ਰਿਸ਼ਟੀ ਗੁਰੂ ਨਾਨਕ ਦੀ ਪੈਣ ਦੇ ਨਾਲ ਉਸ ਦੀ ਬੁੱਧੀ ਜੋ ਭ੍ਰਿਸ਼ਟੀ ਹੋਈ ਸੀ ਉਹ ਸ਼ਾਂਤ ਹੋ ਗਈ। ਉਹ ਜਿਸ ਵਕਤ ਮਹਾਰਾਜ ਨੂੰ ਲੈ ਗਿਆ ਆਪਣੇ ਕੈਂਪ ਵਿਚ ਪਲੰਘ ਦੇ ਉਤੇ ਬਿਠਾਇਆ। ਆਪ ਹੇਠਾਂ ਕੁਰਸੀ ਤੇ ਬੈਠਾ ਨੀਵਾਂ ਹੋ ਕੇ। ਉਥੇ ਮਹਾਰਾਜ ਨੂੰ ਕਿਹਾ ਕੋਈ ਸੇਵਾ? ਮਹਾਰਾਜ ਕਹਿੰਦੇ, "ਸੇਵਾ ਕਾਹਦੀ? ਤੈਨੂੰ ਦਰਦ ਨਹੀਂ ਹੈ ਤੇਰੇ ਅੰਦਰ ਪੱਥਰ ਦਾ ਦਿਲ ਪਾਇਆ ਹੈ ਰੱਬ ਨੇ ਜਾਂ ਮਾਸ ਦਾ ਦਿਲ ਹੈ?

*ਏਤੀ ਮਾਰ ਪਈ ਕਰਲਾਣੇ*
*ਤੈਂ ਕੀ ਦਰਦੁ ਨ ਆਇਆ॥* *ਅੰਗ - 360*

ਤੈਨੂੰ ਦਰਦ ਨਾ ਆਇਆ? ਐਨੀ ਮਾਰ ਪਈ ਹੈ ਇਥੋਂ। ਇਹ ਵਾਹਿਗੁਰੂ ਤਾਂ ਸਾਰਿਆਂ ਦਾ ਹੈ, ਬਾਬਰ! ਤੈਨੂੰ ਜੇ ਜਿਤਾ ਦਿੱਤਾ –

*ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ॥*
*ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ॥*

*ਅੰਗ - 360*

ਤੈਨੂੰ ਭੇਜ ਦਿੱਤਾ ਹਿੰਦੋਸਤਾਨ ਨੂੰ। ਹੁਣ ਮੈਨੂੰ ਇਹ ਦੱਸ ਇਕ ਗੱਲ ਕਿ ਜਦੋਂ ਲੋਧੀ ਹਾਰ ਗਏ, ਤੂੰ ਜਿੱਤ ਗਿਆ ਤੇਰਾ ਰਾਜ ਉਸੇ ਵੇਲੇ ਸ਼ੁਰੂ ਹੋਇਆ ਜਾਂ ਸਮੇਂ ਦਾ ਫਰਕ ਪਾ ਕੇ ਸ਼ੁਰੂ ਹੋਇਆ?"

ਕਹਿੰਦਾ, "ਉਸੇ ਵੇਲੇ।" ਕਿਉਂਕਿ ਰਾਜ ਵਿਚ ਵਿਥ (ਗੈਪ) ਨਹੀਂ ਕਦੇ ਪੈਂਦਾ ਹੁੰਦੀ।

ਸਾਧ ਸੰਗਤ ਜੀ! ਜੇ ਬਰਤਾਨੀਆਂ ਵਾਲਿਆਂ ਦਾ, ਇੰਗਲੈਂਡ ਵਾਲਿਆਂ ਦਾ ਝੰਡਾ ਨਵੀਂ ਦਿੱਲੀ ਉਤਰਿਆ ਲਾਲ ਕਿਲ੍ਹੇ ਤੋਂ ਅੱਧ ਵਿਚ ਦੋ ਇਕੱਠੇ ਹੋ ਗਏ, ਅੱਧ ਤੱਕ ਉਹ ਉਪਰੋਂ ਹੇਠ ਨੂੰ ਆ ਗਿਆ, ਅੱਧ ਤੱਕ ਸਾਡਾ ਹੇਠ ਤੋਂ ਉਪਰ ਚਲਿਆ ਗਿਆ। ਜਦੋਂ ਉਨ੍ਹਾਂ ਨੇ ਹੇਠਾਂ ਉਸ ਨੂੰ ਕਰਿਆ ਉਸੇ ਵੇਲੇ ਸਾਡਾ ਉਤੇ ਹੋ ਗਿਆ, ਰਾਜ ਹੋ ਗਿਆ ਉਸੇ ਵੇਲੇ, ਉਸੇ ਘੜੀ।

ਕਹਿੰਦੇ, "ਰਾਜ ਵਿਚ ਵੀ ਫਾਸਲਾ ਆਇਆ? ਜਦੋਂ ਤੇਰੀਆਂ ਫੌਜਾਂ ਜਿੱਤ ਗਈਆਂ ਤੇਰਾ ਰਾਜ ਹੋ ਗਿਆ। ਜਦੋਂ ਤੇਰੀਆਂ ਫੌਜਾਂ ਲੜਦੀਆਂ ਸੀ ਉਸ ਵੇਲੇ ਸਾਨੂੰ ਕੋਈ ਇਤਰਾਜ ਨਹੀਂ ਸੀ, ਲੋਧੀ ਜਿੱਤ ਜਾਂਦੇ ਚਾਹੇ ਤੁਸੀਂ ਮੁਗਲ ਜਿੱਤ ਜਾਂਦੇ ਪਰ ਤੂੰ ਆਹ ਜਿੱਤਣ ਤੋਂ ਬਾਅਦ ਜਿਹੜੇ ਦਰਿੰਦਿਆ ਨੂੰ ਭੇਜਿਆ ਪਤ ਲਾਹੁਣ ਵਾਸਤੇ ਗਰੀਬਾਂ ਦੀ, ਸਮਝ ਲੈ ਕਿ ਸ਼ੇਰ ਭੇਜ ਦਿੱਤੇ ਗਾਈਆਂ ਵਿਚ। ਹੁਣ ਤੈਥੋਂ ਦਰਗਾਹ ਵਿਚ ਜਾ ਕੇ ਪੁਛਿਆ ਜਾਏਗਾ। ਤੇਰਾ ਕਰਮ

ਜਿਹੜਾ ਹੈ ਉਹ ਪੁਛਿਆ ਜਾਏਗਾ, ਨਿਰੰਕਾਰ ਤੈਨੂੰ ਪੁਛੇਗਾ ਕਿ ਇਹ ਗੱਲ ਤੂੰ ਕੀ ਕਰੀ।

ਮੈਂ ਕਿਹਾ, "ਕਿਥੇ ਪ੍ਰਿੰਸੀਪਲ ਸਾਹਿਬ! ਆਹ ਗੱਲ ਹੈ ਤੁਸੀਂ ਲੋਕਾਂ ਨੂੰ ਉਲਟੇ ਰਸਤੇ ਪਾਈ ਜਾਂਦੇ ਹੋ। ਅੱਧੀ ਦੁਨੀਆ ਨਾਸਤਕ ਹੋ ਗਈ ਕਿ ਗੁਰੂ ਨਾਨਕ ਸਾਹਿਬ ਨੇ ਰੱਬ ਨੂੰ ਵੀ ਚਨੌਤੀ ਦਿੱਤੀ। ਮੈਨੂੰ ਇਕ ਗੱਲ ਦੱਸ ਕਿ ਗੁਰੂ ਨਾਨਕ ਤੇ ਰੱਬ ਦੋ ਸੀ -

***ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ ਇਕ ਵਸਤੁ ਅਨੂਪ ਦਿਖਾਈ॥***
***ਗੁਰ ਗੋਵਿੰਦੁ ਗੋੁਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ॥***
***ਅੰਗ - 442***

ਉਸ ਦਾ ਭੇਦ ਹੀ ਨਹੀਂ ਹੈ।"

ਸੋ ਰਜ਼ਾ ਮੰਨਣੀ ਸਿੱਖੀ ਦਾ ਬਹੁਤ ਵੱਡਾ ਅਸੂਲ ਹੈ, ਦੁਖ ਆਉਂਦਾ ਹੈ ਸੁਖ ਆਉਂਦਾ ਹੈ, ਖੁਸ਼ੀਆਂ ਆਉਂਦੀਆਂ ਹਨ। ਗਮੀਆਂ ਆਉਂਦੀਆਂ ਹਨ, ਰਜ਼ਾ 'ਚ ਰਾਜ਼ੀ ਰਹਿੰਦਾ ਹੈ। ਗੁਰਸਿਖ ਭਾਈ ਗੁਰਮੁਖ ਕਹਿਣ ਲੱਗੇ ਗੁਰੂ ਪੰਜਵੇਂ ਪਾਤਸ਼ਾਹ ਨੂੰ ਕਿ ਪਾਤਸ਼ਾਹ! ਕੋਈ ਇਹੋ ਜਿਹਾ ਗੁਰਸਿਖ ਹੈ ਜਿਹੜਾ ਰਜ਼ਾ ਵਿਚ ਵੀ ਰਾਜੀ ਰਹੇ? ਕਿਉਂਕਿ ਮੈਂ ਦੇਖਿਆ ਕਿ ਕਹਿਣ ਵਾਲੇ ਤਾਂ ਕਹੀ ਜਾਂਦੇ ਨੇ ਲੇਕਿਨ ਜਦੋਂ ਉਨ੍ਹਾਂ ਦੇ ਉਤੇ ਕੋਈ ਗੱਲ ਆ ਕੇ ਪੈਂਦੀ ਹੈ ਉਸੇ ਵੇਲੇ ਥਿੜਕ ਜਾਂਦੇ ਨੇ, ਘਬਰਾ ਜਾਂਦੇ ਨੇ, ਨਿਘਾਰ ਹੋ ਜਾਂਦੀ ਹੈ ਉਨ੍ਹਾਂ ਦੀ ਸੁਰਤੀ ਵਿਚ, ਕੋਈ ਐਸਾ ਵੀ ਹੈ ਜਿਹੜਾ ਥਿਰ ਰਹਿ ਜਾਵੇ?"

ਮਹਾਰਾਜ ਕਹਿੰਦੇ, "ਬੇਅੰਤ ਗੁਰਸਿਖ ਨੇ, ਇਕ ਦੋ ਦੀ ਗੱਲ ਕੀ ਕਰਦਾ ਹੈ, ਪਰ ਜੇ ਤੂੰ ਪ੍ਰਤੱਖ ਰੂਪ ਵਿਚ ਦੇਖਣਾ ਚਾਹੁੰਦਾ ਹੈ ਤਾਂ ਆਏਂ ਕਰ, ਗੁਜਰਾਤ ਚਲਿਆ ਜਾਹ। ਉਥੇ ਇਕ ਅਮੀਰ ਗੁਰਸਿਖ ਹੈ ਜਿਸ ਦਾ ਨਾਉਂ ਭਾਈ ਭਿਖਾਰੀ ਹੈ। ਉਥੇ ਜਾ ਕੇ ਤੈਨੂੰ ਇਸ ਪ੍ਰਸ਼ਨ ਦਾ ਉਤਰ ਮਿਲ ਜਾਏਗਾ।"

ਉਥੇ ਪਹੁੰਚ ਗਿਆ। ਬੜਾ ਸੋਹਣਾ ਮਹੱਲਾ ਹੈ ਉਸਦਾ, ਅਮੀਰ ਗੁਰਸਿਖ ਹੈ ਤੇ ਇਕ ਬੰਦੇ ਨੂੰ ਪੁਛਿਆ ਕਿ ਕਿਥੇ ਮਿਲਣਗੇ। ਕਹਿੰਦੇ ਜੀ ਉਹ ਬੈਠਕ ਵਿਚ ਬੈਠੇ ਨੇ। ਉਥੇ ਪਹੁੰਚ ਗਿਆ ਤੇ ਉਥੇ ਅੱਗੇ ਜਾ ਕੇ ਦਸਿਆ ਕਿ ਮੈਂ ਗੁਰੂ ਮਹਾਰਾਜ ਕੋਲੋਂ ਆਇਆ ਹਾਂ। ਉਸ ਵੇਲੇ ਗੁਰਸਿਖਾਂ ਦਾ ਰਿਵਾਜ ਕੀ ਹੁੰਦਾ ਸੀ ਚਰਨਾਮ੍ਰਿਤ ਲੈਂਦੇ ਸੀ ਧੋ ਕੇ ਕਿ ਗੁਰੂ ਸਾਹਿਬ ਕੋਲੋਂ ਆਇਆ ਹੈ। ਮੇਰੇ ਸਤਿਗੁਰੂ ਨੂੰ ਇਸ ਨੇ ਇਨ੍ਹਾਂ ਨੈਣਾਂ ਨਾਲ ਦੇਖਿਆ ਹੈ। ਇਸ ਸਰੀਰ ਤੇ ਉਨ੍ਹਾਂ ਦੀ ਦ੍ਰਿਸ਼ਟੀ ਪਈ ਹੋਈ ਹੈ। ਉਹ ਜਦੋਂ ਬਚਨ ਕਰਦਾ ਸੀ ਤਾਂ ਉਹ ਉਸ ਵੇਲੇ ਦੇਣਾ ਕੀ ਚਾਹੁੰਦੇ ਸੀ?

***ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ॥***
***ਅੰਗ - 558***

ਬਹੁਤ ਆਦਰ ਕਰਿਆ।

ਕਹਿੰਦੇ, "ਭਾਈ ਗੁਰਮੁਖ ਜੀ! ਕਿਵੇਂ ਆਏ?"

ਕਹਿੰਦੇ, "ਮਹਾਰਾਜ ਨੇ ਭੇਜਿਆ ਸੀ।"

ਕਹਿੰਦੇ, "ਕੋਈ ਨਾ ਤੁਸੀਂ ਜਲ ਪਾਣੀ ਛਕੋ, ਵਿਹਲੇ ਹੋ ਕੇ ਗੱਲ ਕਰਾਂਗੇ, ਕੱਲ੍ਹ ਨੂੰ ਲੜਕੇ ਦੀ ਸ਼ਾਦੀ ਹੈ ਤੇ ਚੰਗਾ ਹੋਇਆ ਗੁਰਸਿਖ ਆ ਗਏ, ਮੇਰੇ ਗੁਰਭਾਈ ਆ ਗਏ ਤੁਸੀਂ ਵੀ ਸਾਡੇ ਨਾਲ ਹੀ ਚਲਿਓ।"

ਉਸ ਵੇਲੇ ਕੀ ਦੇਖਦਾ ਹੈ ਇਕ ਤੱਪੜ ਸੀਉਂਦਾ ਹੈ ਤੇ ਮੰਜੇ ਦੇ ਥੱਲੇ ਦੇਖਿਆ ਤਾਂ ਇਕ ਅਰਥੀ ਪਈ ਹੈ, ਪੂਲਾ ਪਿਆ ਹੈ ਕਣਕ ਦਾ ਤੇ ਇਕ ਨਵਾਂ ਘੜਾ ਲਿਆ ਕੇ ਰਖਿਆ ਹੋਇਆ ਹੈ, ਮਿਰਤਕ ਦਾ ਸਮਾਨ ਲਿਆ ਕੇ ਰਖਿਆ ਹੋਇਆ ਹੈ, ਬਹੁਤਾ ਧਿਆਨ ਨਾ ਦਿੱਤਾ ਤੇ ਪੁਛਿਆ ਵੀ ਨਾ। ਦੂਸਰੇ ਦਿਨ ਲੜਕੇ ਦੀ ਸ਼ਾਦੀ ਹੋਈ, ਬਾਰਾਤ ਗਈ ਉਦੋਂ ਕਈ ਕਈ ਦਿਨ ਬਰਾਤਾਂ ਰਹਿੰਦੀਆਂ ਹੁੰਦੀਆਂ ਸੀ। ਜਦੋਂ ਵਾਪਸ ਆਈ ਬਰਾਤ, ਮਾਤਾ ਖੜ੍ਹੀ ਹੈ, ਪਾਣੀ ਲਿਆ ਹੋਇਆ ਹੈ, ਪਾਣੀ ਵਾਰਨ ਵਾਸਤੇ, ਭੈਣਾਂ ਖੜ੍ਹੀਆਂ ਨੇ ਦਰਵਾਜਾ ਰੋਕੀ, ਅੱਜ ਮੰਗਾਂਗੀਆਂ ਵੀਰ ਤੋਂ ਜੋ ਕੁਝ ਮੰਗਾਗੀਆਂ ਮਿਲੇਗਾ ਤੇ ਉਸ ਤੋਂ ਬਾਅਦ ਹੋਇਆ ਕੀ? ਰੱਥ ਆ ਕੇ ਕੋਲ ਖੜ੍ਹ ਗਿਆ ਤੇ ਭਾਈ ਭਿਖਾਰੀ ਨੇ ਆਪਣੀ ਹੀ ਬੁਕਲ ਦੇ ਵਿਚ ਆਪਣੇ ਪੁੱਤਰ ਨੂੰ ਚੁਕਿਆ ਹੋਇਆ ਹੈ, ਉਹ ਚੜ੍ਹਾਈ ਕਰ ਗਿਆ। ਘਰ ਦੇ ਅੰਦਰ ਸਾਰਾ ਵਾਤਾਵਰਨ ਬਦਲ ਗਿਆ। ਉਸੇ ਵੇਲੇ ਜਿਹੜਾ ਉਹ ਤੱਪੜ ਸੀ ਕੱਢ ਲਿਆਂਦਾ।

ਕਹਿੰਦੇ, "ਬੈਠੋ ਭਾਈ ਇਸ ਦੇ ਉਤੇ। ਸਾਰੇ ਰਿਸ਼ਤੇਦਾਰ ਆਏ ਹੋਏ ਹੋ।" ਅਰਥੀ ਵੀ ਕੱਢ ਲਿਆਂਦੀ ਸਮਾਨ ਵੀ ਕੱਢ ਲਿਆਂਦਾ।

ਕਹਿੰਦੇ, "ਚਲੋ! ਦਿਨ ਦੀ ਲੋਅ-ਲੋਅ ਵਿਚ ਹੀ ਅਸੀਂ ਸਸਕਾਰ ਕਰ ਦੇਈਏ।"

ਉਹ ਹੈਰਾਨ ਹੈ ਕਿ ਵਿਆਹ ਦੇ ਵਿਚ ਇਹ ਆਫਰਿਆ ਨਹੀਂ ਹੈ, ਉਹੀ ਚਿਹਰਾ ਜਦ ਸੀ, ਹੁਣ ਲੜਕਾ ਹੀ ਚੜ੍ਹਾਈ ਕਰ ਗਿਆ ਇਸ ਦਾ ਚਿਹਰਾ ਫੇਰ ਓਹੀ ਹੈ ਇਸ ਦੇ ਵਿਚ ਤਾਂ ਫਰਕ ਹੀ ਨਹੀਂ ਪਿਆ ਕੋਈ। ਰਾਤ ਨੂੰ ਫੇਰ ਉਸ ਨੇ ਪਾਠ ਕਰਿਆ, ਪਰਸ਼ਾਦਾ ਸਾਰੇ ਪਰਿਵਾਰ ਨੂੰ ਛਕਾਇਆ, ਗੁਰਸਿਖ ਨੂੰ ਵੀ ਛਕਾਇਆ। ਉਹ ਇਕੱਲਾ ਹੋ ਕੇ ਕਹਿਣ ਲੱਗਿਆ।

ਕਹਿੰਦਾ, "ਭਾਈ ਭਿਖਾਰੀ ਜੀ! ਤੁਸੀਂ ਗੁਰੂ ਦੇ ਬੜੇ ਅਨਿੰਨ ਸੇਵਕ ਹੋ। ਮੈਨੂੰ ਆਏਂ ਲਗਦਾ ਹੈ ਕਿ ਤੁਹਾਨੂੰ

ਪਤਾ ਸੀ ਕਿ ਤੁਹਾਡਾ ਲੜਕਾ ਚੜ੍ਹਾਈ ਕਰ ਜਾਏਗਾ, ਨਹੀਂ ਆਹ ਮਿਰਤਕ ਦਾ ਸਮਾਨ ਪਹਿਲਾਂ ਤਿਆਰ ਕਰਨ ਦਾ ਕੀ ਮਤਲਬ ਸੀ।"

ਉਹ ਕਹਿੰਦੇ, "ਹਾਂ! ਸਾਨੂੰ ਪਤਾ ਸੀ।"

ਕਹਿੰਦਾ, "ਤੁਸੀਂ ਗੁਰੂ ਮਾਹਾਰਾਜ ਤੋਂ ਇਸ ਦੀ ਉਮਰ ਕਿਉਂ ਨਾ ਮੰਗ ਗਈ?"

ਕਹਿੰਦੇ, "ਫੇਰ ਕਿਹੜਾ ਇਸ ਨੇ ਸੰਸਾਰ ਤੇ ਰਹਿਣਾ ਹੀ ਸੀ? ਫੇਰ ਵੀ ਜਾਣਾ ਸੀ, ਉਮਰ ਤੇ ਤਾਂ ਮੰਗੀਏ ਜੇ ਸਦਾ ਵਾਸਤੇ ਹੀ ਰਹੇ। ਕੋਈ ਅੱਗੇ ਚਲਿਆ ਗਿਆ, ਕੋਈ ਪਿਛੇ ਚਲਿਆ ਗਿਆ, ਜਾਣਾ ਤਾਂ ਸਾਰਿਆਂ ਨੇ ਹੀ ਹੈ ਸੰਸਾਰ ਦੇ ਉਤੇ ਰਹਿੰਦਾ ਤਾਂ ਕੋਈ ਨਹੀਂ ਹੈ।"

***ਧਾਰਨਾ - ਇਥੇ ਰਹਿਆ ਨਾ ਜਗਤ ਉਤੇ ਕੋਈ,***
***ਵਾਰੀ ਆਈ ਤੁਰ ਜਾਵਣਾ -2, 2.***
***ਮੇਰੇ ਪਿਆਰੇ, ਵਾਰੀ ਆਈ ਤੁਰ ਜਾਵਣਾ -2, 2.***
***ਏਥੇ ਰਹਿਆ ਨਾ ਜਗਤ ਉਤੇ ਕੋਈ,......... -2.***

ਸੰਸਾਰ ਰਹਿਣ ਦਾ ਥਾਉਂ ਨਹੀਂ ਹੈ -

***ਜਿਮੀ ਪੁਛੈ ਅਸਮਾਨ ਫਰੀਦਾ ਖੇਵਟ ਕਿੰਨਿ ਗਏ॥***
***ਜਾਲਣ ਗੋਰਾਂ ਨਾਲਿ ਉਲਾਮੇ ਜੀਅ ਸਹੇ॥***

***ਅੰਗ - 488***

ਮਨੁੱਖ ਦੋ ਹਿੱਸਿਆ ਦਾ ਬਣਿਆ ਹੋਇਆ ਹੈ। ਸਰੀਰ ਇਥੇ ਰਹਿ ਜਾਂਦਾ ਹੈ, ਚੇਤਨ ਚੀਜ਼ ਇਸ ਦੇ ਵਿਚ ਜਿਹੜੀ ਮਰਦੀ ਨਹੀਂ ਹੈ, ਉਸ ਨੂੰ ਜੀਵ ਆਤਮਾ ਕਹਿੰਦੇ ਨੇ, ਉਹ ਆਪਣੇ ਚੰਗੇ ਮੰਦੇ ਕਰਮ ਪੋਟਲੀਆਂ ਬੰਨ੍ਹ ਕੇ ਚਲੀ ਜਾਂਦੀ ਹੈ।

ਸੋ ਇਸ ਤਰ੍ਹਾਂ ਕਹਿਣ ਲੱਗੇ, "ਭਾਈ ਸਾਹਿਬ! ਜਾਣਾ ਤਾਂ ਸਾਰਿਆਂ ਨੇ ਹੀ ਹੈ, ਕੀ ਉਮਰ ਮੰਗਦਾ ਮੈ? ਮੰਗਣਾ ਚਾਹੀਦਾ ਹੈ ਗੁਰੂ ਤੋਂ ਨਾਮ ਜਿਸ ਦੇ ਨਾਲ ਸਦਾ ਅਮਰ ਹੋ ਜਾਵੇ।"

ਸੋ ਮਹਾਰਾਜ ਕਹਿੰਦੇ ਭਾਈ! ਰਜ਼ਾ ਵਿਚ ਰਾਜੀ ਰਹਿਣਾ। ਸੋ ਤੀਸਰੀ ਗੱਲ ਹੋਇਆ ਕਰਦੀ ਹੈ ਵਾਸ਼ਨਾਵਾਂ ਦਾ ਸੰਜਮ ਕਰਨਾ ਕਿਉਂਕਿ ਜਿੰਨੇ ਦੇਰ ਤੱਕ ਵਾਸ਼ਨਾਵਾਂ ਨੇ, ਨਾਮ ਨਹੀਂ ਕਦੇ ਵੀ ਜਪ ਸਕਦਾ। ਵਾਸ਼ਨਾ ਜਿਹੜੀ ਹੈ ਹਰ ਵਕਤ ਉਠਦੀ ਹੈ ਜਿਵੇਂ ਸਮੁੰਦਰ ਲਹਿਰਾਂ ਉਠਦੀਆਂ ਹਨ। ਬੇਅੰਤ ਵਾਸ਼ਨਾ ਹੈ ਕਿਸੇ ਨੂੰ ਧਨ ਦੀ ਵਾਸ਼ਨਾ ਹੈ, ਕਿਸੇ ਦੇ ਪੁੱਤਰ ਨਹੀਂ ਹੋਇਆ ਪੁੱਤਰ ਵਾਸ਼ਨਾ ਹੈ, ਜਿਹੜਾ ਬਿਮਾਰ ਹੈ ਉਸ ਨੂੰ ਸਿਹਤ ਦੀ ਵਾਸ਼ਨਾ ਹੈ। ਲੋਕ ਵਾਸ਼ਨਾ ਹੈ ਕਿ 'ਵਿਆਹ ਸ਼ਾਦੀ' ਆ ਗਿਆ ਕੋਈ ਲੋਕ ਮੈਨੂੰ ਮਾੜਾ ਨਾ ਕਹਿਣ, ਵਿਤੋਂ ਵੱਧ ਹੋ ਕੇ ਖਰਚਾ ਕਰਦਾ ਹੈ। ਅਨੁਸ਼ਠਾਨ ਵਾਸ਼ਨਾ ਹੈ - ਸਾਧੂ ਸੰਤਾਂ ਨੂੰ ਹੁੰਦੀ ਹੈ ਪਹਿਲਾਂ ਚੀਲੇ ਕੱਟਣੇ ਫੇਰ ਲੋਕਾਂ ਵਿਚ ਮਹਿਮਾ ਕਰਾਉਣ ਵਾਸਤੇ ਸ਼ਕਤੀਆਂ ਦਿਖਾਉਣੀਆਂ। ਸਾਸ਼ਤਰ ਵਾਸ਼ਨਾ ਹੈ - ਪਹਿਲਾਂ ਪੜ੍ਹਨਾ, ਪੜ੍ਹ ਲਿਖ ਕੇ ਲੋਕਾਂ ਨੂੰ ਹਵਾਲੇ ਯਾਦ ਕਰਕੇ ਸਣਾਉਂਣੀਆਂ ਤੇ ਵਾਹਵਾ ਵਾਹਵਾ ਹਾਸਲ ਕਰਨੀ। ਮਹਾਰਾਜ ਕਹਿੰਦੇ ਇਹ ਵਾਸ਼ਨਾ ਭਜਨ ਨਹੀਂ ਕਰਨ ਦਿਆ ਕਰਦੀ, ਮਨ ਨੂੰ ਟਿਕਣ ਨਹੀਂ ਦਿੰਦੀ ਤੇ ਚੌਥਾ ਹੋਇਆ ਕਰਦਾ ਹੈ ਪਰਭਤਾ ਦਾ ਤਿਆਗ - ਜੇ ਦੁਨੀਆਂ ਬਹੁਤ ਮਾਣ ਕਰਨ ਲੱਗ ਜਾਵੇ ਤਾਂ ਉਹ ਕੋਈ ਨਾ ਕੋਈ ਢੰਗ ਕਰੇ ਕਿ ਮਾਣ ਆਵੇ ਨਾ ਕਿਸੇ ਤਰੀਕੇ ਨਾਲ ਕਿਉਂਕਿ ਇਹ ਗਾਲ ਦਿੰਦਾ ਹੈ -

***ਕਬੀਰ ਮਾਇਆ ਤਜੀ ਤ ਕਿਆ ਭਇਆ***
***ਜਉ ਮਾਨੁ ਤਜਿਆ ਨਹੀ ਜਾਇ॥***
***ਮਾਨ ਮੁਨੀ ਮੁਨਿਵਰ ਗਲੇ ਮਾਨੁ ਸਭੈ ਕਉ ਖਾਇ॥***

***ਅੰਗ - 1372***

ਇਹ ਖਾ ਜਾਂਦਾ ਹੈ ਹੈ ਜਦੋਂ ਆਦਮੀ ਦੀ ਮਹਿਮਾ ਵਧਦੀ ਹੈ ਉਸ ਵੇਲੇ ਕੁਦਰਤੀ ਤੌਰ ਤੇ ਅਭਿਮਾਨ ਵੀ ਨਾਲ ਹੀ ਵਧਦਾ ਹੈ, ਇਹ ਖਾ ਜਾਂਦਾ ਹੈ, ਮਾਣ ਨਾ ਆਉਣ ਦੇਣਾ। ਸਿਖ ਸਦਾ ਨੀਵਾਂ (ਨਿਮਰਤਾ ਨਾਲ) ਰਹਿੰਦਾ ਹੈ, ਚਰਨਾਂ ਦੀ ਧੂੜ ਬਣ ਕੇ ਰਹਿੰਦਾ ਹੈ ਤੇ ਕਹਿੰਦਾ ਕੀ ਹੈ? ਕਿ ਮੇਰੇ ਨਾਲੋਂ ਸਾਰੇ ਹੀ ਚੰਗੇ ਨੇ ਜੇ ਬੁਰਾ ਦੁਨੀਆ ਵਿਚ ਹੈ -

***ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ॥***
***ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ॥***

***ਅੰਗ - 1364***

ਸੋ ਦੂਜਾ ਮਹਾਰਾਜ ਕਹਿਣ ਲੱਗੇ ਕਿ ਮਾਣ ਦਾ ਤਿਆਗ ਕਰੀਦਾ ਹੈ। ਦੋ ਬੜੇ ਮਹਾਤਮਾ ਹੋਏ ਨੇ - ਇਕ ਦਾ ਨਾਉਂ ਭਰਥਰੀ ਸੀ, ਇਕ ਦਾ ਨਾਉਂ ਗੋਪੀ ਚੰਦ ਸੀ। ਉਹ ਤਪ ਕਰਦੇ ਸੀ, ਬੰਦਗੀ ਕਰਦੇ ਸੀ। ਬੰਦਗੀ ਕਰਨ ਵੇਲੇ ਜੇ ਕਿਸੇ ਦੀ ਮਾਨਤਾ ਹੋਣ ਲੱਗ ਜਾਵੇ, ਉਹ ਰਹਿ ਜਾਂਦਾ ਹੈ, ਫਸ ਜਾਂਦਾ ਹੈ ਅੱਗੇ ਨਹੀਂ ਚੱਲ ਸਕਦਾ ਉਥੇ ਹੀ ਰੁਕ ਜਾਏਗਾ ਕਿਉਂਕਿ ਲੋਕ ਬਹੁਤੇ ਆਣ ਲੱਗ ਜਾਣਗੇ, ਹਰ ਵਕਤ ਆਉਣਗੇ ਜਿਵੇਂ ਮੱਖੀਆਂ ਆਉਂਦੀਆਂ ਹਨ ਮਿਠੇ ਤੇ ਇਸੇ ਤਰ੍ਹਾਂ ਆਉਣਗੇ। ਉਨ੍ਹਾਂ ਵਿਚ ਨਾਮ ਵਾਲਾ ਕੋਈ ਨਹੀਂ ਹੋਏਗਾ, ਗਰਜਾਂ ਵਾਲੇ ਹੁੰਦੇ ਨੇ। ਕੋਈ ਕਹਿੰਦਾ ਮੇਰੇ ਪੁੱਤਰ ਨਹੀਂ ਹੋਇਆ, ਮੈਂ ਬਿਮਾਰ ਹਾਂ ਜੀ, ਮੇਰਾ ਕਾਰੋਬਾਰ ਨਹੀਂ ਚਲਦਾ ਜੀ, ਮੈਂ ਇਮਤਿਹਾਨ ਵਿਚੋਂ ਪਾਸ ਹੋ ਜਾਵਾਂ ਪਤਾ ਨਹੀਂ ਕਿੰਨੀਆਂ ਕੁ ਵਾਸ਼ਨਾਵਾਂ ਨੇ। ਸੰਤਾਂ ਸਾਧੂਆਂ ਨੂੰ ਵੀ ਵਾਸ਼ਨਾਵਾਂ ਆ ਘੇਰਦੀਆਂ ਨੇ। ਪ੍ਰਭੁਤਾ ਦੀ ਵਾਸ਼ਨਾ ਲਗ ਜਾਏ, ਤਾਂ ਸਾਧੂ ਸੰਤ ਦੀ ਰੂਹਾਨੀਅਤ ਰਾਹ ਵਿਚ ਹੀ ਰੁਕ ਜਾਂਦੀ ਹੈ। ਕੋਈ ਕੋਈ ਹੀ ਇਸ ਤੋਂ ਬਚਦਾ ਹੈ। ਰਾਜੇ ਭਰਥਰੀ ਹਰੀ ਤੇ ਰਾਜਾ ਗੋਪੀ ਚੰਦ ਦੇ ਅੰਦਰ ਵੈਰਾਗ ਪੈਦਾ ਹੋਇਆ ਤੇ ਉਹ

ਤਪਸਿਆ ਹਿਤ ਰਾਜ ਭਾਗ ਤਿਆਗ ਕੇ ਦੂਰ ਨਿਕਲ ਗਏ। ਜਿਥੇ ਜਾਂਦੇ ਲੋਕ ਭੇਟਾਵਾਂ ਲੈ ਕੇ ਪੁੱਜ ਜਾਂਦੇ, ਵਾਸ਼ਨਾਵਾਂ ਨਾਲ ਘਿਰੇ ਲੋਕ ਆ ਘੇਰਦੇ। ਤੰਗ ਆ ਗਏ ਕਹਿੰਦੇ ਆਪਾਂ ਇਥੋਂ ਤੁਰ ਚਲੀਏ। ਇਥੋਂ ਤੁਰ ਕੇ ਦੱਖਣ ਵਿਚ ਚਲੇ ਗਏ ਦੋਏ ਜਣੇ। ਉਥੇ ਇਕ ਮਾਈ ਸੀ।

ਉਹ ਕਹਿੰਦੀ, "ਮਹਾਤਮਾ ਜੀ! ਤੁਸੀਂ ਕੋਈ ਵੱਡੇ ਮਹਾਤਮਾ ਲਗਦੇ ਹੋ, ਮੈਨੂੰ ਕੋਈ ਸੇਵਾ ਦੱਸੋ।"

ਕਹਿੰਦੇ, "ਮਾਈ ਕਰ ਲਏਂਗੀ?"

ਕਹਿੰਦੀ, "ਹਾਂ ਜੀ।"

ਕਹਿੰਦੇ, "ਦੇਖ! ਅਸੀਂ ਕਰਨਾ ਹੈ ਯੋਗ ਸਾਧਨ ਤੇ ਤਿੰਨ ਤਿੰਨ ਮਹੀਨੇ, ਛੇ ਛੇ ਮਹੀਨੇ ਦੀਆਂ ਅਸੀਂ ਸਮਾਧੀਆਂ ਲਾਉਂਦੇ ਹਾਂ ਤੇ ਤੇਰਾ ਘਰ ਸਾਨੂੰ ਅਨੁਕੂਲ ਲੱਗਿਆ। ਇਕ ਕਮਰਾ ਸਾਨੂੰ ਦੇ ਦੇ। ਉਸ ਦਾ ਅਸੀਂ ਦਰਵਾਜਾ ਬੰਦ ਕਰ ਲਵਾਂਗੇ ਪਰ ਮਾਈ ਇਕ ਗੱਲ ਕਰੀਂ, ਸਾਡੇ ਬਾਰੇ ਕਿਸੇ ਨੂੰ ਖਬਰ ਨਾ ਦੇਈਂ।"

ਉਨ੍ਹਾਂ ਨੇ ਇਸ ਤਰ੍ਹਾਂ ਦੇ ਨਾਲ ਪਹਿਲੀ ਸਮਾਧੀ ਪੂਰੀ ਕਰ ਲਈ, ਫੇਰ ਦੂਜੀ ਵਿਚ ਬੈਠ ਗਏ, ਫੇਰ ਪੂਰੀ ਕਰ ਲਈ।

ਇਕ ਦਿਨ ਪੜੋਸਣ ਨੇ ਪੁਛਿਆ ਕਹਿੰਦੀ, "ਤੁਹਾਡੇ ਕੋਈ ਬਿੜਕ ਵਗੈਰਾ ਹੁੰਦੀ ਰਹਿੰਦੀ ਹੈ ਘਰ ਵਿਚ, ਕਦੇ ਕਦੇ ਬੋਲ ਬਲਾਰਾ ਵੀ ਹੋ ਜਾਂਦਾ ਹੈ।"

ਉਹ ਕਹਿੰਦੀ, "ਭੈਣ! ਕੀ ਦਸਾਂ? ਇਥੇ ਤਾਂ ਰੱਬ ਵਰਗੇ ਸਾਧੂ ਆਏ ਹੋਏ ਨੇ।

ਪਹਿਲੀ ਸਮਾਧੀ ਐਨੇ ਮਹੀਨੇ ਦੀ ਲਾਈ ਤੇ ਦੂਜੀ ਵਾਲੀ ਵਿਚੋਂ ਹੁਣੇ ਨਿਕਲੇ ਨੇ।"

ਕਹਿੰਦੀ, "ਹਾਂ! ਐਹੋ ਜਿਹੇ ਸਾਧੂ! ਤੂੰ ਸਾਨੂੰ ਦੱਸਣਾ ਸੀ।"

ਉਹ ਕਹਿੰਦੀ, "ਮੈਂ ਦੱਸ ਨਹੀਂ ਸਕੀ।"

ਉਸ ਮਾਈ ਨੇ ਅੱਗੇ, ਉਸ ਨੇ ਹੋਰ ਅੱਗੇ, ਉਸ ਨੇ ਹੋਰ ਅੱਗੇ, ਰਾਜੇ ਕੋਲ ਜਾ ਪਹੁੰਚੀ ਖਬਰ ਕਿ ਰਾਜਾ ਤੇਰੇ ਸ਼ਹਿਰ ਵਿਚ ਐਸੇ ਮਹਾਤਮਾ ਆਏ ਹੋਏ ਨੇ। ਰਾਜੇ ਨੇ ਵਜੀਰ ਬੁਲਾਇਆ। ਵਜੀਰ ਨੂੰ ਕਹਿਣ ਲੱਗਿਆ ਕਿ ਆਪਾਂ ਇਹੋ ਜਿਹੇ ਮਹਾਤਮਾ ਦੇ ਦਰਸ਼ਨ ਤਾਂ ਕਰੀਏ ਚੱਲ ਕੇ ਤੇ ਦਰਸ਼ਨ ਕਰਨ ਵਾਸਤੇ ਤਿਆਰੀ ਕਰ ਲਈ, ਬੈਂਡ-ਵਾਜੇ ਨਾਲ ਲੈ ਲਏ, ਬੇਅੰਤ ਭੇਟਾਵਾਂ ਲੈ ਲਈਆਂ। ਜਦੋਂ ਰਾਜਾ ਤੁਰਦਾ ਹੈ ਤਾਂ ਅਹਿਲਕਾਰ ਸਾਰੇ ਹੀ ਨਾਲ ਤੁਰਨੇ ਸੀ, ਵਜੀਰ ਵੀ ਤੁਰਿਆ, ਫੌਜਾਂ ਦਾ ਜਰਨੈਲ ਵੀ, ਛੋਟੇ-ਛੋਟੇ ਕਰਮਚਾਰੀ ਵੀ ਨਾਲ ਨੇ ਜਲੂਸ ਬਣ ਗਿਆ।

ਦੂਰੋਂ ਦੇਖਿਆ ਭਰਥਰੀ ਕਹਿੰਦਾ, "ਗੋਪੀਚੰਦ! ਉਹ ਰੌਲਾ-ਰੱਪਾ ਕਾਹਦਾ ਆ ਰਿਹਾ ਹੈ, ਬੈਂਡ ਵਾਜੇ ਵਜਦੇ ਨੇ ਤੇ ਐਨੀ ਲੋਕਾਈ ਹੈ ਗਿਣੀ ਨਹੀਂ ਜਾਂਦੀ।"

ਕਹਿੰਦੇ, "ਮਾਈ ਕੀ ਆ ਰਿਹਾ ਹੈ?"

ਕਹਿੰਦੀ, "ਆਉਣਾ ਕੀ ਸੀ ਜੀ! ਤੁਹਾਡੇ ਤਪ ਨੂੰ ਫਲ ਲੱਗ ਗਿਆ।"

ਕਹਿੰਦਾ, "ਕੀ?"

ਕਹਿੰਦੀ, "ਰਾਜਾ ਆ ਰਿਹਾ ਹੈ ਤੁਹਾਡੇ ਦਰਸ਼ਨਾਂ ਨੂੰ।"

ਕਹਿੰਦੇ, "ਮਾਈ! ਤੂੰ ਓਹੀ ਕੰਮ ਕਰਕੇ ਹਟੀ ਜਿਸ ਤੋਂ ਅਸੀਂ ਨੱਠੇ ਸੀ।"

ਦੂਜਾ ਕਹਿੰਦਾ, "ਹੁਣ ਕੀ ਹੋਏਗਾ?"

ਗੋਪੀ ਚੰਦ ਕਹਿੰਦਾ, "ਮੈਂ ਜੁਗਤ ਦੱਸ ਦਿੰਦਾ ਹਾਂ।" ਕੰਨ ਵਿਚ ਦਸ ਦਿੱਤੀ ਉਸ ਨੇ ਜੁਗਤ।

ਰਾਜੇ ਨੇ ਬੈਂਡ ਤਾਂ ਪਿਛੇ ਖੜ੍ਹਾ ਦਿੱਤਾ। ਸਾਰਿਆਂ ਨੂੰ ਕਹਿਣ ਲੱਗਿਆ ਕਿ ਪਹਿਲਾਂ ਮੈਨੂੰ ਸੰਤਾਂ ਕੋਲ ਜਾ ਆਉਣ ਦਿਓ ਫੇਰ ਪਿਛੋਂ ਚੱਲਿਓ। ਜਦੋਂ ਸੰਤਾਂ ਦੇ ਕੋਲ ਆਇਆ ਤਾਂ ਉਥੇ ਹੀਰਿਆਂ ਦਾ, ਜਵਾਹਰਾਤ ਦਾ ਥਾਲ ਚੁੱਕਿਆ ਹੋਇਆ ਉਸ ਨੇ ਨੰਗੇ ਪੈਰ ਨੇ। ਜਦੋਂ ਨੇੜੇ ਜਿਹੇ ਆ ਗਿਆ ਜਿਥੋਂ ਗੱਲ ਸੁਣਾਈ ਦਿੰਦੀ ਸੀ ਤਾਂ ਭਰਥਰੀ ਇਕ ਦਮ ਤੁਰਿਆ ਭੀਖਿਆ ਲੈਣ।

ਗੋਪੀ ਚੰਦ ਕਹਿੰਦਾ, "ਗੁਰੂ ਜੀ! ਅੱਜ ਨਹੀਂ ਮੈਂ ਜਾਣ ਦੇਣਾ, ਅੱਜ ਮੇਰੀ ਵਾਰੀ ਹੈ।"

ਰਾਜੇ ਨੇ ਸੁਣ ਲਿਆ ਖੜ੍ਹ ਗਿਆ ਜਰਾ ਕੁ।

ਕਹਿੰਦਾ, "ਤੇਰੀ ਵਾਰੀ ਹੈ ਮੈਂ ਜਾਣਾ ਹੈ। ਕੱਲ੍ਹ ਤੈਨੂੰ ਕਿਸੇ ਮਾਈ ਨੇ ਖੀਰ ਖੁਆ ਦਿੱਤੀ, ਤੂੰ ਬਾਹਰ ਹੀ ਖਾ ਆਇਆ, ਤੇਰੀ ਦਾੜ੍ਹੀ ਨੂੰ ਲੱਗੀ ਹੋਈ ਸੀ। ਤੂੰ ਬਾਹਰੋਂ ਹੀ ਖਾ ਆਉਂਦਾ ਹੈਂ, ਮੈਂ ਨਹੀਂ ਖਾਵਾਂਗਾ।"

ਉਹ ਕਹਿੰਦਾ, "ਗੋਪੀਚੰਦ! ਤੇਰੀ ਵੀ ਦਾੜ੍ਹੀ ਵਿਚ ਲੱਡੂਆਂ ਦੇ ਭੋਰੇ ਪਏ ਸੀ। ਮੈਂ ਜਾਵਾਂਗਾ।"

ਦੋਏ ਜੰਫਮ-ਜੱਫੀ ਹੋ ਗਏ, ਉਸ ਤੋਂ ਉਹ ਖੋਹਦਾ ਹੈ, ਉਸ ਤੋਂ ਉਹ ਖੋਹਦਾ ਹੈ। ਰਾਜੇ ਨੇ ਕਿਹਾ ਆਹ ਸਾਧ! ਹੈਂ! ਕਿੱਡੀ ਗਲਤ ਗੱਲ ਹੋ ਰਹੀ ਹੈ। ਕਿੱਡੀ ਮੈਨੂੰ ਗਲਤ ਖਬਰ ਦਿੱਤੀ ਹੈ। ਉਥੋਂ ਹੀ ਕਹਿੰਦਾ, "ਚਲੋ ਵਾਪਸ।" ਸ਼ੁਕਰ

ਕਰਿਆ ਦੋਹਾਂ ਨੇ।

ਕਹਿੰਦਾ, "ਮਾਈ! ਤੂੰ ਦੰਦਈਏ ਸਾਡੇ ਪਿਛੇ ਪਾ ਦਿੱਤੇ ਸੀ, ਮਸਾਂ ਬਚੇ ਹਾਂ ਅਸੀਂ ਪਰ ਹੁਣ ਅਸੀਂ ਇਥੇ ਰਹਿਣਾ ਨਹੀਂ ਚਲੇ ਜਾਣਾ ਹੈ।"

ਪ੍ਰਭਤਾ ਜਿਹੜੀ ਹੈ ਉਹ ਸਾਧੂ ਸੰਤਾਂ ਨੂੰ ਸੁੱਟ ਲੈਂਦੀ ਹੈ, ਸਿੱਖ ਨੂੰ ਸੁੱਟਦੀ ਹੈ। ਇਹ ਕੋਈ ਅੱਛੀ ਚੀਜ਼ ਨਹੀਂ ਜਿਸ ਦੇ ਦਿਲ ਵਿਚ ਨਿਮਰਤਾ ਰਹੇ। ਨਿਮਰਤਾ ਨਾਲ ਸੱਚੇ ਦਿਲ ਨਾਲ ਕਹੇ –

***ਹਮ ਨਹੀ ਚੰਗੇ ਬੁਰਾ ਨਹੀ ਕੋਇ॥*** ***ਅੰਗ - 728***

ਉਹ ਤਾਂ ਲੰਘ ਜਾਂਦਾ ਹੈ। ਜਿਸ ਨੂੰ ਇਹ ਹੋ ਗਿਆ ਕਿ ਮੈਂ ਤਾਂ ਸੰਤ ਹਾਂ, ਮੈਂ ਵੱਡਾ ਹਾਂ ਉਹ ਰੁਕ ਜਾਂਦਾ ਹੈ ਸਾਧ-ਸੰਗਤ ਜੀ! ਉਸ ਦੀ ਪ੍ਰਭਤਾ ਦੇ ਵਿਚ ਆ ਗਈ ਬਿਰਤੀ, ਲੋਕਾਂ ਦੀ ਮਨੌਤ ਵਿਚ ਆ ਗਈ। ਸੋ ਮਾਣ ਦਾ, ਕਹਿਣ ਲੱਗੇ ਫੇਰ ਮਾਣ ਨਹੀਂ ਕਰੀਦਾ ਕਿਸੇ ਚੀਜ਼ ਦਾ। ਮਾਣ ਦਾ, ਨਿੰਦਿਆ ਉਸਤਤ ਦਾ ਤਿਆਗ। ਨਾ ਨਿੰਦਿਆ ਤੋਂ ਨਰਾਜ਼ ਹੋਣਾ ਨਾ ਉਸਤਤ ਤੋਂ ਖੁਸ਼ ਹੋਣਾ।

ਨਾਮਦੇਵ ਜੀ ਵਿਹਲੇ ਸਮੇਂ ਬੱਚਿਆਂ ਨੂੰ ਰੂਹਾਨੀ ਵਿਦਿਆ ਪੜ੍ਹਾ ਦਿੰਦੇ ਸੀ। ਇਕ ਸੇਠ ਦੇ ਮਨ ਵਿਚ ਖਿਆਲ ਆਇਆ ਕਿ ਮੈਂ ਵੀ ਆਪਣੇ ਬੱਚੇ ਨੂੰ ਉਥੇ ਭੇਜ ਦਿਆ ਕਰਾਂ, ਛੁੱਟੀਆਂ ਹੋਈਆਂ ਹੋਈਆਂ ਨੇ। ਛੋਟਾ ਬੱਚਾ ਸੀ। ਉਸ ਸੇਠ ਨੇ ਆਪਣੀ ਪੂਰੀ ਅਮੀਰੀ ਦਿਖਾਉਂਦੇ ਹੋਏ ਬੱਚੇ ਦੇ ਗਹਿਣੇ ਪਾ ਦਿੱਤੇ ਸਾਰੇ। ਪਹਿਲਾਂ ਇਹ ਰਿਵਾਜ ਹੁੰਦਾ ਬੱਚਿਆਂ ਦੇ ਗਹਿਣੇ ਪਾਉਂਦੇ ਹੁੰਦੇ ਸੀ। ਮੈਂ ਦੇਖੇ ਨੇ ਜਿਸ ਵਕਤ ਗਹਿਣੇ ਪਾਉਂਦੇ ਹੁੰਦੇ। ਉਹ ਗਹਿਣਿਆਂ ਨਾਲ ਭਰਿਆ ਹੋਇਆ ਜਦੋਂ ਆਇਆ।

ਆ ਕੇ ਸੇਠ ਕਹਿਣ ਲੱਗਿਆ, "ਭਗਤ ਜੀ! ਆਹ ਬੱਚੇ ਨੂੰ, ਸਾਡੇ ਨੂੰ ਵੀ ਪੜ੍ਹਾ ਦਿਓ।"

ਕਹਿੰਦੇ, "ਕੋਈ ਨਾ ਛੱਡ ਜਾਓ।"

ਉਹ ਛੱਡਿਆ ਜਦੋਂ ਸ਼ਾਮ ਹੋਈ, ਉਹ ਸਾਹਮਣੇ ਆਇਆ ਛੁੱਟੀ ਦੇਣ ਲੱਗੇ।

ਉਹ ਕਹਿੰਦੇ, "ਆਹ ਬੱਚਾ ਕਿਸ ਦਾ ਹੈ?"

ਕਹਿੰਦੇ, "ਜੀ! ਸੇਠ ਦਾ ਹੈ।"

ਕਹਿੰਦੇ, "ਬੇਟਾ! ਇਥੇ ਆ।"

ਸਾਰੇ ਗਹਿਣੇ ਲਾਹ ਕੇ ਪੋਟਲੀ ਵਿਚ ਬੰਨ੍ਹ ਲਏ। ਉਹ ਬੱਚਾ ਚਲਿਆ ਗਿਆ, ਮਾਂ ਨੇ ਦੇਖਿਆ ਕਿ ਗਹਿਣੇ ਕਿਥੇ ਗਏ।

(ਬੱਚਾ) ਕਹਿੰਦਾ, "ਉਹ ਤਾਂ ਭਗਤ ਜੀ ਨੇ ਲਾਹ ਲਏ ਸਾਰੇ। ਮੈਂ ਕਹਿੰਦਾ ਵੀ ਰਿਹਾ ਜਬਰਦਸਤੀਓ ਲਾਹ ਲਏ।"

ਕਹਿੰਦੀ, "ਬੜਾ ਭਗਤ! ਭਗਤ ਭਗਤ ਲੋਕ ਕਰਦੇ ਹਨ, ਉਹ ਤਾਂ ਪੂਰਾ ਠੱਗ ਹੈ।"

ਕੁਝ ਨਹੀਂ ਕੰਮ ਕਰਿਆ ਉਦੋਂ ਹੀ ਗਵਾਂਢਣ ਦੇ ਗਈ।

ਕਹਿੰਦੀ, "ਲੈ ਭੈਣ! ਸੁਣ ਲੈ, ਉਹਨੂੰ ਭਗਤ ਕਹਿੰਦੇ ਨੇ, ਮੇਰੇ ਪੁੱਤ ਦੇ ਸਾਰੇ ਗਹਿਣੇ ਲਾਹ ਲਏ।"

ਕਹਿੰਦੀ,"ਹੈਂ! ਇਹੋ ਜਿਹਾ ਤਾਂ ਹੈ ਨਹੀਂ।"

ਕਹਿੰਦੀ, "ਪ੍ਰਤੱਖ ਨੂੰ ਕੀ ਪ੍ਰਮਾਣ ਹੈ, ਆਹ ਦੇਖ ਮੇਰਾ ਪੁੱਤ।"

ਉਸ ਨੇ ਪਿੱਠ ਮੋੜੀ (ਘਰ ਆ ਗਈ) ਉਹ ਦੂਜੀ ਦੇ, ਉਹ ਦੂਜੀ ਦੇ ਘਰ ਸਾਰੇ ਹੀ ਨਗਰ ਦੇ ਵਿਚ ਹੋ ਗਿਆ ਕਿ ਨਾਮਦੇਵ ਨੇ ਗਹਿਣੇ ਲਾਹ ਲਏ ਫਲਾਣੇ ਸੇਠ ਦੇ ਲੜਕੇ ਦੇ। ਇੰਨੇ ਨੂੰ ਸੇਠ ਵੀ ਆ ਗਿਆ।

ਕਹਿੰਦੀ, "ਲੈ ਚੰਗਾ ਤੂੰ ਛੱਡ ਕੇ ਆਇਆ ਹੈਂ, ਉਸ ਨੇ ਤਾਂ ਸਾਰੇ ਹੀ ਗਹਿਣੇ ਲਾਹ ਲਏ, ਹੁਣ ਦੇਣੇ ਨੇ ਕਿਤੇ ਉਸਨੇ?"

ਉਹ ਕਹਿੰਦਾ, "ਤੂੰ ਕਾਹਨੂੰ ਕਲਪਦੀ ਹੈਂ? ਮੈਂ ਸਵੇਰੇ ਜਾਵਾਂਗਾ, ਬੰਦਿਆਂ ਵਾਂਗ ਗੱਲ ਕਰਾਂਗਾ, ਐਵੇਂ ਨਾ ਕਲਪੀ ਜਾਹ।"

ਸਵੇਰੇ ਸੇਠ ਬੱਚੇ ਨੂੰ ਲੈ ਕੇ ਆਇਆ।

ਨਾਮਦੇਵ ਜੀ ਪਹਿਲਾਂ ਹੀ ਕਹਿਣ ਲੱਗੇ, "ਸੇਠ ਜੀ! ਜੇ ਮੇਰੇ ਕੋਲ ਪੜ੍ਹਾਉਣਾ ਹੈ ਤਾਂ ਗਹਿਣੇ ਨਾ ਪਾਇਆ ਕਰੋ, ਆਹ ਚੁੱਕੋ ਆਪਣੀ ਪੋਟਲੀ। ਜੇ ਇਸਦਾ ਗੱਲ ਘੁੱਟ ਦਿੰਦਾ, ਕੋਈ ਠੱਗ ਚੁੱਕ ਲੈ ਜਾਂਦਾ ਫੇਰ ਤੁਸੀਂ ਕੀ ਕਰਦੇ? ਮੈਨੂੰ ਉਲਾਂਭਾ ਦੇਣਾ ਸੀ। ਸਿਧਾ ਸਾਦਾ ਭੇਜੋ ਬੱਚੇ ਨੂੰ ਜੇ ਮੇਰੇ ਕੋਲ ਪੜ੍ਹਾਉਣਾ ਹੈ।"

ਸੇਠ ਚਲਿਆ ਗਿਆ, ਜਾ ਕੇ ਕਹਿੰਦਾ, "ਤੂੰ ਤਾਂ ਆਏਂ ਕਹਿੰਦੀ ਸੀ। ਉਹ ਨੇ ਤਾਂ ਇਹਦੀ ਜਾਨ ਬਚਾਈ ਹੈ।"

ਉਸ ਨੇ ਕਿਹਾ ਕਿ ਮੈਂ ਗਵਾਂਢਣ ਨੂੰ ਦੱਸਿਆ ਹੈ, ਨੱਠ ਕੇ ਉਸਦੇ ਘਰ ਗਈ।

ਕਹਿੰਦੀ, "ਭੈਣ! ਉਹ ਐਨਾ ਮਾੜਾ ਨਹੀਂ ਹੈ, ਸੱਚੀਓ ਸਾਡੇ ਬੱਚੇ ਦੀ ਜਾਨ ਬਚਾਈ।"

ਉਹ ਸਾਰੇ ਸ਼ਹਿਰ 'ਚ ਫੇਰ ਹੋ ਗਈ। ਨਾਮਦੇਵ ਜੀ ਬੈਠੇ ਸੀ, ਮੌਜ ਦੇ ਵਿਚ, ਉਹ ਸੁਆਹ ਦਾ ਢੇਰ ਨੇੜੇ ਹੀ ਪਿਆ ਸੀ।

ਇਕ ਨੇ ਕਿਹਾ, "ਭਗਤ ਜੀ! ਪਰਸੋਂ ਤੁਹਾਡੀ ਬੜੀ ਨਿੰਦਿਆ ਹੋਈ ਸ਼ਹਿਰ ਵਿਚ ਤੇ ਕੱਲ੍ਹ ਤੁਹਾਡੀ ਬੜੀ ਉਸਤਤੀ ਹੋਈ।"

ਉਨ੍ਹਾਂ ਨੇ ਦੋਏ ਮੁੱਠੀਆਂ ਭਰ ਲਈਆਂ, ਆਏਂ ਭਰ ਕੇ ਇਕ ਏਧਰ ਸੁੱਟ ਦਿੱਤੀ ਇਕ ਦੂਜੇ ਬੰਨੇ।

ਕਹਿੰਦੇ, "ਆਹ ਨਿੰਦਿਆ ਵਾਲਿਆਂ ਦੇ ਸਿਰ ਵਿਚ, ਆਹ ਉਸਤਤ ਵਾਲਿਆਂ ਦੇ ਸਿਰ ਵਿਚ। ਸਾਨੂੰ ਦੋਹਾਂ ਚੀਜ਼ਾਂ ਦੀ ਲੋੜ ਨਹੀਂ ਹੈ। ਨਾ ਅਸੀਂ ਨਿੰਦਿਆ ਤੋਂ ਘਬਰਾਉਂਦੇ ਹਾਂ, ਨਾ ਅਸੀਂ ਉਸਤਤ ਤੋਂ ਕੁਝ ਉਚੇ ਹੁੰਦੇ ਹਾਂ।"

ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਕਹਿੰਦੇ ਪਿਆਰਿਆ! ਇਹ ਰਹਿਤਾਂ ਨੇ ਗੁਰਸਿਖ ਦੀਆਂ ਅੰਦਰਲੀਆਂ ਸਮਰਪਨ - ਗੁਰੂ ਦੇ ਚਰਨਾਂ ਤੇ ਨਿਛਾਵਰ ਕਰ ਦੇਣਾ, ਤਨ, ਮਨ, ਧਨ ਸਭ ਗੁਰੂ ਦਾ ਸਮਝਣਾ ਫੇਰ ਮੰਤਰ ਤੇ ਵਿਸ਼ਵਾਸ। ਜੋ ਮੰਤਰ ਮਿਲ ਗਿਆ ਉਸ ਤੇ ਵਿਸ਼ਵਾਸ ਕਰਕੇ, ਉਸ ਦੀ ਸਾਧਨਾ ਕਰੇ। ਸੇਵਾ ਦੀ ਲਗਨ, ਸਾਰੇ ਗੁਣ ਧਾਰਨੇ ਦਇਆ, ਖਿਮਾ, ਸੰਤੋਖ ਤੇ ਇਹ ਜਿੰਨੇ ਵੀ ਗੁਣ ਨੇ ਸੋਚ ਹੈ, ਸ਼ੀਲ ਹੈ, ਦਾਨ ਹੈ।

ਇਹ ਸਾਰੇ ਗੁਣ ਧਾਰਨ ਕਰਨੇ, ਇਨ੍ਹਾਂ ਨੂੰ ਧਰਮ ਕਹਿੰਦੇ ਨੇ, ਗੁਣਾਂ ਨੂੰ, ਫੇਰ ਅਭਿਮਾਨ ਨਹੀਂ ਰੱਖਣਾ, ਨੀਵਾਂ ਹੋ ਕੇ ਸੰਗਤਾਂ ਦੀ ਸੇਵਾ ਕਰਨੀ। ਸੋ ਇਸ ਤਰ੍ਹਾਂ ਦੇ ਨਾਲ ਕਹਿਣ ਲੱਗੇ ਪਿਆਰਿਆ! ਲੈ ਤੈਨੂੰ ਹੁਣ ਅਸੀਂ ਤੂੰ ਜਿਹੜੀ ਚੀਜ਼ ਲੈਣ ਆਇਆ ਹੈ ਉਹ ਦਿੰਦੇ ਹਾਂ। ਉਸ ਵੇਲੇ ਮਹਾਰਾਜ ਨੇ ਕਿਰਪਾ ਕਰੀ, ਨਾਮ ਦੀ ਦਾਤ ਦੇ ਦਿੱਤੀ। ਨਾਮ ਦੀ ਦਾਤ ਦੇਣਾ ਕੀ ਸੀ? ਰੋਮ ਰੋਮ ਦੇ ਵਿਚੋਂ ਧੁਨੀ ਉਠ ਖੜ੍ਹੀ ਨਾਮ ਦੀ, ਸੁਰਤੀ ਲੱਗ ਗਈ ਇਕ ਦਮ ਉਨ੍ਹਾਂ ਅਵਸਥਾਵਾਂ ਵਿਚ ਪਹੁੰਚ ਗਿਆ ਜਿਥੇ ਵੱਡੇ ਵੱਡੇ ਯੋਗੀ ਪਹੁੰਚਦੇ ਨੇ।

ਸੋ ਇਸ ਤਰ੍ਹਾਂ ਦੇ ਨਾਲ ਹੁਣ ਸੇਵਾ ਵੀ ਕਰਦਾ ਹੈ ਤੇ ਨਾਲ ਅਵਸਥਾ ਵੀ ਬਹੁਤ ਉੱਚੀ ਹੋਈ ਹੈ। ਬੀਤ ਰਾਗ ਅਰੂੜ੍ਹ ਅਵਸਥਾ ਵਿਚ ਚਲਿਆ ਗਿਆ। ਹਰ ਵਕਤ ਪ੍ਰਮੇਸ਼ਰ ਦੀ ਯਾਦ ਵਿਚ ਰਹਿੰਦਾ ਹੈ, ਹਰ ਵਕਤ ਸੇਵਾ ਕਰਦਾ ਹੈ। ਜਦੋਂ ਇਹ ਮਹਾਰਾਜ ਨੇ ਦੇਖਿਆ ਕਿ ਇਹ ਸਿੱਖ ਹੁਣ ਪੜ੍ਹ ਤਾਂ ਗਿਆ D.Litt ਤੱਕ ਪਹੁੰਚ ਤਾਂ ਗਿਆ ਕਿ ਹੁਣ ਇਹ ਹੈ ਕਿ ਇਸ ਨੂੰ ਅਗਲੀ ਪੜ੍ਹਾਈ ਕਰਾਈਏ। ਅਗਲੀ ਪੜ੍ਹਾਈ ਵਾਸਤੇ, ਉਨੀ ਦੇਰ ਪੜ੍ਹਾਈ ਨਹੀਂ ਹੁੰਦੀ ਜਿੰਨੀ ਦੇਰ ਤੱਕ ਇਮਤਿਹਾਨ ਨਾ ਹੋਵੇ। ਹੁਣ ਮਹਾਰਾਜ ਜੀ ਨੇ ਪਰਚਾ ਪਾਉਣਾ ਸ਼ੁਰੂ ਕਰਿਆ। ਪਹਿਲੀ ਗੱਲ ਕਹੀ ਕਿ ਪਿਆਰਿਆ! ਹੁਣ ਤੈਨੂੰ ਨਾਮ ਦੀ ਦਾਤ ਮਿਲੀ ਨਾਮ ਦੀਆਂ ਉੱਚੀਆਂ ਅਵਸਥਾਵਾਂ ਦੇ ਵਿਚ 'ਸਹਿਜ ਸਮਾਧਿ' ਤੱਕ ਤੇਰੀ ਬਿਰਤੀ ਪਹੁੰਚ ਚੁੱਕੀ ਹੈ। ਹੁਣ ਸਾਨੂੰ ਖੁਸ਼ੀ ਹੈ ਕਿ ਅਸੀ ਤੈਨੂੰ ਭੇਜਦੇ ਹਾਂ, ਪਿੰਡ ਚਲਿਆ ਜਾਹ ਪਰ ਇਕ ਗੱਲ ਅਸੀਂ ਤੈਨੂੰ ਦੱਸ ਦਿੰਦੇ ਹਾਂ, ਤੇਰੇ ਨਾਲ ਸਾਰਾ ਸ਼ਰੀਕਾ ਲਾਗ ਬਾਜੀ ਕਰੇਗਾ, ਤੇਰੀ ਜਮੀਨ ਖੋਹ ਲਏਗਾ, ਤੈਨੂੰ ਧੱਕੇ ਮਾਰ ਕੇ ਪਿੰਡ ਵਿਚੋਂ ਕੱਢ ਦੇਣਗੇ, ਬਹੁਤ ਬੁਰੀ ਹਾਲਤ ਹੋਏਗੀ, ਗਰੀਬ ਹੋ ਜਾਏਂਗਾ ਇਕ ਦਮ ਤੇ ਅਸੀਂ ਤੈਨੂੰ ਸਲਾਹ ਦਿੰਦੇ ਹਾਂ ਕਿ ਉਹ ਮੁਕਾਮ ਜਾ ਕੇ ਫੇਰ ਬਣਾ ਲੈ।

ਕਹਿੰਦਾ, "ਸੱਚੇ ਪਾਤਸ਼ਾਹ! ਹੁਣ ਤਾਂ ਮੇਰਾ ਸਿਦਕ ਤੁਹਾਡੇ ਚਰਨਾਂ ਦੇ ਨਾਲ ਨਿਭ ਜਾਵੇ ਪਾਤਸ਼ਾਹ ਮੇਰੀ ਏਹੀ ਅਰਦਾਸ ਹੈ। ਆਏਂ ਪੜ੍ਹ ਲਓ -

***ਧਾਰਨਾ* - *ਨਿਭ ਜਾਏ ਗੁਰੂ ਜੀ ਨਿਭ ਜਾਏ,***
***ਮੇਰੀ ਚਰਨਾਂ ਨਾਲ ਪ੍ਰੀਤੀ*** *-2, 2.*
***ਚਰਨਾਂ ਨਾਲ ਪ੍ਰੀਤੀ ਮੇਰੀ,***
***ਚਰਨਾਂ ਨਾਲ ਪ੍ਰੀਤੀ*** *-2, 2.*
***ਨਿਭ ਜਾਏ ਗੁਰੂ ਜੀ ਨਿਭ ਜਾਏ*****.....** *-2.*

ਪਾਤਸ਼ਾਹ! ਤੇਰੇ ਚਰਨਾਂ ਨਾਲ ਪ੍ਰੀਤੀ ਨਿਵ ਜਾਵੇ।

ਕਹਿੰਦੇ, "ਭਾਈ ਮੰਝ! ਤੈਨੂੰ ਬਹੁਤ ਦੁਖਾਂ ਦਾ ਸਾਹਮਣਾ ਕਰਨਾ ਪੈਣਾ ਹੈ।" ਕਿਉਂ? ਸਾਰੇ ਸਕੂਲਾਂ ਦੇ ਵਿਚ ਵੀ ਇਮਤਿਹਾਨ ਹੈ। ਰੂਹਾਨੀਅਤ ਵਿਚ ਤਾਂ ਇਹੋ ਜਿਹਾ ਔਖਾ ਇਮਤਿਹਾਨ, ਪਰਚਾ ਪੈਂਦਾ ਹੈ ਕਿ ਆਦਮੀ ਭੁੱਲ ਜਾਂਦਾ ਹੈ, ਕੋਈ ਬਹੁਤ ਸੂਰਮਾ ਹੀ ਪਾਸ ਹੁੰਦਾ ਹੈ।

ਬਾਬਾ ਫਰੀਦ ਜੀ ਜੰਗਲਾਂ ਦੇ ਵਿਚ ਪ੍ਰਮੇਸ਼ਰ ਨੂੰ ਢੂਡਦੇ ਫਿਰਦੇ ਨੇ। ਸੱਤ ਅਵਸਥਾ ਹੁੰਦੀਆਂ ਹਨ ਕੱਲ੍ਹ ਇਨ੍ਹਾਂ ਨੇ ਵੀ ਦੱਸਿਆ ਸੀ ਕਲਿਆਣਦਾਸ ਜੀ ਨੇ। ਮੁਸਲਮਾਨਾਂ ਦੇ ਵੀ ਸੱਤ ਹੀ ਨੇ। ਪਹਿਲੀ ਹੁੰਦੀ ਹੈ 'ਵਾਦੀ-ਏ-ਤਲਾਸ਼' ਤਲਾਸ਼ ਕਰਨਾ। ਤਲਾਸ਼ ਕਰਨ ਵਾਸਤੇ ਉਨ੍ਹਾਂ ਨੂੰ 24 ਸਾਲ ਦਾ ਸਮਾਂ ਲਗਿਆ। ਉਸ ਵੇਲੇ ਪਤਾ ਲੱਗਿਆ -

***ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜਹਿ॥***
***ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ॥***
***ਅੰਗ*** *- 1378*

ਜਿਸ ਨੂੰ ਪਿਆਰਿਆ ਢੂੰਡਦਾ ਹੈ ਉਹ ਤਾਂ ਤੇਰੇ ਹਿਰਦੇ ਵਿਚ ਵਸਦਾ ਹੈ, ਜੰਗਲਾਂ ਵਿਚ ਕਾਹਨੂੰ ਖਰਾਬ ਹੁੰਦਾ ਹੈ? ਪੁੱਠਾ ਲਟਕਦਾ ਹੈ, ਕਾਵਾਂ ਨੇ ਮਾਸ ਖਾ ਲਿਆ-

***ਕਾਗਾ ਕਰੰਗ ਢਢੋਲਿਆ ਸਗਲਾ ਖਾਇਆ ਮਾਸੁ॥***

*ਏ ਦੁਇ ਨੈਨਾ ਮਤਿ ਛੁਹਉ ਪਿਰ ਦੇਖਨ ਕੀ ਆਸ॥*
*ਅੰਗ - 1382*

ਜਾਹ! ਕਿਸੇ ਮੁਰਸ਼ਦ-ਏ-ਕਾਮਲ ਦੀ ਸ਼ਰਨ ਲੈ, ਗੁਰੂ ਤੋਂ ਬਗੈਰ ਇਹ ਰਸਤਾ ਨਹੀਂ ਮਿਲਦਾ ਕਿਉਂਕਿ ਤਾਲਾ ਲੱਗਿਆ ਹੋਇਆ ਹੈ -

*ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ॥*
*ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ॥*
*ਅੰਗ - 205*

ਸਤਿਗੁਰ ਦੀ ਸ਼ਰਨ ਲੈ ਪੂਰੇ ਦੀ। ਤਲਾਸ਼ ਕੀਤੀ ਤੇ ਪਤਾ ਲੱਗਿਆ ਕਿ ਬਖਤਿਆਰ ਕਾਕੀ, ਮੁਯੂਦੀਨ ਨੇ ਜਿਹੜੇ ਦੂਜੇ ਗੱਦੀਦਾਰ ਨੇ। ਉਹ ਇਸ ਵੇਲੇ ਪੂਰਾ ਹੈ। ਉਸ ਥਾਂ ਤੇ ਪਹੁੰਚ ਗਏ। ਪਹਿਲਾਂ ਜਾਂਦੇ ਨੇ ਉਹ ਬੱਚਿਆਂ ਨਾਲ ਗੇਂਦ ਖੇਡਦੇ ਨੇ, ਉਤੇ ਨੂੰ ਮਾਰਦੇ ਨੇ ਤੇ ਬੱਚੇ ਬੋਚ ਲੈਂਦੇ ਨੇ ਉਹ ਬੜੇ ਖੁਸ਼ ਹੁੰਦੇ ਨੇ। ਜਦੋਂ ਉਨ੍ਹਾਂ ਨੇ ਗੇਂਦ ਉਪਰ ਨੂੰ ਮਾਰੀ ਬਾਬੇ ਫਰੀਦ ਨੇ ਨਿਗ੍ਹਾ ਕਰੀ ਉਥੇ ਹੀ ਰੋਕ ਦਿੱਤੀ, ਉਤੇ ਹੀ ਅਸਮਾਨ ਵਿਚ। ਜਦੋਂ ਹੇਠਾਂ ਨਾ ਆਈ ਤਾਂ ਉਸ ਨੇ ਦੇਖਿਆ ਤੇ ਥੱਲੇ ਆ ਗਈ, ਨਾਲ ਦੇਖਿਆ ਕਿ ਆਹ ਦਰਵੇਸ਼ ਖੜ੍ਹਾ ਹੈ ਕੋਈ।

ਕਿਹਾ ਕਿ ਦਰਵੇਸ਼ ਸਾਈਂ! ਕਿਵੇਂ ਆਏ?"

ਕਹਿੰਦਾ, "ਮੈਂ ਤੁਹਾਨੂੰ ਮਹਾਰਾਜ ਪੀਰ ਬਣਾਉਣ ਵਾਸਤੇ ਆਇਆ ਹਾਂ।"

ਕਹਿੰਦੇ, "ਪੀਰ ਬਣਾਉਣ ਆਇਆ ਹੈ ਜਾਂ ਪੀਰ ਬਣਨ ਆਇਆ ਹੈਂ?" ਆਏਂ ਨਹੀਂ ਆਈਦਾ ਹੁੰਦਾ ਸਤਿ ਪੁਰਸ਼ਾਂ ਕੋਲ, ਨਿਮਰਤਾ ਧਾਰ ਕੇ ਆਈਦਾ ਹੈ, ਜਾਹ ਤੂੰ ਹੱਕਦਾਰ ਨਹੀਂ ਹੈ।"

ਵਾਪਸ ਚਲਿਆ ਗਿਆ। ਕੁਝ ਸਮਾਂ ਠਹਿਰ ਕੇ ਫੇਰ ਆਉਂਦਾ ਹੈ। ਉਸ ਵੇਲੇ ਉਹ ਇਕ ਦਰਖਤ ਦੇ ਥੱਲੇ ਬੈਠੇ ਨੇ, ਦਰਖਤ ਤੇ ਪੱਤਾ ਕੋਈ ਨਹੀਂ ਹੈ, ਮੁੱਢ ਹੈ ਤੇ ਇਸ ਨੇ ਦੇਖਿਆ ਕਿ ਮੇਰਾ ਜਿਹੜਾ ਪੀਰ ਹੈ, ਉਹ ਧੁੱਪ ਵਿਚ, ਜੇਠ ਦੀ ਧੁੱਪ ਪੈ ਰਹੀ ਹੈ ਕਿਤੇ ਸਮਾਧੀ ਵੇਲੇ ਬੈਠ ਗਿਆ ਤੇ ਹੁਣ ਪਤਾ ਨਹੀਂ ਹੈ ਤੇ ਹੋਵੇ ਨਾ ਤਾਂ ਮੈਂ ਛਾਂ ਕਰ ਦੇਵਾਂ, ਦਰਖਤ ਵੱਲ ਦੇਖਿਆ, ਪੱਤੇ ਕੱਢ ਦਿੱਤੇ, ਟਾਹਣੀਆਂ ਕੱਢ ਦਿੱਤੀਆਂ। ਜਦੋਂ ਛਾਂ ਹੋਈ ਤਾਂ ਉਸ ਨੇ ਨੇਤਰ ਖੋਲ੍ਹੇ ਦੇਖਿਆ ਓਹੀ ਬੰਦਾ ਫੇਰ ਖੜ੍ਹਾ ਹੈ। ਆਪ ਉਪਰ ਨੂੰ ਝਾਕੇ ਸਾਰਾ ਗਾਇਬ ਕਰ ਦਿੱਤਾ ਜਿੰਨਾ ਸੀ, ਮੁੜ ਕੇ ਡੱਡ ਕਰ ਦਿੱਤਾ।

ਕਹਿੰਦੇ, "ਕੀ ਗੱਲ?"

ਕਹਿੰਦਾ, "ਮੈਂ ਤੁਹਾਡਾ ਮੁਰੀਦ ਬਣਨਾ ਹੈ।"

ਕਹਿੰਦੇ, "ਮੁਰੀਦ ਨਹੀਂ ਇਸ ਤਰ੍ਹਾਂ ਹੁੰਦਾ। ਮੁਰੀਦ ਬਣਨ ਵਾਸਤੇ ਆਪਣੇ ਆਪ ਨੂੰ ਪਿਆਰਿਆ! ਮਾਰਨਾ ਪੈਂਦਾ ਹੈ।"

*ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ।*
*ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ।*
*ਭਾਈ ਗੁਰਦਾਸ ਜੀ ਦੀ ਵਾਰ 3/18*

ਕੱਲ੍ਹ ਮੈਂ ਬੇਨਤੀ ਕਰੀ ਸੀ ਇਥੇ। ਸੋ ਇਸ ਤਰ੍ਹਾਂ ਦੇ ਨਾਲ ਫੇਰ ਨਿਮਰਤਾ ਨਾਲ ਆਇਆ। ਹੁਣ ਦੂਜੀ ਅਵਸਥਾ ਸ਼ੁਰੂ ਹੋ ਗਈ, ਪੀਰ ਨਾਲ ਪਿਆਰ ਹੋ ਗਿਆ, ਗੁਰੂ ਨਾਲ ਇਸ ਨੂੰ 'ਵਾਦੀ-ਏ-ਇਸ਼ਕ' ਕਹਿੰਦੇ ਨੇ, ਪਹਿਲੀ ਤਲਾਸ਼ ਹੈ ਦੂਜੀ ਇਸ਼ਕ। ਸਤਿਸੰਗ ਦੇ ਨਾਲ ਪਤਾ ਲੱਗ ਜਾਂਦਾ ਹੈ ਤੁਹਾਨੂੰ ਸਾਰਿਆਂ ਨੂੰ ਜਿਵੇਂ ਕਿ ਵਾਹਿਗੁਰੂ ਪਰਿਪੂਰਨ ਹੈ ਉਸ ਨੂੰ 'ਵਾਦੀ-ਏ-ਮਾਰਫਤ' ਕਹਿੰਦੇ ਨੇ। ਫੇਰ ਜਦੋਂ ਨਾਮ ਜਪਦਾ ਹੈ, ਨਾਮ ਜਪਦੇ ਜਪਦੇ ਸੁਰਤ ਇਕਾਗਰ ਹੋ ਜਾਂਦੀ ਹੈ ਤੇ ਫੇਰ ਲਿਵ ਦੇ ਵਿਚ ਚਲਿਆ ਜਾਂਦਾ ਹੈ। ਉਸ ਨੂੰ 'ਵਾਦੀ-ਏ-ਮਹਿਦੀਅਤ' ਕਹਿੰਦੇ ਨੇ 'ਲਿਵ ਦੀ ਅਵਸਥਾ'। ਜਦੋਂ ਲਿਵ ਵਿਚ ਚਲਿਆ ਗਿਆ ਆਪਣਾ ਆਪਾ ਮਿਟਣਾ ਸ਼ੁਰੂ ਹੋ ਜਾਂਦਾ ਹੈ, ਜਿਹੜਾ ਮੈਂ ਪਹਿਲਾਂ ਦਸਦਾ ਸੀ ਹਉਮੈ ਵਾਲਾ, ਉਸ ਨੂੰ 'ਵਾਦੀ-ਏ-ਵਹਿਦਤ' ਕਹਿੰਦੇ ਨੇ, ਪੰਜਵੀਂ ਮੰਜਲ ਆ ਗਈ। ਛੇਵੀਂ ਜਿਹੜੀ ਹੈ ਜਦੋਂ ਰੱਬ ਦੇ ਦਰਵਾਜੇ ਤੱਕ ਪਹੁੰਚ ਜਾਂਦਾ ਹੈ ਉਥੇ 'ਵਾਦੀ-ਏ-ਹੈਰਾਨ' ਜਿਸ ਨੂੰ 'ਵਿਸਮਾਦ' ਕਹਿੰਦੇ ਨੇ ਆਪਣੇ।

*ਵਿਸਮਾਦੁ ਨਾਦ ਵਿਸਮਾਦੁ ਵੇਦ॥* *ਅੰਗ - 463*

ਇਥੇ ਤੱਕ ਤਾਂ ਜੀਵ ਪਹੁੰਚ ਜਾਂਦੇ ਨੇ, ਤੁਸੀਂ ਵੀ ਪਹੁੰਚ ਸਕਦੇ ਹੋ, ਮੈਂ ਵੀ ਪਹੁੰਚ ਸਕਦਾ ਹਾਂ, ਉਹ ਵੀ ਗੁਰੂ ਦੀ ਕਿਰਪਾ ਹੋਵੇ, ਤੱਤ ਬੇਤੇ ਮਹਾਂਪੁਰਸ਼ ਨਾਲ ਹੋਵੇ ਸੰਗਤ, ਵਹਿਮ ਪ੍ਰਸਤੀ ਹੋਵੇ ਨਾ, ਨਾਮ ਜਪੇ ਤੇ ਬਚਨ ਉਨ੍ਹਾਂ ਦੇ ਸੁਣੇ, ਏਦੂੰ ਅੱਗੇ ਨਹੀਂ ਪਹੁੰਚਣ ਨੂੰ ਜੀਵ ਦੇ ਵਸ।

ਇਥੇ ਜਿਹੜਾ ਪੂਰਾ ਗੁਰੂ ਹੈ, ਪੂਰਾ ਮੁਰਸ਼ਦ ਹੈ ਉਸ ਦੀ ਮੇਹਰ ਦੀ ਨਿਗ੍ਹਾ ਹੋ ਜਾਵੇ -

*ਨਾਨਕ ਨਦਰੀ ਨਦਰਿ ਨਿਹਾਲ॥* *ਅੰਗ - 8*

ਉਹ ਇਸ ਨੂੰ ਚੁੱਕ ਕੇ 'ਵਾਦੀ-ਏ-ਫਨਾਹ-ਫਿੱਲਾ' ਵਿਚ ਲੈ ਜਾਂਦਾ ਹੈ, ਜਿਥੇ ਆਪਣਾ ਆਪਾ ਜਿਹੜਾ ਬਣਾਇਆ ਸੀ ਹਉਮੈ ਵਾਲਾ, ਉਹ ਪੂਰੀ ਤਰ੍ਹਾਂ ਖਤਮ ਹੋ ਜਾਂਦਾ ਹੈ ਤੇ ਹੋ ਕੀ ਜਾਂਦਾ ਹੈ? ਰੱਬ ਹੋ ਜਾਂਦਾ ਹੈ -

*ਕਬੀਰ ਜਾ ਕਉ ਖੋਜਤੇ ਪਾਇਓ ਸੋਈ ਠਉਰੁ॥*
*ਸੋਈ ਫਿਰਿ ਕੈ ਤੂ ਭਇਆ ਜਾ ਕਉ ਕਹਤਾ ਅਉਰੁ॥*
*ਅੰਗ - 1369*

ਤੇ ਬਾਬਾ ਫਰੀਦ ਜੀ ਸੇਵਾ ਕਰਦੇ 14 ਸਾਲ ਲੰਘ

ਗਏ, ਇਕ ਦਿਨ ਉਪਦੇਸ਼ ਦਿੱਤਾ ਮੁੜ ਕੇ ਬੁਲਾਏ ਹੀ ਨਹੀਂ। ਅਸੀਂ ਤਾਂ ਉਦੋਂ ਹੀ ਗੁੱਸੇ ਹੋ ਜਾਂਦੇ ਹਾਂ ਕਿ ਮੇਰੇ ਨਾਲ ਤਾਂ ਬੋਲਦੇ ਹੀ ਨਹੀਂ ਬਾਬਾ ਜੀ, ਮੈਨੂੰ ਤਾਂ ਨਿਗ੍ਹਾ ਥੱਲੇ ਹੀ ਨਹੀਂ ਲਿਆਉਂਦੇ ਕਿਉਂ ਅਸੀਂ ਬਹੁਤ ਸਸਤੇ ਹਾਂ ਦੇਣ ਵਾਲੇ ਵੀ ਸਸਤੇ, ਲੈਣ ਵਾਲੇ ਵੀ ਸਸਤੇ।

ਗੁਰੂ ਅੰਗਦ ਸਾਹਿਬ ਨੇ ਗੁਰੂ ਅਮਰਦਾਸ ਜੀ ਨੂੰ ਜਿਸ ਦਿਨ ਬੁਲਾਇਆ, ਉਸ ਦਿਨ ਪੂਰਾ ਹੀ ਕਰ ਦਿੱਤਾ। ਪਹਿਲਾਂ ਬੁਲਾਏ ਹੀ ਨਹੀਂ ਸੀ ਉਹ। ਇਹ ਸੰਤਾਂ ਦੀ ਆਪਣੀ ਬਿਰਤੀ ਹੁੰਦੀ ਹੈ ਕਿਉਂਕਿ ਉਸ ਨੂੰ ਲੰਘਾਉਣਾ ਹੁੰਦਾ ਹੈ, ਜਿਸ ਨੂੰ ਡੋਬਣਾ ਹੋਵੇ ਉਸ ਦੇ ਗੁਣ ਦੱਸਣ ਲੱਗ ਜਾਂਦੇ ਨੇ ਕਿ ਤੇਰੇ ਵਿਚ ਆਹ ਗੁਣ ਹੈ, ਤੂੰ ਬੜਾ ਸੋਹਣਾ ਕੀਰਤਨ ਕਰਦਾ ਹੈ, ਤੇਰੀ ਸੰਗਤ ਬੜੀ ਹੈ। ਉਹ ਉਥੇ ਰੁਕ ਜਾਂਦਾ ਹੈ।

ਸੋ ਇਸ ਤਰ੍ਹਾਂ ਬਾਬਾ ਫਰੀਦ, ਜਦੋਂ ਪਤਾ ਲੱਗਿਆ ਕਿ ਹੁਣ ਇਸ ਦਾ ਇਮਤਿਹਾਨ ਲਈਏ, ਕਸਵੱਟੀ ਲਾ ਦਿੱਤੀ। ਉਹ ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰਾਇਆ ਕਰਦਾ ਸੀ ਆਪਣੇ ਮੁਰਸ਼ਦ ਦਾ ਤੇ ਅੱਜ ਪੋਹ ਦਾ ਮਹੀਨਾ ਹੈ ਛਾਛੜੇ ਮੀਂਹ ਪੈਂਦਾ ਹੈ, ਠੰਡੀ ਰਿਵੀ ਚਲਦੀ ਹੈ, ਕਪੜਿਆਂ ਦੇ ਵਿਚੋਂ ਵੀ ਨਿਕਲ ਕੇ ਅੰਦਰ ਜਾਂਦੀ ਹੈ। ਠੁਰ ਠੁਰ ਕਰ ਰਹੇ ਨੇ। ਬਾਬੇ ਫਰੀਦ ਨੂੰ ਜਦੋਂ ਜਾਗ ਆਈ ਤਾਂ ਕੀ ਦੇਖਦਾ ਹੈ ਕਿ ਉਹ ਜਿਹੜੇ ਬਰਤਨ ਵਿਚ ਰੱਖੀ ਹੋਈ ਸੀ ਅੱਗ ਉਹ ਤਾਂ ਬੁਝ ਗਈ, ਪਾਣੀ ਭਰ ਗਿਆ। ਫਿਕਰ ਪੈ ਗਿਆ ਕਿ 14 ਸਾਲ ਦੀ ਸੇਵਾ ਜੇ ਇਕ ਦਿਨ ਨਾਗਾ ਪੈ ਗਿਆ ਮੁੜ ਕੇ ਗਈ ਆਈ –

***ਗੁਰ ਪੀਰਾਂ ਕੀ ਚਾਕਰੀ ਮਹਾਂ ਕਰੜੀ ਸੁਖ ਸਾਰੁ॥***
***ਅੰਗ - 1422***

ਸਭ ਤੋਂ ਔਖੀ ਜੇ ਚਾਕਰੀ ਹੈ ਤਾਂ ਗੁਰੂ ਪੀਰਾਂ ਦੀ ਹੁੰਦੀ ਹੈ ਪਰ ਉਹ ਸੁੱਖਾਂ ਨੂੰ ਦੇਣ ਵਾਲੀ ਹੋਇਆ ਕਰਦੀ ਹੈ, ਜੇ ਲੰਘ ਜਾਵੇ, ਰਹਿ ਗਿਆ ਰਹਿ ਗਿਆ। ਸੋ ਉਸ ਵੇਲੇ ਫਿਕਰ ਪਿਆ ਕਿ ਮੈਂ ਕਰਾਂ ਕੀ?

***ਫਰੀਦਾ ਗਲੀਏ ਚਿਕੜੁ ਦੂਰਿ ਘਰੁ ਨਾਲਿ ਪਿਆਰੇ ਨੇਹੁ॥***
***ਚਲਾ ਤ ਭਿਜੈ ਕੰਬਲੀ ਰਹਾਂ ਤ ਤੁਟੈ ਨੇਹੁ॥***
***ਅੰਗ - 1379***

ਫੇਰ ਫੈਸਲਾ ਕਰ ਲਿਆ ਪੜ੍ਹੋ ਪਿਆਰ ਨਾਲ –

***ਧਾਰਨਾ - ਮੇਰੀ ਟੁੱਟੇ ਨਾ ਪ੍ਰੇਮ ਵਾਲੀ ਡੋਰੀ,***
***ਭਿੱਜ ਭਾਵੇਂ ਜਾਵੇ ਕੰਬਲੀ -2, 2.***

***ਭਿਜਉ ਸਿਜਉ ਕੰਬਲੀ ਅਲਹ ਵਰਸਉ ਮੇਹੁ॥***
***ਜਾਇ ਮਿਲਾ ਤਿਨਾ ਸਜਣਾ ਤੁਟਉ ਨਾਹੀ ਨੇਹੁ॥***
***ਅੰਗ - 1379***

ਕੋਈ ਯਤਨ ਕਰੀਏ ਜੇ ਅੱਜ ਨੇਮ ਟੁੱਟ ਗਿਆ, 14 ਸਾਲ ਦੀ ਕੀਤੀ ਹੋਈ ਸੇਵਾ ਨਿਰਾਰਥ ਹੋ ਜਾਏਗੀ। ਉਸ ਵੇਲੇ ਆਪ ਨੇ ਬੁੱਕਲ ਮਾਰ ਲਈ ਕੰਬਲ ਦੀ, ਬਾਹਰ ਵਾਛੜ ਵਾਲਾ ਮੀਂਹ ਪੈ ਰਿਹਾ ਹੈ ਜੋਰ ਦੀ, ਹਵਾ ਬਹੁਤ ਠੰਡੀ ਚਲ ਰਹੀ ਹੈ ਤੇ ਅਜਮੇਰ ਸ਼ਰੀਫ ਜਿਹੜਾ ਸ਼ਹਿਰ ਹੈ ਉਧਰ ਨੂੰ ਆਪ ਚਲ ਪਏ। ਜਾਂਦੇ ਜਾਂਦੇ ਬਜਾਰ 'ਚ ਜਾਂਦੇ ਨੇ ਕੁੱਤੇ ਭੌਂਕਦੇ ਨੇ, ਪਿਛੇ ਪਏ ਹੋਏ ਨੇ, ਕੋਈ ਪਰਵਾਹ ਨਹੀਂ 12-1 ਵਜੇ ਦਾਂ ਸਮਾ ਹੈ। ਇਕ ਥਾਂ ਕੀ ਦੇਖਦੇ ਨੇ ਦੀਵੇ ਦੀ ਰੋਸ਼ਨੀ ਝੀਥਾਂ ਵਿਚੀਂ ਬਾਹਰ ਆ ਰਹੀ ਹੈ, ਉਥੇ ਦਰਵਾਜੇ ਦੇ ਅੱਗੇ ਜਾ ਕੇ ਦਸਤਕ ਦਿੱਤੀ।

ਅੰਦਰੋਂ ਆਵਾਜ਼ ਆਈ, "ਕੌਣ?"

ਕਹਿਣ ਲੱਗਿਆ, "ਮੈਂ ਫਰੀਦਾ ਹਾਂ, ਮੁਰਸ਼ਦ ਦਾ ਮੁਰੀਦ ਹਾਂ।"

ਕਹਿੰਦੀ, "ਫਰੀਦਾ! ਇਥੇ ਪੀਰਾਂ ਮੁਰੀਦਾਂ ਦਾ ਥਾਂ ਨਹੀਂ ਹੈ, ਇਥੇ ਤਾਂ ਨਰਕਾਂ ਦੇ ਟਿਕਟ ਮਿਲਦੇ ਨੇ।"

***ਸੇਜ ਸੋਹਨੀ ਚੰਦਨੁ ਚੋਆ ਨਰਕ ਘੋਰ ਕਾ ਦੁਆਰਾ॥***
***ਅੰਗ - 642***

ਕਿਸੇ ਭੁਲੇਖੇ ਨਾਲ ਆ ਗਿਆ।

ਕਹਿੰਦੇ, "ਨਹੀਂ ਬੇਟਾ! ਨਹੀਂ ਭੈਣਾ!! ਮੈਂ ਤਾਂ ਜਾਣ ਕੇ ਹੀ ਆਇਆ ਹਾਂ ਮੈਨੂੰ ਨਹੀਂ ਪਤਾ ਇਨ੍ਹਾਂ ਗੱਲਾਂ ਦਾ ਦੁਨੀਆਦਾਰਾਂ ਨੂੰ ਪਤਾ ਹੋਣਾ ਹੈ, ਸਾਡੀ ਨਿਗ੍ਹਾ ਵਿਚ ਤਾਂ ਕੋਈ ਮਾੜਾ ਹੀ ਨਹੀਂ ਹੈ।"

***ਮਨ ਮੇਰੇ ਜਿਨਿ ਅਪੁਨਾ ਭਰਮੁ ਗਵਾਤਾ॥***
***ਤਿਸ ਕੈ ਭਾਣੈ ਕੋਇ ਨ ਭੂਲਾ ਜਿਨਿ ਸਗਲੋ ਬ੍ਰਹਮੁ ਪਛਾਤਾ॥***
***ਅੰਗ - 610***

ਕਹਿੰਦੇ, "ਸਾਨੂੰ ਤਾਂ ਬੀਬਾ ਸਾਰੇ ਹੀ ਅੱਲ੍ਹਾ ਦਾ ਨੂਰ ਨਜ਼ਰ ਆਉਂਦਾ ਹੈ, ਸਾਨੂੰ ਚੰਗੇ ਬੁਰਿਆਂ ਨਾਲ ਕੋਈ ਤੁਅਲੱਕ ਨਹੀਂ।"

ਕਹਿੰਦੀ, "ਕੀ ਕੰਮ ਹੈ ਤੈਨੂੰ ਮੇਰੇ ਨਾਲ?"

ਕਹਿਣ ਲੱਗਿਆ, "ਬੀਬਾ ਮੇਰੇ ਮੁਰਸ਼ਦ ਦੇ ਇਸ਼ਨਾਨ ਦਾ ਵੇਲਾ ਹੋ ਗਿਆ, ਅੱਗ ਬੁਝ ਗਈ, ਤੂੰ ਕ੍ਰਿਪਾ ਕਰ ਅੱਗ ਦੇ ਦੇ, ਤਾਂ ਕਿ ਮੈਂ ਅੱਗ ਜਲਾ ਕੇ ਆਪਣੇ ਮੁਰਸ਼ਦ ਦਾ ਇਸ਼ਨਾਨ ਕਰਾ ਦਿਆ।"

ਕਹਿੰਦੀ, "ਫਰੀਦਾ! ਇਥੇ ਤਾਂ ਸਭ ਚੀਜ਼ਾਂ ਮੁੱਲ ਮਿਲਦੀਆਂ ਹਨ ਇਸ ਘਰ ਵਿਚ, ਮੁਫਤ ਨਹੀਂ ਕੋਈ ਚੀਜ਼ ਮਿਲਦੀ, ਇਥੇ ਤਨ ਵੀ ਮੁੱਲ ਵੇਚਿਆ ਜਾਂਦਾ ਹੈ, ਸਭ ਚੀਜ਼ਾਂ ਮੁੱਲ ਮਿਲਦੀਆਂ ਨੇ ਤੇ ਮੈਂ ਤੈਨੂੰ ਅਅਗ ਮੁਫਤ ਦੇ ਦਿਆਂ।"

ਕਹਿਣ ਲੱਗਿਆ, "ਬੀਬਾ! ਜੋ ਮੁੱਲ ਤੂੰ ਚਾਹੁੰਦੀ ਹੈ

ਮੈਂ ਦੇ ਦਿਆਂਗਾ।"

ਕਹਿਣ ਲੱਗੀ, "ਤੈਨੂੰ ਆਪਣੇ ਸਰੀਰ ਦਾ ਅੰਗ ਦੇਣਾ ਪੈਣਾ ਹੈ ਕੱਟ ਕੇ।"

ਕਹਿੰਦਾ, "ਕੋਈ ਗਲ ਨਹੀਂ ਬੀਬਾ।"

ਬੋਲ ਕੀ ਚਾਹੀਦਾ ਹੈ? ਸਿਰ ਚਾਹੀਦਾ ਹੈ ਮੇਰਾ? ਮੈਨੂੰ ਦੇ ਦੇ ਅੱਗ, ਇਸ਼ਨਾਨ ਕਰਾ ਕੇ ਮੈਂ ਇਥੇ ਹੀ ਆ ਜਾਵਾਂਗਾ ਸਿਰ ਲੈ ਲਈਂ ਮੇਰਾ।"

ਕਹਿੰਦੀ, "ਸਿਰ ਮੈਂ ਕੀ ਕਰਨਾ ਹੈ? ਤੇਰੀ ਅੱਖ ਦਾ ਡੇਲਾ ਚਾਹੀਦਾ ਹੈ।"

ਕਹਿੰਦੇ, "ਲਿਆ ਬੀਬਾ ਕੋਈ ਚੀਜ਼, ਛੁਰੀ ਲਿਆ।" ਛੁਰੀ ਲਿਆਈ ਪਲੇਟ ਲੈ ਆਈ।

ਕਹਿੰਦਾ, "ਕੱਢ ਲੈ।"

ਕਹਿੰਦੀ, "ਮੈਂ ਕਿਉਂ ਕੱਢਾਂ? ਆਪ ਕੱਢ ਕੇ ਦੇਹ।"

ਬੜਾ ਔਖਾ ਹੈ ਸਾਧ ਸੰਗਤ ਜੀ! ਇਹੋ ਜਿਹਾ ਇਮਤਿਹਾਨ ਵਾਹਿਗੁਰੂ ਨਾ ਪਾਵੇ, ਐਸਾ ਫੁਰਮਾਨ ਕਰ ਰਹੇ ਨੇ –

*ਧਾਰਨਾ - ਡੇਰਾ ਨੀ ਜਿੰਦੇ ਸਿਰ ਤੋਂ ਪਰ੍ਹੇ ਹੈ*
*ਪ੍ਰੇਮ ਵਾਲਾ -2, 4.*
*ਜਉ ਤਉ ਪ੍ਰੇਮ ਖੇਲਣ ਕਾ ਚਾਉ॥*
*ਸਿਰੁ ਧਰਿ ਤਲੀ ਗਲੀ ਮੇਰੀ ਆਉ॥*
*ਇਤੁ ਮਾਰਗਿ ਪੈਰੁ ਧਰੀਜੈ॥*
*ਸਿਰੁ ਦੀਜੈ ਕਾਣਿ ਨ ਕੀਜੈ॥* *ਅੰਗ - 1191*

*ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥*
*ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥*
*ਅੰਗ - 1102*

"ਲਿਆ ਬੀਬਾ ਛੁਰੀ ਲਿਆ।" ਅੱਖ ਅੱਗੇ ਕਰ ਦਿੱਤੀ।

ਕਹਿੰਦੀ, 'ਮੈਂ ਕਿਉਂ ਕੱਢਾਂ? ਤੂੰ ਆਪ ਕੱਢ ਕੇ ਦੇਹ। ਤੂੰ ਸੌਦਾ ਲੈਣਾ ਹੈ ਤੂੰ ਦੇਹ ਜਿਹੜਾ ਕੁਝ ਮੈਂ ਮੰਗਿਆ।"

ਕਸੀਸ ਵੱਟੀ ਅੱਖ ਦਾ ਡੇਲਾ ਕੱਢ ਕੇ ਰੱਖ ਦਿੱਤਾ ਪਲੇਟ ਵਿਚ। ਉਸ ਨੇ ਅੱਗ ਲਿਆ ਦਿੱਤੀ। ਅੱਗ ਲਿਆ ਕੇ ਮੁਰਸ਼ਦ ਦਾ ਇਸ਼ਨਾਨ ਕਰਾਇਆ। ਅੱਖ ਬੰਨ੍ਹ ਲਈ ਆਪਣੀ ਦਸਤਾਰ ਪਾੜੀ ਤੇ ਪਾੜ ਕੇ ਬੰਨ੍ਹ ਲਈ, ਇਸ਼ਨਾਨ ਕਰਾਇਆ ਤੇ ਕੋਈ ਕਸੀਸ ਨਹੀਂ ਵੱਟ ਰਿਹਾ, ਅੰਦਰ ਹੀ ਖਾ ਰਿਹਾ ਹੈ ਸਾਰੇ ਦੁੱਖਾਂ ਨੂੰ। ਉਸ ਤੋਂ ਬਾਅਦ ਭਜਨ ਕਰਨ ਚਲੇ ਗਿਆ, ਆਪ ਇਸ਼ਨਾਨ ਕਰਿਆ ਦਿਨ ਚੜ੍ਹ ਗਿਆ। ਉਸ ਵੇਲੇ ਮੁਰਸ਼ਦ ਨੇ ਕਿਹਾ ਕਿ ਅੱਜ ਫਰੀਦ ਕਿਥੇ ਹੈ?

ਕਹਿੰਦੇ, "ਮਹਾਰਾਜ! ਉਹ ਤਾਂ ਗੋਸ਼ਾ-ਨਸ਼ੀਨ, ਕੋਨੇ ਵੱਲ ਮੂੰਹ ਕਰੀ ਬੈਠਾ ਹੈ। ਭਜਨ ਕਰ ਰਿਹਾ ਹੈ।"

ਕਹਿੰਦੇ, "ਬੁਲਾਓ ਸਾਡੇ ਕੋਲ।" ਜਦੋਂ ਬੁਲਾਇਆ।

ਕਹਿਣ ਲੱਗੇ, "ਫਰੀਦਾ! ਕੀ ਗੱਲ ਤੂੰ ਅੱਖ ਬੰਨੀ ਹੈ?"

ਜੇ ਸਾਡੇ ਵਰਗਾ ਹੁੰਦਾ ਅਸੀਂ ਕਹਿਣਾ ਸੀ ਮੁਰਸ਼ਦ! ਕੀ ਦੱਸਾਂ ਨਹੀਂ ਤਾਂ ਰਾਤ ਨੂੰ ਹੀ ਦੱਸ ਦੇਣਾ ਸੀ ਜਦੋਂ ਨਲ੍ਹਾਉਣਾ ਸੀ ਕਿ ਅੱਜ ਤਾਂ ਅੱਗ ਮੈਂ ਮਸਾਂ ਲਿਆਇਆ ਹਾਂ ਪਰ ਸਾਡਾ ਜੇਰਾ ਨਹੀਂ ਹੈ, ਅਸੀਂ ਅੰਤਰਜਾਮੀ ਨਹੀਂ ਗੁਰੂ ਨੂੰ ਮੰਨਦੇ ਕਿ ਇਹ ਤਾਂ ਸਭ ਕੁਝ ਜਾਣਦਾ ਹੈ ਇਸ ਨੂੰ ਸਭ ਚੀਜ਼ ਦਾ ਪਤਾ ਹੈ ?ਆਪਣੀ ਮੱਤ ਉਤੇ ਰੱਖਦੇ ਹਾਂ। ਬੜਾ ਫਰਕ ਹੈ ਸਿੱਖੀ ਦਾ ਤੇ ਸਾਡਾ।

ਉਸ ਵੇਲੇ ਕਹਿਣ ਲੱਗੇ, "ਹਜ਼ੂਰ! ਅੱਖ ਆਈ ਹੋਈ ਹੈ" ਆਈ, ਕਹਿੰਦੇ ਨੇ ਆਪਣੇ ਪੰਜਾਬੀ ਵਿਚ ਕਿ ਦੁਖਦੀ ਹੈ। ਇਸ ਦੀਆਂ ਅਖਾਂ ਆਈਆਂ ਹੋਈਆਂ ਨੇ।

ਉਹ ਕਹਿੰਦੇ, "ਫਰੀਦਾ! ਆਈਆਂ ਅੱਖਾਂ ਨਹੀਂ ਬੰਨ੍ਹੀਦੀਆਂ, ਗਈਆਂ ਅੱਖਾਂ ਬੰਨ੍ਹੀਦੀਆਂ ਹਨ, ਖੋਲ੍ਹ ਦੇਹ ਪੱਟੀ।" ਸਮਰੱਥ ਗੁਰੂ ਸੀ ਉਸ ਵੇਲੇ ਅੱਖ ਨਵੀਂ ਆ ਗਈ ਡੇਲੇ ਵਿਚ ਪਰ ਪ੍ਰਮੇਸ਼ਰ ਵਾਲੀ ਵੱਡੀ ਸੀ ਉਹ ਥੋੜ੍ਹੀ ਛੋਟੀ ਸੀ। ਉਸ ਵੇਲੇ ਗੁਰੂ ਨੇ ਉਠ ਕੇ ਬੁਕਲ ਵਿਚ ਲੈ ਗਿਆ। ਬੁਕੱਲ ਵਿਚ ਲੈ ਕੇ ਸਾਰੇ ਛੌੜ ਕੱਟ ਦਿੱਤੇ ਅਵਿਦਿਆ ਦੇ। ਹਰ ਥਾਂ ਵੱਲ ਪ੍ਰਮੇਸ਼ਰ ਹੀ ਪ੍ਰਮੇਸ਼ਰ ਨਜ਼ਰ ਆਉਣ ਲੱਗ ਗਿਆ। ਅਲ੍ਹਾ ਦੇ ਨੂਰ ਦਾ ਝਲਕਾਰਾ ਨੇਤਰਾਂ 'ਚ ਪਾ ਦਿੱਤਾ, ਜਿਧਰ ਦੇਖਦਾ ਹੈ ਓਧਰ ਇਕੋ ਹੀ ਨਜਰ ਆਉਂਦਾ ਹੈ, ਆਏਂ ਪੜ੍ਹ ਲਓ –

*ਧਾਰਨਾ- ਤੂੰਹੀ ਤੂੰਹੀ ਮੋਹਿਨਾ -2, 2,*
*ਗੁਰਹਿ ਦਿਖਾਇਓ ਲੋਇਨਾ॥* *ਅੰਗ - 407*

ਉਹ ਅੱਖ ਖੋਲ੍ਹ ਦਿੱਤੀ ਜਿਹੜੀ ਹੁਣ ਤੱਕ ਬੰਦ ਸੀ। ਜਦੋਂ ਖੁੱਲ੍ਹੀ, ਕੀ ਦੇਖਦਾ ਹੈ?

*ਈਤਹਿ ਊਤਹਿ ਘਟਿ ਘਟਿ ਘਟਿ ਘਟਿ*
*ਤੂੰਹੀ ਤੂੰਹੀ ਮੋਹਿਨਾ॥* *ਅੰਗ - 407*

ਅੱਖਾਂ ਨਾਲ ਦੇਖ ਲਿਆ ਵਾਹਿਗੁਰੂ ਸਾਰੇ ਪਾਸੇ ਉਸ ਤੋਂ ਬਗੈਰ ਕੋਈ ਹੈ ਨਹੀਂ।

*ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ॥*
*ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ॥*
*ਅੰਗ - 293*

ਪ੍ਰਕਾਸ਼ ਹੁੰਦੀ ਸਾਰ ਦੇਖਦਾ ਹੈ।

*ਸੋ ਅੰਤਰਿ ਸੋ ਬਾਹਰਿ ਅਨੰਤ॥*
*ਘਟਿ ਘਟਿ ਬਿਆਪਿ ਰਹਿਆ ਭਗਵੰਤ॥*
*ਧਰਨਿ ਮਾਹਿ ਆਕਾਸ ਪਇਆਲ॥*

*ਸਰਬ ਲੋਕ ਪੂਰਨ ਪ੍ਰਤਿਪਾਲ॥*
*ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ॥*
*ਜੈਸੀ ਆਗਿਆ ਤੈਸਾ ਕਰਮੁ॥*
*ਪਉਣ ਪਾਣੀ ਬੈਸੰਤਰ ਮਾਹਿ॥*
*ਚਾਰਿ ਕੁੰਟ ਦਹ ਦਿਸੇ ਸਮਾਹਿ॥*
*ਤਿਸ ਤੇ ਭਿੰਨ ਨਹੀ ਕੋ ਠਾਉ॥*
*ਗੁਰ ਪ੍ਰਸਾਦਿ ਨਾਨਕ ਸੁਖੁ ਪਾਉ॥* *ਅੰਗ - 294*

ਪੂਰਾ ਕਰ ਦਿੱਤਾ।

ਕਹਿਣ ਲੱਗੇ, "ਹੁਣ ਜੋ ਕੁਝ ਜਾਨਣਾ ਸੀ ਜਾਣ ਲਿਆ, ਜੋ ਕੁਝ ਸਮਝਣਾ ਸੀ ਸਮਝ ਲਿਆ, ਜੋ ਕੁਝ ਪਾਉਣਾ ਸੀ ਪਾ ਲਿਆ, ਹੁਣ ਜਾਹ ਤੂੰ, ਸੰਸਾਰ ਦਾ ਉਧਾਰ ਕਰ।"

ਐਡੀ ਉਚੀ ਅਵਸਥਾ ਪ੍ਰਾਪਤ ਕਰੀ ਕਿ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਅੰਦਰ ਗੁਰੂ ਰੂਪ ਹੋ ਕੇ ਬਿਰਾਜਮਾਨ ਨੇ। ਅਸੀਂ ਬੜੇ ਪਿਆਰ ਨਾਲ ਉਨ੍ਹਾਂ ਦੀ ਬਾਣੀ ਪੜ੍ਹਦੇ ਹਾਂ।

*ਫਰੀਦਾ ਬੇ ਨਿਵਾਜਾ ਕੁਤਿਆ ਏਹ ਨ ਭਲੀ ਰੀਤਿ॥*
*ਕਬ ਹੀ ਚਲਿ ਨ ਆਇਆ ਪੰਜੇ ਵਖਤ ਮਹੀਤਿ॥*
*ਅੰਗ - 1381*

ਸਾਡੀ ਨਿਗ੍ਹਾ ਵਿਚ ਮੰਦਰ ਤੇ ਮਸਜਿਦ ਦਾ ਫਰਕ ਨਹੀਂ ਹੈ। ਇਕੋ ਚੀਜ਼ ਹੈ ਚਾਹੇ ਗੁਰਦਵਾਰਾ ਹੈ, ਚਾਹੇ ਮਸਜਿਦ ਹੈ, ਚਾਹੇ ਮੱਠ ਹੈ, ਚਾਹੇ ਮੰਦਰ ਹੈ। ਜਿਥੇ ਪ੍ਰਮੇਸ਼ਰ ਦੇ ਪਿਆਰੇ ਬੈਠ ਕੇ ਹਰੀ ਦੇ ਗੁਣ ਗਾਉਂਦੇ ਨੇ, ਉਹ ਥਾਂ ਪਿਆਰਾ ਲਗਦਾ ਹੈ ਕਿਉਂਕਿ ਇਸ ਰਸਤੇ ਚਲਣ ਵਾਲਿਆਂ ਨੂੰ ਉਨ੍ਹਾਂ ਥਾਵਾਂ ਦਾ ਪਿਆਰ ਤੇ ਸਤਿਕਾਰ ਹੋਇਆ ਕਰਦਾ ਹੈ।

ਸੋ ਭਾਈ ਮੰਝ ਦੇ ਉਤੇ ਗੁਰੂ ਮਹਾਰਾਜ ਨੇ ਕਸਵੱਟੀ ਲਾ ਦਿੱਤੀ। ਇਸ ਨੂੰ ਕਸਵੱਟੀ ਕਹਿੰਦੇ ਨੇ। ਜਦੋਂ ਕਸਵੱਟੀ ਗੁਰੂ ਦੀ ਲੱਗ ਜਾਵੇ ਫੇਰ ਪਾਸ ਹੋਣਾ ਕੋਈ ਖੇਡ ਨਹੀਂ ਹੈ, ਕੋਈਓ ਪਾਸ ਹੁੰਦਾ ਹੈ ਆਏਂ ਪੜ੍ਹ ਲਓ –

*ਧਾਰਨਾ - ਜਦੋਂ ਲਗਦੀ ਹੈ ਰਾਮ ਕਸੌਟੀ,*
*ਪਾਸ ਹੁੰਦੇ ਮਰਜੀਵੜੇ -2, 2.*
*ਕਬੀਰ ਕਸਉਟੀ ਰਾਮ ਕੀ ਝੂਠਾ ਟਿਕੈ ਨ ਕੋਇ॥*
*ਰਾਮ ਕਸਉਟੀ ਸੋ ਸਹੈ ਜੋ ਮਰਜੀਵਾ ਹੋਇ॥*
*ਅੰਗ - 948*

ਇਥੇ ਸੱਚ ਉਘੜ ਆਉਂਦਾ ਹੈ ਪਹਿਲਾਂ ਤਾਂ ਆਦਮੀ ਚਲਾਕੀ ਕਰੇਗਾ, ਬਹੁਤ ਗੱਲਾਂ ਜਾਣਦਾ ਹੈ ਪਰ ਜਦੋਂ ਸੱਚ ਦੀ ਤੱਕੜੀ ਤੇ ਤੋਲਿਆ ਜਾਂਦਾ ਹੈ ਫੇਰ ਪਤਾ ਲਗਦਾ ਹੈ ਕਿ ਇਹ ਪਾਸ ਹੈ ਜਾਂ ਫੇਲ੍ਹ ਹੈ।

*ਰਾਮ ਕਸਉਟੀ ਸੋ ਸਹੈ ਜੋ ਮਰਜੀਵਾ ਹੋਇ॥*
*ਅੰਗ - 948*

ਬਹੁਤ ਔਖੀ ਹੈ ਕਸਵੱਟੀ। ਅਸੀਂ ਤਾਂ ਅਰਦਾਸ ਕਰਦੇ ਹਾਂ ਸੱਚੇ ਪਾਤਸ਼ਾਹ! ਕਸਵੱਟੀ ਨਾ ਲਾਈਂ, ਰਿਆਇਤੀ ਪਾਸ ਕਰ ਦੇ, ਔਖੀ ਹੈ ਤੇਰੀ ਕਸਵੱਟੀ ਸਹਿਣੀ। ਪਤਾ ਨਹੀਂ ਕਸਵੱਟੀ ਦੇ ਮਾਰੇ ਕਿਥੇ ਦੇ ਕਿਥੇ ਚਲੇ ਜਾਂਦਾ ਹੈ। ਸੋ ਮਹਾਰਾਜ ਕਹਿੰਦੇ, "ਪਿਆਰਿਆ! ਦੇਖ ਲੈ ਦੋਏ ਰਸਤੇ ਨੇ ਇਕ ਤਾਂ ਤੂੰ ਮੁੜ ਕੇ ਆਪਣੀ ਚੌਧਰ ਸੰਭਾਲ ਲੈ, ਓਵੇਂ ਜਿਵੇਂ ਲੈ ਜਾਇਆ ਕਰ। ਇਕ ਇਹ ਹੈ ਦੁਖਾਂ ਦਾ ਰਸਤਾ ਆ ਜਾਣਾ ਹੈ।"

ਓਸ ਵੇਲੇ ਕਹਿੰਦਾ, "ਸੱਚੇ ਪਾਤਸ਼ਾਹ! ਮੇਰੀ ਨਿਭ ਜਾਏ ਤੇਰੇ ਚਰਨਾਂ ਨਾਲ।" ਘਰ ਚਲਿਆ ਗਿਆ। ਘਰਵਾਲੀ ਨੇ ਦੇਖਿਆ, ਲੜਕੀ ਨੇ ਦੇਖਿਆ ਕਿ ਮੇਰਾ ਪਿਤਾ ਜੀ ਤਾਂ ਬਿਲਕੁਲ ਦੇਵਤਾ ਬਣ ਗਿਆ, ਉਹ ਤਾਂ ਰਿਹਾ ਹੀ ਨਹੀਂ ਜਿਹੜਾ ਪਹਿਲਾਂ ਸੀ। ਬੰਦਗੀ ਕਰਦਾ ਹੈ, ਉਠਾਲਦਾ ਹੈ, ਉਨ੍ਹਾਂ ਨੂੰ ਗੁਰੂ ਦੇ ਉਪਦੇਸ਼ ਦਿੰਦਾ ਹੈ। ਗੁਰੂ ਦਾ ਪਿਆਰ ਉਨ੍ਹਾਂ ਦੇ ਹਿਰਦੇ ਵਿਚ ਪਾ ਦਿੱਤਾ। ਦੂਜੇ ਪਾਸੇ ਕੀ ਹੋਇਆ? ਬੜੀ ਵੱਡੀ ਖੁਰਲੀ ਹੈ ਜਿਸ ਦੇ ਉਤੇ ਜੋੜੀਆਂ ਬੰਨ੍ਹੀਆਂ ਹੋਈਆਂ ਨੇ, ਪਸ਼ੂ ਬੰਨੇ ਹੋਏ ਨੇ ਦੁਧਾਰੂ, ਗਾਈਆਂ ਅੱਡ ਨੇ, ਮੱਝਾਂ ਅੱਡ ਨੇ ਤੇ ਘੋੜੀਆਂ ਸਵਾਰੀ ਵਾਸਤੇ ਅੱਡ ਨੇ ਘੋੜੇ, ਇਕ ਪਾਸੇ ਬੈਲ ਨੇ। ਬੜੀ ਵੱਡੀ ਜ਼ਮੀਨ ਦਾ ਮਾਲਕ ਸੀ। ਕਿੰਨੇ ਹੀ ਪਿੰਡਾਂ ਦਾ ਚੌਧਰੀ ਸੀ। ਦੋ ਦੋ ਮਰਨੇ ਸ਼ੁਰੂ ਹੋ ਗਏ। ਹੈਰਾਨੀ ਹੋ ਗਈ, ਇਲਾਕੇ ਵਿਚ ਗੱਲ ਫੈਲ ਗਈ ਕਿ ਪੀਰ ਨਾਰਾਜ ਹੋ ਗਿਆ ਇਸ ਦੇ ਉਤੇ। ਸਿਆਣੇ-ਸਿਆਣੇ ਬੰਦੇ ਇਕੱਠੇ ਹੋ ਕੇ ਆਉਂਦੇ ਨੇ ਕਿ ਦੇਖ ਭਾਈ ਤੀਰਥੇ, ਤੂੰ ਮੁਕਾਮ ਢਾਹਿਆ ਹੈ ਨਾਹ? ਤੇਰਾ ਗੁਰੂ ਤਾਂ ਹੁਣ ਕੁਝ ਨਹੀਂ ਕਰ ਰਿਹਾ ਤੇ ਪੀਰ ਹੋਇਆ ਹੋਇਆ ਹੈ ਨਾਰਾਜ, ਚੰਗਾ ਇਹ ਹੈ ਕਿ ਤੂੰ ਮੁੜ ਕੇ ਉਥੇ ਜਾ ਕੇ ਭੁੱਲ ਮੰਗ ਲੈ, ਆਹ ਬਚਾ ਲੈ ਤੂੰ ਸਾਰੀਆਂ ਚੀਜ਼ਾਂ ਨੂੰ।

ਉਹ ਕਹਿੰਦਾ, "ਪਿਆਰਿਓ! ਮੈਂ ਸੱਚ ਦੇਖ ਆਇਆ, ਹਨ੍ਹੇਰੇ ਵਿਚੋਂ ਨਿਕਲ ਕੇ ਮੈਂ ਪ੍ਰਕਾਸ਼ ਵਿਚ ਦੇਖ ਆਇਆ। ਮੈਨੂੰ ਕੋਈ ਮੱਤ ਨਾ ਦਿਓ ਇਹ, ਇਹ ਮੇਰੇ ਗੁਰੂ ਦਾ ਭਾਣਾ ਹੈ, ਮੇਰੇ ਗੁਰੂ ਦੀ ਰਜ਼ਾ ਹੈ, ਰਜ਼ਾ ਦਾ ਸਬਕ ਉਸ ਨੇ ਪਹਿਲਾਂ ਦਿੱਤਾ ਹੈ –

*ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥*
*ਅੰਗ - 1*

ਇਹ ਨਾ ਗੱਲ ਕਹੋ। ਹੌਲੀ-ਹੌਲੀ ਖੁਰਲੀ ਖਾਲੀ ਹੋ ਗਈ ਸਾਰੀ (ਸਾਰੇ ਪਸ਼ੂ ਮਰ ਗਏ) ਪਿੰਡ ਨੇ ਇਕੱਠੇ ਹੋ ਕੇ ਫੈਸਲਾ ਕਰਿਆ ਕਿ ਇਸ ਦੇ ਤਾਂ ਮਰ ਗਏ ਸਾਡੇ ਵੀ ਸ਼ੁਰੂ ਹੋ ਜਾਣਗੇ, ਪੀਰ ਤਾਂ ਨਰਾਜ ਹੋਇਆ ਹੈ ਇਸ ਨੇ ਤਾਂ ਮਨਾਇਆ ਨਹੀਂ, ਆਪਾਂ ਹੀ ਮਨਾ ਲਓ। ਫੈਸਲਾ ਹੋਇਆ ਕਿ ਪੀਰ ਤਾਂ ਖੁਸ਼ ਹੋਏਗਾ ਜੇ ਆਪਾਂ ਇਸ ਨੂੰ ਕੱਢ ਦੇਈਏ ਪਿੰਡ ਵਿਚੋਂ। ਉਸ ਵੇਲੇ ਮਤਾ ਪਾਸ ਕਰ ਲਿਆ, ਆਲੇ ਦੁਆਲੇ ਦੇ ਸਾਰੇ ਸਰਵਰੀਏ ਬੁਲਾ ਲਏ। ਕਹਿੰਦੇ ਨਾ ਇਸ ਨੂੰ ਪਾਣੀ ਦਿਓ, ਨਾ ਕਿਤੇ ਬੈਠਣ ਨੂੰ ਥਾਂ ਤੇ ਪੀਰ

ਆਪਣਾ ਤਾਂ ਖੁਸ਼ ਹੋਣਾ ਹੈ ਜੇ ਧੱਕੇ ਮਾਰ ਕੇ ਕੱਢ ਦੇਈਏ, ਜ਼ਮੀਨ ਤੇ ਹਲ ਚਲਾ ਦੇਈਏ ਇਕੱਠੇ ਹੋ ਕੇ ਸਾਰੇ, ਵੰਡ ਲਵਾਂਗੇ ਫੇਰ ਜੋ ਹਿੱਸੇ ਵਹਿੰਦੀ ਹੈ।

ਪਹਿਲਾਂ ਇਸ ਨੂੰ ਤਾਂ ਕੱਢੀਏ। ਸੋ ਇਤਿਹਾਸ 'ਚ ਲਿਖਿਆ ਹੋਇਆ ਹੈ ਸਰਦਾਰੀ ਵੀ ਖੋਹ ਲਈ, ਸਾਰਾ ਧਨ ਖੋਹ ਲਿਆ, ਘਰ ਵੀ ਖੋਹ ਲਿਆ।

ਸਾਰੇ ਸ਼ਰੀਕਾਂ ਨੇ ਇਕੱਠੇ ਹੋ ਕੇ, ਧੱਕੇ ਮਾਰ ਕੇ ਘਰ ਵਿਚੋਂ ਕੱਢ ਦਿੱਤਾ, ਕੋਈ ਇਕ ਚੀਜ਼ ਵੀ ਚੁਕਣ ਨਾ ਦਿੱਤੀ। ਉਸ ਵੇਲੇ ਲੜਕੀ ਹੈ ਤੇ ਘਰਵਾਲੀ ਹੈ, ਇਹੋ ਜਿਹੀ ਹਾਲਤ ਬੜੀ ਮਾੜੀ ਹੁੰਦੀ ਹੈ। ਜਿਨ੍ਹਾਂ ਦੇ ਉਤੇ ਬਹੁਤ ਪਰਉਪਕਾਰ ਕਰੇ ਹੋਏ ਸੀ ਕਿਸੇ ਦੀ ਲੜਕੀ ਪੈਸੇ ਦੇ ਕੇ ਕੋਲੋਂ ਵਿਆਹੀ ਸੀ, ਕਿਸੇ ਦਾ ਮਾਮਲਾ ਆਪਣੀ ਜੇਬ 'ਚੋਂ ਭਰਿਆ ਸੀ। ਜਦੋਂ ਉਨ੍ਹਾਂ ਵੱਲ ਝਾਕਦਾ ਹੈ ਤਾਂ ਨੀਵੀਆਂ ਪਾ ਲੈਂਦੇ ਨੇ, ਨਹੀਂ ਤਾਂ ਪਿੱਠ ਕਰਕੇ ਹੀ ਦੌੜ ਜਾਂਦੇ ਨੇ, ਕੋਈ ਵੀ ਨਹੀਂ –

ਮਹਾਰਾਜ ਕਹਿੰਦੇ –

***ਇਹ ਜਗਿ ਮੀਤੁ ਨ ਦੇਖਿਓ ਕੋਈ॥***
***ਸਗਲ ਜਗਤੁ ਅਪਨੈ ਸੁਖਿ ਲਾਗਿਓ ਦੁਖ ਮੈ ਸੰਗਿ ਨ ਹੋਈ॥***
***ਅੰਗ - 633***

ਦੁੱਖਾਂ ਵਿਚ ਨਹੀਂ ਕੋਈ ਸੰਗੀ ਬਣਿਆ ਕਰਦਾ, ਸੁੱਖਾਂ ਦੇ ਸਾਰੇ ਹੀ ਮਿੱਤਰ ਨੇ ਤੇ ਉਸ ਵੇਲੇ ਕਿਸੇ ਨੇ ਹਾਅ ਦਾ ਨਾਅਰਾ ਨਾ ਮਾਰਿਆ। ਜਾਣਦੇ ਨੇ ਘਰਵਾਲੀ ਵੀ ਜਾਣਦੀ ਹੈ ਕਿ ਇਨ੍ਹਾਂ ਦੇ ਤਾਂ ਅਸੀਂ ਬੜੇ ਕੰਮ ਸਵਾਰੇ ਨੇ। ਇਹ ਬਿਮਾਰ ਸੀ ਘਰੋਂ ਪੈਸੇ ਦੇ ਕੇ ਇਸ ਦਾ ਇਲਾਜ ਕਰਾਇਆ, ਲੜਕੀ ਨਹੀਂ ਸੀ, ਉਠਦੀ ਕੋਲੋਂ ਪੈਸੇ ਦੇ ਕੇ ਸਾਰਾ ਲੜਕੀ ਦਾ ਵਿਆਹ ਕਰਿਆ। ਇਨ੍ਹਾਂ ਨੂੰ ਹੋ ਕੀ ਗਿਆ ਸਾਰਿਆਂ ਨੂੰ, ਮੰਗਿਆ ਹੋਇਆ ਪਾਣੀ ਨਾ ਕੋ ਦੇਵੇ।

ਕਹਿੰਦੇ, "ਇਥੋਂ ਨਹੀਂ ਪਾਣੀ ਮਿਲਣਾ।"

ਪੁਰਾਣਿਆਂ ਜਮਾਨਿਆਂ ਵਿਚ ਦੋ ਗੱਲਾਂ ਕਹਿੰਦੇ ਹੁੰਦੇ, ਹੁੱਕਾ ਪਾਣੀ ਬੰਦ। ਹੁੱਕਾ ਪੀਂਦੇ ਹੋਣੇ ਨੇ ਤਾਂ ਹੀ ਹੁੱਕਾ ਕਹਿੰਦੇ ਸੀ, ਪਾਣੀ ਪੀਣ ਨੂੰ ਨਹੀਂ ਸੀ ਦਿੰਦੇ, ਖੂਹ ਤੋਂ ਪਾਣੀ ਨਹੀਂ ਸੀ ਭਰਨ ਦਿੰਦੇ ਕਿ ਤੂੰ ਨਹੀਂ ਭਰ ਸਕਦਾ, ਕੋਈ ਪੀਣ ਨੂੰ ਪਾਣੀ ਨਹੀਂ ਸੀ ਦਿੰਦਾ। ਐਸੀ ਹਾਲਤ ਬਣ ਗਈ ਜਿਹੜੀ ਗੁਰੂ ਸਾਹਿਬ ਨੇ ਐਸਾ ਫੁਰਮਾਨ ਕਰਿਆ ਹੈ –

***ਧਾਰਨਾ - ਢੋਈ ਕੋਈ ਦੇਵੇ ਨਾ,***
***ਮੁਸ਼ਕਲ ਹੁਣ ਬਹੁਤੀ ਬਣ ਗਈ -2, 2.***
***ਮੁਸ਼ਕਲ ਹੁਣ ਬਹੁਤੀ ਬਣ ਗਈ -2, 2.***
***ਢੋਈ ਕੋਈ ਦੇਵੇ ਨਾ,.......... -2.***

ਇਹ ਗੱਲ ਵੱਲ ਨੂੰ ਆਉਂਦੀਆਂ ਨੇ ਜੇ ਟੁੱਟ ਵੀ ਜਾਣ, ਭਰਾਵਾਂ ਵੱਲ ਦੇਖਦਾ ਹੈ ਨੀਵੀਆਂ ਪਾ ਜਾਂਦੇ ਨੇ, ਪਿੱਠ ਕਰ ਲੈਂਦੇ ਨੇ, ਭਰਜਾਈਆਂ ਨੇ, ਕਹਿੰਦੀ ਤੇਰਾ ਹਾਲ ਤਾਂ ਹੀ ਮੰਦਾ ਹੋਇਆ ਹੈ ਜੇ ਗੁਰੂ ਦੇ ਕੋਲ ਗਿਆ ਤੇ ਪੀਰ ਰੁਸਾਇਆ, ਅਸੀਂ ਤੇਰੇ ਨਾਲ ਗੱਲ ਕਰਕੇ ਆਪ ਮਰਨਾ ਹੈ? ਭਰਾ ਦੇ ਔਖੇ ਵੇਲੇ ਭਰਾ ਕੰਮ ਆਉਂਦੇ ਨੇ।

ਰਾਣਾ ਪ੍ਰਤਾਪ ਬੜਾ ਮਸ਼ਹੂਰ ਰਾਜਪੂਤ ਰਾਜਾ ਹੋਇਆ ਹੈ। ਅਕਬਰ ਨੇ ਹੋਰ ਸਾਰੇ ਰਾਜਪੂਤਾਂ ਦੀਆਂ ਲੜਕੀਆਂ ਜਿਹੜੀਆਂ ਸੀ ਉਨ੍ਹਾਂ ਦੇ ਡੋਲੇ ਲੈ ਲਏ। ਇਕ ਇਹ ਰਾਣਾ ਪ੍ਰਤਾਪ ਸੀ ਜਿਸ ਨੇ ਆਪਣੀ ਲੜਕੀ ਦਾ ਡੋਲਾ ਨਾ ਦਿੱਤਾ, ਬੜੇ ਭਾਰੇ ਯੁੱਧ ਕਰੇ, ਅਖੀਰ ਇਹ ਹੋਇਆ ਕਿ ਚਿਤੌੜਗੜ੍ਹ ਅਕਬਰ ਨੇ ਫਤਹਿ ਕਰ ਲਿਆ। ਉਸ ਦਾ ਰਾਜ ਸਾਰਾ ਖੋਹ ਲਿਆ, ਜੰਗਲ ਵਿਚ ਚਲਿਆ ਗਿਆ, ਉਥੇ ਬਾਬਾ ਸਿਰੀ ਚੰਦ ਜੀ ਜਾ ਕੇ ਮਿਲੇ ਉਸ ਨੂੰ। ਇਕ ਸੇਠ ਨੂੰ ਕਹਿ ਕੇ, ਜਿਹੜਾ ਖਜਾਨਚੀ ਸੀ ਉਸ ਨੂੰ ਦੱਸਿਆ ਕਿ ਖਜਾਨਾ ਦੇਹ ਇਸ ਨੂੰ, ਇਸ ਦੇ ਹਵਾਲੇ ਕਰ।

ਕਹਿੰਦੇ, "ਪ੍ਰਤਾਪ! ਮੁੜ ਕੇ ਫੌਜ ਖੜ੍ਹੀ ਕਰ, ਅਣਖ ਦਾ ਸਵਾਲ ਹੈ ਇਸ ਵੇਲੇ ਭਾਰਤ ਵਰਸ਼ ਦੀ ਦਾ। ਜੰਗਲ 'ਚ ਨਾ ਬੈਠ ਸ਼ੇਰ ਹੈ (ਵੀਰ ਪੁਰਸ਼) ਮੈਦਾਨ ਵਿਚ ਆ। ਪੈਸਾ ਆ ਗਿਆ, ਫੌਜ 13,000 ਸਿਪਾਹੀ ਰੱਖ ਲਏ। ਹਲਦੀਘਾਟ ਦੇ ਮੁਕਾਮ ਤੇ ਬੜਾ ਭਾਰੀ ਯੁੱਧ ਹੋਇਆ। ਇਸ ਦਾ ਜਿਹੜਾ ਭਰਾ ਸੀ ਸਖਤ ਸਿੰਘ, ਉਹ ਕਮਾਨ ਲੈ ਕੇ ਚੜ੍ਹਿਆ, ਮਾਨ ਸਿੰਘ, ਸਖਤ ਸਿੰਘ ਬੜੇ ਵੱਡੇ ਰਾਜੇ ਜਿਹੜੇ ਸੀ ਉਹ ਇਸ ਦੇ ਨਾਲ ਲੜਨ ਆਏ, ਮੁਗਲ ਫੌਜਾਂ ਬਹੁਤ। ਬਹੁਤ ਹੀ ਭਿਆਨਕ ਯੁੱਧ ਹੋਇਆ ਉਥੇ ਤੇ ਇਹ ਇਕੱਲਾ ਸੀ ਇਸ ਨੇ 2-4 ਵਾਰੀ ਕੋਸ਼ਿਸ਼ ਕਰੀ, ਘੋੜੇ ਦੇ ਪੈਰ ਮੱਥੇ ਨਾਲ ਲਵਾਏ ਲੇਕਿਨ ਜਿਹੜੇ ਜਰਨੈਲ ਸੀ ਉਹ ਬਚ ਜਾਂਦੇ ਸੀ, ਨੀਵੀਂ ਪਾ ਕੇ ਹੌਦੇ ਲੁਕ ਜਾਂਦੇ ਸੀ, ਘੋੜਾ ਵੀ ਜਖਮੀ ਹੋ ਗਿਆ ਬੁਰੀ ਤਰ੍ਹਾਂ ਨਾਲ। ਉਸ ਵੇਲੇ ਹਲਦੀਘਾਟ ਤੋਂ ਘੋੜਾ ਨਠਾ ਲਿਆ ਇਕੱਲਾ ਹੀ ਸੀ। ਦੋ ਪਠਾਣ, ਮੁਗਲ ਸਰਦਾਰ ਇਸ ਦੇ ਪਿਛੇ ਦੌੜ ਲਏ ਕਿ ਇਸ ਨੂੰ ਮਾਰ ਕੇ ਅਕਬਰ ਤੋਂ ਇਨਾਮ ਲਵਾਂਗੇ। ਇਸ ਦਾ ਭਰਾ ਜਿਹੜਾ ਉਤੇ commander in chief ਸੀ, ਸਾਰਾ ਯੁੱਧ ਕਰਾ ਰਿਹਾ, ਉਸ ਨੇ ਦੇਖਿਆ ਕਿ ਦੋ ਜਰਨੈਲ ਮੇਰੇ ਭਰਾ ਦੇ ਪਿਛੇ ਪੈ ਗਏ। ਪਹਿਲੀ ਜਿਹੜੀ ਸਿਰ ਵੱਢਵੀਂ ਦੁਸ਼ਮਣੀ ਸੀ ਉਸੇ ਵੇਲੇ ਭੁੱਲ ਗਿਆ, ਖੂਨ ਨੂੰ ਉਬਾਲਾ ਆਇਆ, ਦੇਖਿਆ ਕਿ ਭਰਾ ਇਕੱਲਾ ਹੈ ਦੂਜੇ ਪਾਸੇ ਦੇਖਿਆ ਕਿ ਮੈਂ ਜਰਨੈਲ ਹਾਂ ਸਾਰੀਆਂ ਫੌਜਾਂ ਦਾ ਤੇ ਅਕਬਰ ਦੇ ਕੋਲ ਨੌਕਰ ਹਾਂ। ਉਹ ਕੀ ਕਹੇਗਾ, ਕਹਿੰਦਾ ਜੋ ਕਹਿੰਦਾ ਕਹੇ ਇਸ ਵੇਲੇ ਭਰਾ ਦੀ ਮਦਦ ਕਰਨਾ ਮੇਰਾ ਸਭ ਤੋਂ ਵੱਡਾ ਫਰਜ਼ ਹੈ। ਉਸੇ ਵੇਲੇ ਘੋੜਾ ਲੈ ਕੇ ਆਪਣਾ ਇਹ ਵੀ ਜਾ ਰਲਿਆ। ਇਸਨੇ ਜਾਂਦੇ ਨੇ ਹੀ ਪਹਿਲਾਂ ਤਾਂ ਉਨ੍ਹਾਂ ਦੋਹਾਂ ਮੁਗਲਾਂ ਦੇ ਸਿਰ ਵੱਢੇ ਤੇ ਫੇਰ ਇਹ ਰਾਣਾ ਪ੍ਰਤਾਪ ਦੇ ਨੇੜੇ ਪਹੁੰਚਣ ਦਾ ਯਤਨ ਕਰਦਾ ਹੈ, ਉਸ ਨੇ ਘੋੜਾ ਟਪਾ ਲਿਆ ਇਕ ਬਹੁਤ

ਵੱਡੀ ਖਾਈ ਸੀ ਪਾਣੀ ਦੀ, ਉਹਦੇ ਘੋੜੇ ਨੇ ਛਾਲ ਮਾਰੀ ਪਰ ਉਸ ਦਾ ਖ਼ੂਨ ਨਿਕਲ ਚੁੱਕਿਆ ਸੀ, ਉਸ ਦਾ ਦਿਲ ਰੁਕ ਗਿਆ ਉਥੇ ਹੀ ਉਸ ਦਾ ਘੋੜਾ ਮਰ ਗਿਆ, ਇਕੱਲਾ ਰਹਿ ਗਿਆ। ਇਸ ਨੇ ਵੀ ਛਾਲ ਮਰਾ ਦਿੱਤੀ ਤੇ ਰਾਣੇ ਨੇ ਹਥਿਆਰ ਸਾਂਭ ਲਏ। ਉਹ ਕਹਿੰਦਾ, "ਭਰਾ! ਇਸ ਵੇਲੇ ਮੈਂ ਯੁੱਧ ਦੇ ਮੈਦਾਨ ਵਿਚ ਨਹੀਂ ਹਾਂ, ਮੈਂ ਇਕ ਭਰਾ ਦੀ ਮਦਦ ਕਰਨ ਆਇਆ ਹਾਂ, ਫੌਜ ਬਹੁਤ ਵੱਡੀ ਹੈ ਤੇਰਾ ਪਿੱਛਾ ਕਰ ਰਹੀ ਹੈ ਤੂੰ ਮੇਰਾ ਘੋੜਾ ਲੈ ਲੈ ਤੇ ਇਕ ਦਮ ਨਿਕਲ ਜਾ ਇਥੋਂ ਮੈਦਾਨ ਵਿਚੋਂ। ਕਹਿੰਦੇ ਉਸ ਵੇਲੇ ਭਰਾ ਕੰਮ ਆਇਆ, ਜਦੋਂ ਕੋਈ ਉਮੀਦ ਨਹੀਂ ਸੀ ਕਿਉਂਕਿ ਜਮਾਂਦਰੂ ਵੈਰ ਸੀ ਇਨ੍ਹਾਂ ਦਾ ਬਹੁਤ ਜਬਰਦਸਤ ਲੇਕਿਨ ਉਹ ਭਰਾ ਆਪਣੇ ਭਰਾ ਦੀ ਦੁਰਗਤੀ ਨਾ ਦੇਖ ਸਕਿਆ। ਅਕਬਰ ਦੇ ਪਾਸ ਗਏ, ਅਕਬਰ ਨੇ ਪੇਸ਼ੀ ਕਰੀ ਇਸ ਦੀ। ਇਸ ਦਾ ਚੇਤਕ ਘੋੜਾ ਸੀ ਜਿਹੜਾ ਮਰਿਆ। ਪੇਸ਼ੀ ਕਰੀ ਤਾਂ ਇਸ ਨੂੰ ਬੁਲਾਇਆ। ਕਹਿਣ ਲੱਗੇ ਕਿ ਤੂੰ ਉਲੰਘਣਾ ਕੀਤੀ ਹੈ ਮੈਦਾਨ-ਏ-ਜੰਗ 'ਚ। ਜਰਨੈਲ ਹੋ ਕੇ ਗਿਆ ਹੈਂ ਤੇ ਜਦੋਂ ਤੇਰਾ ਭਰਾ ਬਿਲਕੁਲ ਨਿਹੱਥਾ ਹੋ ਗਿਆ ਤੂੰ ਘੋੜਾ ਦੇ ਕੇ ਕਿਉਂ ਨਠਾਇਆ।

ਉਹ ਕਹਿਣ ਲੱਗਿਆ, "ਹਜ਼ੂਰ! ਬਾਦਸ਼ਾਹ ਸਲਾਮਤ!! ਜਿੰਨਾ ਚਿਰ ਉਸ ਦੀਆਂ ਫੌਜਾਂ ਜੀਉਂਦੀਆਂ ਸੀ, ਭੋਰਾ ਜਿੰਨੀ ਵੀ ਅਸੀਂ ਕਸਰ ਨਾਂ ਛੱਡੀ ਤੇ ਹੁਣ ਜਦੋਂ ਮੇਰਾ ਭਰਾ ਮੈਦਾਨ-ਏ-ਜੰਗ 'ਚੋਂ ਚਲਿਆ ਗਿਆ, ਮਦਦ ਦੀ ਲੋੜ ਹੈ ਉਸ ਨੂੰ ਤੇ ਉਸ ਵੇਲੇ ਦੁਨੀਆਂ ਦੇ ਵਿਚ ਮੈਂ ਹੀ ਭਰਾ ਹਾਂ ਜਿਸ ਨੇ ਮਦਦ ਕਰਨੀ ਸੀ, ਹੋਰ ਤਾਂ ਉਸ ਦੇ ਸਾਰੇ ਵੈਰੀ ਬਣ ਚੁੱਕੇ ਸੀ। ਸੋ ਇਸ ਕਰਕੇ ਮੇਰਾ ਫਰਜ਼ ਬਣਦਾ ਸੀ, ਮੈਦਾਨ-ਏ-ਜੰਗ 'ਚ ਨਹੀਂ ਮੈਂ ਕਸਰ ਕਰੀ ਉਸ ਦੇ ਸਾਰੇ ਸਿਪਾਹੀ ਮਾਰ ਦਿੱਤੇ। ਮੈਦਾਨ ਦੇ ਵਿਚ ਉਹ ਲੋਹਾ ਲੈਂਦਾ ਮੇਰੇ ਨਾਲ ਮੈਨੂੰ ਵਿਸ਼ਵਾਸ ਹੈ ਕਿ ਮੈਂ ਉਸ ਨੂੰ ਫੜ ਲੈਂਦਾ ਜਾਂ ਉਸ ਨੂੰ ਸ਼ਹੀਦ ਕਰ ਦਿੰਦਾ ਪਰ ਉਹ ਮੈਦਾਨ ਤੋਂ ਬਾਹਰ ਤਾਂ ਮੇਰਾ ਭਰਾ ਹੀ ਹੈ ਆਖਰ।"

ਉਸ ਵੇਲੇ ਅਕਬਰ ਕਹਿਣ ਲੱਗਿਆ, "ਸ਼ਾਬਾਸ਼! ਮੈਂ ਬੜਾ ਖੁਸ਼ ਹਾਂ ਕਿ ਤੂੰ ਇਕ ਭਰਾ ਦਾ ਫਰਜ਼ ਪੂਰਾ ਕਰਿਆ ਹੈ।

ਉਸ ਵੇਲੇ ਜਦੋਂ ਭਾਈ ਮੰਝ ਨੂੰ ਕੋਈ ਆਸਰਾ ਨਹੀਂ ਮਿਲਦਾ ਭਰਾਵਾਂ ਵੱਲ ਦੇਖਿਆ, ਭਤੀਜਿਆਂ ਵੱਲ ਦੇਖਿਆ ਮਨ ਵਿਚ ਖਿਆਲ ਕਰਿਆ ਕਿ ਭਰਾ ਤਾਂ ਬਾਹਾਂ ਹੁੰਦੀਆਂ ਨੇ, ਇਹ ਤਾਂ ਨਹੀਂ ਨਾ ਐਨਾ ਕਰਨਗੇ ਕਿ ਪਾਣੀ ਵੀ ਨਾ ਦੇਣ ਸਾਨੂੰ ਪੀਣ ਨੂੰ। ਉਸੇ ਵੇਲੇ ਭਰਾਵਾਂ ਨੇ ਜਵਾਬ ਦੇ ਦਿੱਤਾ। ਐਸਾ ਮਹਾਰਾਜ ਫੁਰਮਾਨ ਕਰਦੇ ਨੇ -

*ਧਾਰਨਾ - ਭੈਣਾਂ ਤੇ ਭਾਈ ਜੀ,*
*ਲਾਗੂ ਸਭ ਦੁਸ਼ਮਣ ਬਣ ਗਏ -2, 2.*

*ਜਾ ਕਉ ਮੁਸਕਲੁ ਅਤਿ ਬਣੈ ਢੋਈ ਕੋਇ ਨ ਦੇਇ॥*
*ਲਾਗੂ ਹੋਏ ਦੁਸਮਨਾ ਸਾਕ ਭਿ ਭਜਿ ਖਲੇ॥*
*ਸਭੋ ਭਜੈ ਆਸਰਾ ਚੁਕੈ ਸਭੁ ਅਸਰਾਉ॥*
*ਚਿਤਿ ਆਵੈ ਓਸ ਪਾਰਬ੍ਰਹਮ ਲਗੈ ਨ ਤਤੀ ਵਾਉ॥*
*ਅੰਗ - 70*

ਕੋਈ ਵੀ ਦੁਨੀਆਂ ਦਾ ਆਸਰਾ ਨਾ ਰਿਹਾ, ਥੋੜ੍ਹਾ ਦੂਰ ਗਏ ਉਥੇ ਰੁਕਣ ਦੀ ਕੋਸ਼ਿਸ਼ ਕਰਦੇ ਨੇ ਕਿ ਇਥੇ ਪਿੰਡ ਦੇ ਨੇੜੇ ਹੀ ਆਪਾਂ ਬਾਹਰ ਤਾਂ ਆ ਗਏ, ਇਥੇ ਝੌਂਪੜੀ ਬਣਾ ਲੈਂਦੇ ਹਾਂ। ਨਾਂਹ......! ਉਥੇ ਵੀ ਪਹੁੰਚ ਗਏ ਕਿ ਇਥੇ ਨਹੀਂ ਬੈਠਣਾ ਤੂੰ, ਸਾਰੀ ਜੂਹ ਖਾਲੀ ਕਰਨੀ ਪੈਣੀ ਹੈ ਉਥੇ ਜਾਹ ਜਿਥੇ ਗੁਰੂ ਦੇ ਸਿੱਖ ਨੇ। ਇਹ ਸਾਰਾ ਸਰਵਰੀਆਂ ਦਾ ਇਲਾਕਾ ਹੈ, ਇਥੇ ਨਹੀਂ ਤੂੰ ਰਹਿ ਸਕਦਾ। ਉਸ ਵੇਲੇ ਐਸੀ ਅਵਸਥਾ ਮਹਾਰਾਜ ਨੇ ਕੀਤੀ ਹੈ ਵਰਣਨ -

*ਧਾਰਨਾ - ਝੱਟ ਕਿਥੇ ਲੰਘਾਵਾਂ ਓ!*
*ਮਾਲਕਾ ਦੁਨੀਆ ਟਿਕਣ ਨਾ ਦੇਵੇ -2, 2.*

ਜਦੋਂ ਗੁਰੂ ਨਾਨਕ ਪਾਤਸ਼ਾਹ ਏਮਨਾਬਾਦ ਵਿਚ ਰੋੜੀ ਸਾਹਿਬ ਤਪ ਕਰਦੇ ਸੀ, ਉਸ ਵੇਲੇ ਐਸੀ ਹਾਲਤ ਹੋ ਗਈ ਸੀ ਕੋਈ ਭੂਤਨਾ ਕਹਿੰਦਾ ਹੈ, ਕੋਈ ਬੇਤਾਲਾ ਕਹਿੰਦਾ ਹੈ, ਕੋਈ ਕੁਰਾਹੀਆ ਕਹਿੰਦਾ ਹੈ। ਮਰਦਾਨੇ ਨੂੰ ਕੋਈ ਕੁਝ ਦਿੰਦਾ ਨਹੀਂ ਹੈ, ਧੱਕੇ ਮਾਰਦੇ ਹਨ ਕਿ ਕੁਰਾਹੀਏ ਦਾ ਡੂਮ ਹੈ। ਉਸ ਵੇਲੇ, ਜਨਮ ਸਾਖੀ ਵਿਚ ਇਹ ਲਿਖੀਆਂ ਹੋਈਆਂ ਨੇ ਲਾਈਨਾਂ।

ਸੋ ਐਸੀ ਹਾਲਤ ਹੋਈ ਚਲੇ ਜਾ ਰਹੇ ਨੇ। ਪਿੰਡ ਦੀ ਜੂਹ ਛੱਡ ਗਏ, ਅਗਲੇ ਦੀ ਛੱਡ ਗਏ, ਅਗਲੇ ਦੀ ਛੱਡ ਗਏ। ਚੰਗਾ ਭਾਈ! ਜਿਥੇ ਗੁਰੂ ਦਾ ਸਿੱਖ ਕੋਈ ਲੱਭ ਗਿਆ ਉਥੇ ਹੀ ਅਸੀਂ ਜਾਵਾਂਗੇ। ਤਾਂ ਚਲਦੇ-ਚਲਦੇ ਘਰ ਵਾਲੀ ਨੇ ਕਿਹਾ ਕਿ ਦੇਖੋ ਹੁਣ ਆਪਣੇ ਕੋਲ ਤਾਂ ਕੁਝ ਨਹੀਂ ਹੈ, ਇਹ ਪੇਟ ਐਸੀ ਚੀਜ਼ ਹੈ ਹੁਣ ਭਰਿਆ ਹੈ ਥੋੜ੍ਹੀ ਦੇਰ ਨੂੰ ਖਾਲੀ ਹੋ ਜਾਣਾ ਹੈ, ਪੈਸਾ ਆਪਣੇ ਕੋਲ ਨਹੀਂ ਹੈ, ਮੰਗਤੇ ਅਸੀਂ ਬਣਨਾ ਨਹੀਂ ਹੈ ਫੇਰ ਬਣੇਗਾ ਕੀ ਆਪਣਾ? ਭੁੱਖੇ ਮਰ ਜਾਵਾਂਗੇ ਆਪਾਂ।

ਉਹ ਕਹਿੰਦਾ,"ਭੋਲੀਏ! ਆਏਂ ਨਹੀਂ ਗੱਲ ਕਰੀਦੀ, ਮੇਰੇ ਸਤਿਗੁਰੂ ਦੀ ਬਾਣੀ ਤੇ ਵਿਸ਼ਵਾਸ ਰੱਖ ਜਿਸ ਨੇ ਇਸ ਤਰ੍ਹਾਂ ਫੁਰਮਾਇਆ ਹੈ -

*ਧਾਰਨਾ - ਰੋਜ਼ੀ ਦਿੰਦਾ ਹੈ ਪੱਥਰ ਦੇ ਕੀੜੇ ਨੂੰ,*
*ਤੈਨੂੰ ਕਿਉਂ ਨਾ ਦੇਵੇ ਬੰਦਿਆ -2, 2.*

*ਕਾਹੇ ਰੇ ਮਨ ਚਿਤਵਹਿ ਉਦਮੁ*
*ਜਾ ਆਹਰਿ ਹਰਿ ਜੀਉ ਪਰਿਆ॥*
*ਸੈਲ ਪਥਰ ਮਹਿ ਜੰਤ ਉਪਾਏ*
*ਤਾ ਕਾ ਰਿਜਕੁ ਆਗੈ ਕਰਿ ਧਰਿਆ॥ ਅੰਗ - 10*

ਉਹ ਤਾਂ ਉਨ੍ਹਾਂ ਨੂੰ ਵੀ ਦਿੰਦਾ ਹੈ। ਕਈ ਬੰਦਿਆਂ ਦੇ ਮਨਾਂ ਵਿਚ ਸ਼ੰਕਾਂ ਹੁੰਦਾ ਹੈ ਕਿ ਇਹ ਗੱਲ ਹੋ ਵੀ ਸਕਦੀ ਹੈ? ਸਾਧ ਸੰਗਤ ਜੀ! ਮੈਂ ਆਪਣੇ ਨਾਲ ਪ੍ਰਤਿਆ ਕੇ ਦੇਖੀ ਹੈ ਪਰ ਮੈਂ ਗੱਲ ਕਰਨੀ ਨਹੀਂ ਹੈ, ਪੂਰੀ ਤਰ੍ਹਾਂ ਨਾਲ ਦੇਖੀ

ਹੈ ਮੈਂ ਕਿ ਇਹ ਬਚਨ ਜੋ ਹੈ ਮਹਾਰਾਜ ਨੇ ਸਾਡੇ ਵਾਸਤੇ ਲਿਖਿਆ ਹੈ, ਸਾਡਾ ਵਿਸ਼ਵਾਸ ਨਾ ਬਣਨ ਕਰਕੇ ਅਸੀਂ ਦੁਖੀ ਤੇ ਚਿੰਤਾ ਵਿਚ ਰਹਿੰਦੇ ਹਾਂ। ਰੋਜ਼ੀ ਦੇਣ ਵਾਲਾ ਪ੍ਰਮੇਸ਼ਰ ਹੈ।

ਸੋ ਉਸ ਵੇਲੇ ਲੜਕੀ ਤੇ ਘਰਵਾਲੀ ਨੂੰ ਕਹਿਣ ਲੱਗਿਆ ਕਿ ਤੁਸੀਂ ਡਰੋ ਨਾ ਰੋਜੀ ਦੇਣ ਵਾਲਾ ਤਾਂ ਬਿਸ਼ੰਬਰ ਹੈ, ਪ੍ਰਮੇਸ਼ਰ ਹੈ, ਪਾਪੀਆਂ ਨੂੰ ਵੀ ਦਿੰਦਾ ਹੈ, ਪੁੰਨੀਆਂ ਨੂੰ ਵੀ ਦਿੰਦਾ ਹੈ, ਸਾਰੇ ਜੀਵਾਂ ਦੀ ਸੰਭਾਲ ਕਰਦਾ ਹੈ ਬਾਕੀ ਜਿਹੜੀਆਂ ਤੁਸੀਂ ਇਹ ਕਹੀ ਜਾਂਦੇ ਹੋ ਕਿ ਆਏਂ ਕਰਿਆ, ਇਨ੍ਹਾਂ ਨੇ ਸਾਡੇ ਨਾਲ ਆਏਂ ਕਰਿਆ, ਕਹਿੰਦੇ ਦੋਸ਼ ਨਾ ਦਿਓ, ਦੋਸ਼ ਨਹੀਂ ਦੇਣਾ ਚਾਹੀਦਾ ਕਿਸੇ ਨੂੰ ਵੀ। ਕਿਉਂ ਮਾੜਾ ਕਹਿੰਦੇ ਹੋ ਕਿ ਫਲਾਣਾ ਮਾੜਾ ਹੈ, ਮਾੜੇ ਤਾਂ ਆਪਾਂ ਹੀ ਹਾਂ –

*ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ॥*
*ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ॥*
*ਅੰਗ - 1364*

ਗੁਰਸਿਖ ਕਦੇ ਕਿਸੇ ਨੂੰ ਮਾੜਾ ਨਹੀਂ ਕਹੇਗਾ, ਕਿਸੇ ਦੇ ਵਿਚ ਦੋਸ਼ ਨਹੀਂ ਕੱਢਦਾ ਗੁਰਸਿਖ।

ਉਸ ਨੂੰ ਪਤਾ ਹੈ ਕਿ ਇਹ ਤਾਂ ਮੇਰੇ ਮਾਲਕ ਦੀ ਖੇਡ ਹੈ–

*ਧਾਰਨਾ - ਉਹੀਓ ਗੱਲ ਚੰਗੀ ਹੈ,*
*ਭਾਵੇ ਜੋ ਤੈਨੂੰ ਮਾਲਕਾ -2.*

ਕਹਿਣ ਲੱਗਿਆ, "ਕਿਸੇ ਨੂੰ ਮਾੜਾ ਨਾ ਕਹੋ ਮੇਰਾ ਗੁਰੂ ਕਹਿੰਦਾ ਹੈ ਕਿ ਜੇ ਮਾੜਾ ਕਹਿਣਾ ਹੈ ਤਾਂ ਆਪਣੇ ਆਪ ਨੂੰ ਕਹੋ –

*ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ॥*
*ਅੰਗ - 1364*

ਫੇਰ ਦਰਜਾ ਕੀ ਦਿੰਦੇ ਹਨ ਆਪਣਾ ਮਿੱਤਰ ਬਣਾਉਂਦੇ ਨੇ –

*ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ॥*
*ਅੰਗ - 1364*

ਗੁਰੂ ਨਾਨਕ, ਕਬੀਰ, ਨਾਮਦੇਵ ਦੀ ਲਾਈਨ ਵਿਚ ਖੜ੍ਹਾ ਹੋ ਜਾਂਦਾ ਹੈ ਜਿਸ ਦੀ ਬਿਰਤੀ ਇਸ ਤਰ੍ਹਾਂ ਦੀ ਹੈ ਬਾਕੀ ਤੁਸੀਂ ਇਸ ਤਰ੍ਹਾਂ ਨਾ ਕਹੋ –

*ਮਤਾ ਕਰੈ ਪਛਮ ਕੈ ਤਾਈ ਪੂਰਬ ਹੀ ਲੈ ਜਾਤ॥*
*ਖਿਨ ਮਹਿ ਥਾਪਿ ਉਥਾਪਨਹਾਰਾ ਆਪਨ ਹਾਥਿ ਮਤਾਤ॥*
*ਅੰਗ - 496*

ਆਪਣੇ ਹੱਥ ਵਿਚ ਮਤੇ ਰੱਖੇ ਹੋਏ ਨੇ –

*ਇਸ ਕਾ ਬਲੁ ਨਾਹੀ ਇਸੁ ਹਾਥ॥*
*ਕਰਨ ਕਰਾਵਨ ਸਰਬ ਕੋ ਨਾਥ॥*
*ਆਗਿਆਕਾਰੀ ਬਪੁਰਾ ਜੀਉ॥*
*ਜੋ ਤਿਸੁ ਭਾਵੈ ਸੋਈ ਫੁਨਿ ਥੀਉ॥ ਅੰਗ - 277*

ਗੱਲ ਹੋ ਰਹੀ ਹੈ ਜਿਹੜੀ ਪ੍ਰਮੇਸ਼ਰ ਨੇ ਕਰਨੀ ਹੈ –

*ਅਨਿਕ ਉਪਾਵ ਚਿਤਵੀਅਹਿ ਬਹੁਤੇਰੇ*
*ਸਾ ਹੋਵੈ ਜਿ ਬਾਤ ਹੋਵੈਨੀ॥*
*ਅਪਨਾ ਭਲਾ ਸਭੁ ਕੋਈ ਬਾਛੈ ਸੋ ਕਰੇ*
*ਜਿ ਮੇਰੈ ਚਿਤਿ ਨ ਚਿਤੈਨੀ॥ ਅੰਗ - 800*

*ਫਰੀਦਾ ਦਰੀਆਵੈ ਕੰਨ੍ਹੈ ਬਗੁਲਾ ਬੈਠਾ ਕੇਲ ਕਰੇ॥*
*ਕੇਲ ਕਰੇਦੇ ਹੰਝ ਨੋ ਅਚਿੰਤੇ ਬਾਜ ਪਏ॥*
*ਬਾਜ ਪਏ ਤਿਸੁ ਰਬ ਦੇ ਕੇਲਾਂ ਵਿਸਰੀਆਂ॥*
*ਜੋ ਮਨਿ ਚਿਤਿ ਨ ਚੇਤੇ ਸਨਿ ਸੋ ਗਾਲੀ ਰਬ ਕੀਆਂ॥*
*ਅੰਗ - 1383*

ਰੋਜ ਹੀ ਦੇਖ ਲਓ ਤੁਸੀਂ, ਰੋਜ਼ ਸੰਸਾਰ ਤੇ ਵਰਤੀਆ ਨੇ। ਨਾਂਹ! ਫਿਕਰ ਨਾ ਕਰੋ, ਗੁਰੂ ਦੇ ਭਾਣੇ ਵਿਚ ਰਾਜ਼ੀ ਰਹੋ, ਇਹ ਜਿਹੜੇ ਦੁਖ ਨੇ ਮੇਰਾ ਗੁਰੂ ਕਹਿੰਦਾ ਹੈ ਕਿ ਇਹ ਦਾਰੂ ਬਣ ਰਹੀ ਹੈ। ਆਪਾਂ ਨੂੰ ਸੰਗਲੀ ਪਾ ਕੇ ਗੁਰੂ ਖਿੱਚ ਰਿਹਾ ਹੈ ਆਪਣੇ ਵੱਲ ਨੂੰ।

ਸੋ ਇਸ ਤਰ੍ਹਾਂ ਬਚਨ ਕਰਦੇ ਹੋਏ ਅਗਲੇ ਪਿੰਡ ਚਲੇ ਗਏ ਦੂਰ। ਉਥੇ ਕੁਝ ਥੋੜ੍ਹੀ ਬਹੁਤੀ ਜਾਣ ਪਛਾਣ ਵੀ ਸੀ ਉਥੇ ਚੌਧਰੀ ਨੂੰ ਜਾ ਕੇ ਮਿਲੇ, ਵਾਰਤਾ ਦੱਸੀ ਕਿ ਅਸੀਂ ਇਥੇ ਰਹਿਣਾ ਹੈ ਮੰਗਣਾ ਤਾਂ ਹੈ ਨਹੀਂ, ਦੋ ਚੀਜ਼ਾਂ ਸਾਨੂੰ ਲਿਆ ਦੇਹ, ਇਕ ਚੰਗੜ ਲਿਆ ਦੇਹ ਤੇ ਇਕ ਖੁਰਪਾ ਦੇ ਦੇ। ਮੈਂ ਉਸ ਦੇ ਪੈਸੇ ਦੇ ਦਿਆਂਗਾ, ਉਹ ਵੀ ਮੈਂ ਮੁਫਤ ਨਹੀਂ ਲੈਣੇ।

ਉਹ ਕਹਿੰਦਾ, "ਚੌਧਰੀ! ਤੂੰ ਐਥੇ, ਜਿਥੇ ਤੇਰਾ ਦਿਲ ਕਰਦਾ ਹੈ ਕੁਟੀਆ ਪਾ ਲੈ, ਮੈਂ ਦੋਏ ਚੀਜ਼ਾਂ ਲਿਆ ਦਿਆਂਗਾ।"

ਦੋਏ ਚੀਜ਼ਾਂ ਲਿਆ ਦਿੱਤੀਆਂ, ਹੁਣ ਰੋਜ਼ ਕਿਰਤ ਕਰਦਾ ਹੈ ਕਿਉਂਕਿ ਸਾਧ ਸੰਗਤ ਜੀ! ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ। ਹੁਣ ਮੈਂ ਇਥੇ ਹੀ ਸਮਾਪਤ ਕਰਦਾ ਹਾਂ। ਕੱਲ੍ਹ ਨੂੰ ਹੁਮ-ਹੁਮਾ ਕੇ ਸਮੇਂ ਸਿਰ ਆਇਓ। ਦੋ ਦੀਵਾਨ ਆਪ ਦੇ ਹੋਰ ਰਹਿ ਗਏ। ਸੋ ਵਿਚਾਰਾਂ ਮਹਾਰਾਜ ਪ੍ਰੇਰਨਾ ਕਰਨਗੇ ਉਸ ਦੇ ਮੁਤਾਬਕ ਹੋਣਗੀਆਂ। ਸੋ ਹੁਣ ਸਾਰੇ ਪ੍ਰੇਮੀ ਗੁਰਸਤੋਤਰ ਵਿਚ ਬੋਲੋ। ਜਿਹੜੇ ਹਾਲੇ ਤੱਕ ਨਹੀਂ ਬੋਲੇ, ਉਹ ਵੀ ਆਪਣੀ ਰਸਨਾ ਪਵਿੱਤਰ ਕਰੋ।

–ਗੁਰ ਸਤੋਤਰ–

–ਅਨੰਦ ਸਾਹਿਬ–

–ਅਰਦਾਸ–

# ਆਸਾ ਦੀ ਵਾਰ - ਗੁਰਮਤਿ ਟੀਕਾ

*ਡਾ. ਗੁਰਮੁਖ ਸਿੰਘ*

## ਪਉੜੀ ਛੇਵੀਂ

ਇਸ ਪਉੜੀ ਦੇ ਸਲੋਕ ਵਿਚ ਗੁਰੂ ਜੀ ਮੁਸਲਮਾਨਾਂ, ਹਿੰਦੂਆਂ, ਜੋਗੀਆਂ, ਦਾਨੀਆਂ ਆਦਿ ਦੀ ਵਿਚਾਰ ਸਮਝਾਉਂਦੇ ਹਨ, ਇਨ੍ਹਾਂ ਵਿਚੋਂ ਕਿਸੇ ਨੂੰ ਵੀ ਪਰਮੇਸਰ ਪ੍ਰਾਪਤੀ ਨਹੀਂ ਹੋ ਸਕਦੀ। ਅੰਤ ਵਿਚ ਸਫਲ ਗੁਰਮਤਿ ਭਗਤੀ ਸਿਮਰਨ ਦੀ ਵਿਚਾਰ ਸਮਝਾਉਂਦੇ ਹਨ।

ਸਲੋਕ ਮ. ੧

*ਮੁਸਲਮਾਨਾ ਸਿਫਤਿ ਸਰੀਅਤਿ*
*ਪੜਿ ਪੜਿ ਕਰਹਿ ਬੀਚਾਰੁ॥*
*ਬੰਦੇ ਸੇ ਜਿ ਪਵਹਿ ਵਿਚਿ ਬੰਦੀ ਵੇਖਣ ਕਉ ਦੀਦਾਰੁ॥*

ਮੁਸਲਮਾਨਾਂ ਵਿਚ ਸ਼ਰੀਅਤ ਦੀ ਸਿਫਤ ਕੀਤੀ ਜਾਂਦੀ ਹੈ, ਉਹ ਸ਼ਰਹ ਨੂੰ ਪੜ੍ਹ-ਪੜ੍ਹ ਕੇ ਇਹ ਵਿਚਾਰ ਕਰਦੇ ਹਨ ਕਿ ਰੱਬ ਦਾ ਦੀਦਾਰ ਵੇਖਣ ਲਈ ਜੋ ਮਨੁੱਖ ਸ਼ਰ੍ਹਾ ਦੀ ਬੰਦਸ਼ ਵਿਚ ਪੈਂਦੇ ਹਨ, ਉਹ ਹੀ ਰੱਬ ਦੇ ਬੰਦੇ ਹਨ।

*ਹਿੰਦੂ ਸਾਲਾਹੀ ਸਾਲਾਹਨਿ ਦਰਸਨਿ ਰੂਪਿ ਅਪਾਰੁ॥*
*ਤੀਰਥਿ ਨਾਵਹਿ ਅਰਚਾ ਪੂਜਾ ਅਗਰ ਵਾਸੁ ਬਹਕਾਰੁ॥*

ਹਿੰਦੂ ਸ਼ਾਸਤਰ ਦੁਆਰਾ ਹੀ ਸਾਲਾਹੁਣ ਯੋਗ ਪ੍ਰਮਾਤਮਾ ਨੂੰ ਸਲਾਹੁੰਦੇ ਹਨ। ਹਿੰਦੂ ਪਰਮਾਤਮਾ ਨੂੰ ਸੁੰਦਰ ਦਸਦੇ ਹਨ, ਉਹ ਤੀਰਥਾਂ 'ਤੇ ਨਹਾਉਂਦੇ ਹਨ, ਮੂਰਤੀਆਂ ਦੀ ਪੂਜਾ ਅਰਚਨਾ ਕਰਦੇ ਹਨ, ਅਗਰ ਆਦਿ ਧੁਖਾ ਕੇ ਖੁਸ਼ਬੂ ਦਿੰਦੇ ਹਨ ਤੇ ਹੋਰ ਚੰਦਨ ਅੱਤਰ ਆਦਿ ਦੀ ਮਹਿਕ ਮੂਰਤੀਆਂ ਨੂੰ ਦਿੰਦੇ ਹਨ।

*ਜੋਗੀ ਸੁੰਨਿ ਧਿਆਵਨਿ ਜੇਤੇ ਅਲਖ ਨਾਮੁ ਕਰਤਾਰੁ॥*

ਸੁੰਨਿ ਦੇ ਅਰਥ ਹਨ ਮਨ ਨੂੰ ਧਿਆਨ ਦੁਆਰਾ ਸਾਧ ਕੇ ਸਮਾਧੀ ਲਗਾ ਲੈਣਾ। ਮਨ ਵਿਚ ਕੋਈ ਫੁਰਨਾ ਨਹੀਂ ਆਉਂਦਾ, ਅਫੁਰ ਅਵਸਥਾ। ਜੋਗੀ ਧਿਆਨ ਦੁਆਰਾ ਸਮਾਧੀ ਲਗਾ ਕੇ ਮਨ ਨੂੰ ਸ਼ਾਂਤ, ਅਫੁਰ ਕਰ ਲੈਂਦੇ ਹਨ। ਉਹ ਪਰਮਾਤਮਾ ਨੂੰ ਅਲਖ-ਅਲਖ ਕਹਿ ਕੇ ਪੁਕਾਰਦੇ ਹਨ।

*ਸੂਖਮ ਮੂਰਤਿ ਨਾਮੁ ਨਿਰੰਜਨ ਕਾਇਆ ਕਾ ਆਕਾਰੁ॥*

ਪ੍ਰਮਾਤਮਾ ਸੂਖਮ ਹੈ, ਮਾਇਆ ਦੀ ਕਾਲਖ ਤੋਂ ਬਿਨਾਂ ਹੈ, ਪਰਮ ਚੇਤਨਾ ਹੈ। ਸੁੰਨ ਸਮਾਧ ਵਿਚ ਜੋ ਵੀ ਉਹ ਵੇਖਣਗੇ, ਉਹ ਆਪਣੀ ਜਿੰਦ, ਚੇਤਨਾ, ਦੇ ਦਾਇਰੇ ਵਿਚ ਹੀ ਹੋਵੇਗਾ, ਕੁਦਰਤਿ ਦੇ ਦਾਇਰੇ ਵਿਚ ਹੋਵੇਗਾ। ਜਿੰਦ ਚੇਤਨਾ ਤੋਂ ਉਪਰ ਪਰਮਚੇਤਨਾ ਬ੍ਰਹਮ ਜੋਤਿ ਦਾ ਗਿਆਨ ਉਨ੍ਹਾਂ ਨੂੰ ਨਹੀਂ ਹੋ ਸਕਦਾ। ਜਿੰਦ ਮੈਲੀ ਹੈ, ਹਉਂ ਵਿਚ ਹੈ। ਜਿੰਦ ਤੋਂ ਉਪਰ ਪਰਮਚੇਤਨਾ, ਨਾਮ/ਬ੍ਰਹਮ/ਆਤਮਾ ਨੂੰ ਉਹ ਨਹੀਂ ਵੇਖ ਸਕਦੇ।

*ਸਤੀਆ ਮਨਿ ਸੰਤੋਖੁ ਉਪਜੈ ਦੇਣੈ ਕੈ ਵੀਚਾਰਿ॥*
*ਦੇ ਦੇ ਮੰਗਹਿ ਸਹਸਾ ਗੂਣਾ ਸੋਭ ਕਰੇ ਸੰਸਾਰੁ॥*

ਦਾਨੀਆਂ ਦੇ ਮਨ ਦਾਨ ਦੇਣ ਦੇ ਵੀਚਾਰ ਨਾਲ ਆਪਣੇ ਲਈ ਘੱਟ ਖਰਚ ਕਰਨ ਦਾ ਸੰਤੋਖ ਉਪਜਦਾ ਹੈ, ਪਰ ਉਹ ਦਾਨ ਦੇ ਕੇ ਸੰਸਾਰ ਕੋਲੋਂ ਸ਼ੋਭਾ ਵਡਿਆਈ ਮੰਗਦੇ ਹਨ, ਤੇ ਪਰਮਾਤਮਾ ਕੋਲੋਂ ਹਜ਼ਾਰਾਂ ਗੁਣਾਂ ਫਲ ਦੀ ਇੱਛਾ ਕਰਦੇ ਹਨ।

ਇਥੇ ਤਾਈਂ ਸੰਸਾਰ ਵਿਚ ਵਸਦੇ ਧਰਮੀਆਂ ਵਿਚ ਵਿਚਾਰ ਸੀ। ਹੁਣ ਸੰਸਾਰ ਵਿਚ ਅਧਰਮ, ਵਿਕਾਰਾਂ ਵਿਚ ਪਰਵਿਰਤ ਜੀਵਾਂ ਦੀ ਤਸਵੀਰ ਵਾਹੁੰਦੇ ਹਨ।

*ਚੋਰਾ ਜਾਰਾ ਤੇ ਕੂੜਿਆਰਾ ਖਾਰਾਬਾ ਵੇਕਾਰ॥*
*ਇਕਿ ਹੋਦਾ ਖਾਇ ਚਲਹਿ ਐਥਾਊ*
*ਤਿਨਾ ਭਿ ਕਾਈ ਕਾਰ॥*

ਬੇਅੰਤ ਚੋਰ, ਪਰ-ਇਸਤ੍ਰੀ ਗਾਮੀ, ਝੂਠੇ ਤੇ ਵਿਕਾਰੀ ਵੀ ਹਨ ਜੋ ਮੰਦੇ ਕਰਮ ਕਰ-ਕਰ ਕੇ ਪਿਛਲੀ ਕੀਤੀ ਕਮਾਈ ਨੂੰ ਮੁਕਾ ਕੇ ਖਾਲੀ ਹੱਥ ਤੁਰ ਪੈਂਦੇ ਹਨ। ਪਰ ਇਹ ਪਰਮੇਸਰ ਦੇ ਰੰਗ ਹਨ, ਉਨ੍ਹਾਂ ਨੂੰ ਵੀ ਪਰਮਾਤਮਾ ਨੇ ਐਸੀ ਕਾਰੇ ਲਾਇਆ ਹੈ।

*ਜਲਿ ਥਲਿ ਜੀਆ ਪੁਰੀਆ ਲੋਆ ਆਕਾਰਾ ਆਕਾਰ॥*
*ਓਇ ਜਿ ਆਖਹਿ ਸੁ ਤੂੰਹੈ ਜਾਣਹਿ ਤਿਨਾ ਭਿ ਤੇਰੀ ਸਾਰ॥*

ਜਲ-ਥਲ ਵਿਚ ਰਹਿਣ ਵਾਲੇ, ਧਰਤੀ ਉਤੇ ਵਸਣ ਵਾਲੇ, ਬੇਅੰਤ ਪੁਰੀਆਂ ਲੋਕਾਂ ਤੇ ਬ੍ਰਹਿਮੰਡ ਦੇ ਜੀਵ ਉਹ ਜੋ ਕੁਝ ਆਖਦੇ ਤੇ ਕਰਦੇ ਹਨ, ਉਹ ਸਭ ਕੁਝ ਹੇ ਕਰਤਾਰ ਤੂੰ ਹੀ ਜਾਣਦਾ ਹੈ। ਉਹਨਾਂ ਨੂੰ ਵੀ ਤੇਰਾ ਹੀ ਆਸਰਾ ਹੈ।

ਇਥੇ ਤਕ ਸਤਿਗੁਰੂ ਜੀ ਦੱਸ ਰਹੇ ਹਨ ਆਪਣੇ-ਆਪਣੇ ਮਤ (ਮਨਮਤ) ਅਨੁਸਾਰ ਭਗਤੀ ਕਰ ਕੇ ਉਚਾ ਮਰਾਤਬਾ ਵਡਿਆਈ ਹਾਸਲ ਕਰਨ ਦੀ ਇੱਛਾ ਵਾਲੇ ਤੇ ਮੰਦੇ ਕਰਮ ਵਾਲੇ ਸਭ ਕੁਰਾਹੇ ਪਏ ਹਨ।

ਅੱਗੇ ਭਗਤਾਂ ਦੀ ਗੱਲ ਸਮਝਾਉਂਦੇ ਹਨ। (ਗੁਰਮਤਿ ਅਨੁਸਾਰ ਭਗਤ ਉਹ ਹਨ ਜੋ ਪੂਰੇ ਗੁਰੂ ਤੋਂ ਉਪਦੇਸ਼ ਲੈ ਕੇ ਤੇ ਨਾਮ ਲੈ ਕੇ ਸ਼ੁਧ ਮਨ ਨਾਮ ਸਿਮਰਨ ਕਰਦੇ ਹਨ, ਸਿਰਫ ਐਸੇ ਭਗਤ ਹੀ ਸੰਸਾਰ ਸਾਗਰ ਤੋਂ ਪਾਰ ਹੋ ਸਕਦੇ ਹਨ।)

*ਨਾਨਕ ਭਗਤਾ ਭੁਖ ਸਾਲਾਹਣੁ ਸਚੁ ਨਾਮੁ ਆਧਾਰੁ॥*
*ਸਦਾ ਅਨੰਦਿ ਰਹਹਿ ਦਿਨੁ ਰਾਤੀ ਗੁਣਵੰਤਿਆ ਪਾ ਛਾਰੁ॥*

ਗੁਰੂ ਜੀ ਕਹਿੰਦੇ ਹਨ ਇਕ ਪਰਮੇਸਰ ਦੇ ਭਗਤ ਹਨ। ਉਨ੍ਹਾਂ ਨੂੰ ਪ੍ਰਮਾਤਮਾ ਨੂੰ ਸਾਲਾਹੁਣ ਦੀ ਭੁੱਖ ਲੱਗੀ ਰਹਿੰਦੀ ਹੈ। ਉਹਨਾਂ ਦਾ ਆਸਰਾ ਗੁਰਮਤਿ ਨਾਮ ਸਿਮਰਨ ਹੈ। ਉਹ ਵਾਹਿਗੁਰੂ ਨਾਮ ਦਾ ਜਪ ਸਿਮਰਨ ਕਰ ਕੇ ਸਿਫਤ ਸਾਲਾਹ ਕਰਦੇ ਹਨ, ਇਹਨਾਂ ਦੇ ਮਨ ਪਵਿੱਤਰ ਨਿਰਮਲ ਹੋ ਜਾਂਦੇ ਹਨ। ਉਹ ਸਿਮਰਣ ਸਦਕਾ ਦਿਨ-ਰਾਤ ਆਨੰਦ

ਮੰਗਲ ਰਹਿੰਦੇ ਹਨ। ਉਹ ਆਪਣੇ ਆਪ ਨੂੰ ਗੁਣਵੰਤਿਆਂ ਦੇ ਪੈਰ ਦੀ ਖਾਕ ਸਮਝਦੇ ਹਨ। (ਸੰਸਾਰ ਦੀਆਂ ਵਡਿਆਈਆਂ ਦੀ ਇੱਛਾ ਵਾਲੇ ਬ੍ਰਹਮ ਨੂੰ ਨਹੀਂ ਪਾ ਸਕਦੇ)

ਅਗਲੇ ਸਲੋਕ ਵਿਚ ਗੁਰੂ ਜੀ ਮੁਸਲਮਾਨੀ ਮੱਤ ਦੇ ਗਲਤ ਅਕੀਦਿਆਂ 'ਤੇ ਟੀਕਾ-ਟਿੱਪਣੀ ਕਰਦੇ ਹਨ।

ਗੁਰਮਤਿ ਅਨੁਸਾਰ ਜਦੋਂ ਜੀਵ ਸਰੀਰ ਛੱਡ ਦਿੰਦਾ ਹੈ, ਤਾਂ ਸਰੀਰ ਕੇਵਲ ਮਿੱਟੀ ਹੈ। ਜਦੋਂ ਜੀਵ ਚਲਾ ਗਿਆ ਤਾਂ ਸ਼ਰੀਰ ਨੂੰ ਭਾਵੇਂ ਸਾੜੇ ਭਾਵੇਂ ਕਬਰ ਵਿਚ ਦਬਾਉ, ਉਸ ਜੀਵ ਨੂੰ ਕੋਈ ਫਰਕ ਨਹੀਂ। ਇਥੋਂ ਜਾ ਕੇ ਜੀਵ ਆਪਣੇ ਕਰਮਾਂ ਅਨੁਸਾਰ ਕਿਸੇ ਹੋਰ ਜੂਨ ਵਿਚ ਪੈ ਜਾਂਦਾ ਹੈ, ਤੇ ਉਸ ਦਾ ਨਾਮ ਨਵੀਂ ਜੀਵਆਤਮਾ ਪੈ ਜਾਂਦਾ ਹੈ।

ਮੁਸਲਮਾਨਾਂ ਦਾ ਅਕੀਦਾ ਹੈ ਕਿ ਜੀਵਨ ਜੋਤਿ ਸ਼ਰੀਰ ਦੇ ਨਾਲ ਰਹਿੰਦੀ ਹੈ। ਕਿਆਮਤ ਵਾਲੇ ਦਿਨ ਜੀਵ ਉਠਣਗੇ ਤੇ ਉਹਨਾਂ ਦਾ ਫੈਸਲਾ ਸੁਣਾਇਆ ਜਾਵੇਗਾ। ਕਰਮਾਂ ਅਨੁਸਾਰ ਦੋਜ਼ਕ ਜਾਂ ਬਹਿਸ਼ਤ ਵਿਚ ਭੇਜੇ ਜਾਣਗੇ।

ਮੁਸਲਮਾਨਾਂ ਦਾ ਇਹ ਖਿਆਲ ਹੈ ਕਿ ਮਰਨ ਪਿਛੋਂ ਜਿਨ੍ਹਾਂ ਦਾ ਸਰੀਰ ਸਾੜਿਆ ਜਾਂਦਾ ਹੈ, ਉਹ ਦੋਜ਼ਕ ਦੀ ਅੱਗ ਵਿਚ ਸੜਨਗੇ।

ਗੁਰੂ ਜੀ ਸਮਝਾ ਰਹੇ ਹਨ ਅਨੇਕਾਂ ਕਬਰਾਂ ਪੁੱਟੀਆਂ ਗਈਆਂ। ਸ਼ਰੀਰ ਦੀ ਮਿੱਟੀ, ਮਿੱਟੀ ਵਿਚ ਰਲ ਗਈ, ਤੇ ਜਦੋਂ ਕਿਸੇ ਸਰੀਰ ਦੀ ਮਿੱਟੀ ਘੁਮਿਆਰ ਕੋਲ ਗਈ ਤਾਂ ਉਸ ਦੇ ਭਾਂਡੇ ਬਣ ਕੇ ਉਸ ਮਿੱਟੀ ਨੂੰ ਇਥੇ ਹੀ ਅੱਗ ਵਿਚ ਸਾੜ ਦਿਤਾ। ਮਿੱਟੀ ਜਲਦੀ ਪੁਕਾਰਾਂ ਕਰਦੀ ਹੈ, ਜਲ-ਥਲ ਕੇ ਰੋਂਦੀ ਹੈ।

*ਮ. ੧*
*ਮਿਟੀ ਮੁਸਲਮਾਨ ਕੀ ਪੇੜੈ ਪਈ ਘੁਮਿਆਰ॥*
*ਘੜਿ ਭਾਂਡੇ ਇਟਾ ਕੀਆ ਜਲਦੀ ਕਰੇ ਪੁਕਾਰ॥*
*ਜਲਿ ਜਲਿ ਰੋਵੈ ਬਪੁੜੀ ਝੜਿ ਝੜਿ ਪਵਹਿ ਅੰਗਿਆਰ॥*
*ਨਾਨਕ ਜਿਨਿ ਕਰਤੈ ਕਾਰਣੁ ਕੀਆ ਸੋ ਜਾਣੈ ਕਰਤਾਰੁ॥*

ਕਬਰ ਵਿਚ ਦੱਬੇ ਜਾਣ ਤੋਂ ਕੁਝ ਸਮਾਂ ਮਗਰੋਂ ਮੁਸਲਮਾਨ ਦੇ ਸ਼ਰੀਰ ਦੀ ਮਿੱਟੀ ਘੁਮਿਆਰ ਦੇ ਪੇੜੇ ਵਿਚ ਪੈ ਗਈ। ਉਸਨੇ ਭਾਂਡੇ ਘੜੇ ਤੇ ਭਾਂਡੇ ਨੂੰ ਹੱਥ ਨਾਲ ਸਵਾਰਿਆ ਤੇ ਆਵੇ ਵਿਚ ਬੀੜ ਕੇ ਅੱਗ ਦੇ ਦਿਤੀ, ਉਥੇ ਉਹ ਸੜਦੀ ਹੋਈ ਪੁਕਾਰ ਕਰ ਰਹੀ ਹੈ, ਸੜ-ਸੜ ਕੇ ਰੋਂਦੀ ਹੈ ਤੇ ਅੰਗਾਰ ਝੜ-ਝੜ ਕੇ ਡਿੱਗਦੇ ਹਨ। ਮੁਸਲਮਾਨ ਨੂੰ ਦੱਬਿਆ ਗਿਆ ਸੀ ਤੇ ਸਾੜਿਆ ਨਹੀਂ ਸੀ ਕਿ ਨਰਕ ਨੂੰ ਨਾ ਜਾਵੇ। ਪਰ ਵੇਖੋ, ਉਸ ਦੇ ਸੜਨ ਦਾ ਕਾਰਨ ਪ੍ਰਮਾਤਮਾ ਨੇ ਬਣਾ ਦਿਤਾ, ਹੁਣ ਉਹ ਸੁਰਗ ਨੂੰ ਗਿਆ ਜਾਂ ਨਰਕ ਨੂੰ ਗਿਆ, ਇਹ ਗੱਲ ਉਹ ਕਰਤਾਰ ਹੀ ਜਾਣੇ, ਕਹਿੰਦੇ ਹਨ ਗੁਰੂ ਨਾਨਕ ਜੀ।

ਜੋ ਅਸਲੀਅਤ ਸਾਨੂੰ ਦਿਸਦੀ ਹੈ ਗੁਰੂ ਜੀ ਉਹ ਹੀ ਬਿਆਨ ਕਰ ਕੇ ਸਮਝਾ ਰਹੇ ਹਨ ਕਿ ਸਰੀਰ ਮੁਰਦੇ ਨੂੰ ਦੱਬਣ ਜਾਂ ਸਾੜਨ ਨਾਲ ਜੀਵ ਨੂੰ ਕੋਈ ਫਰਕ ਨਹੀਂ। ਸਰੀਰ ਮਿੱਟੀ ਹੈ, ਜੀਵ ਕਰਮਾਂ ਦੇ ਫਲ ਭੋਗਣ ਲਈ ਹੋਰ ਜੂਨਾਂ ਵਿਚ ਜਾਂਦਾ ਹੈ।

ਪਉੜੀ ਵਿਚ ਗੁਰੂ ਨਾਨਕ ਸਾਹਿਬ ਨਿਰਣਾਇਕ ਫੈਸਲਾ ਸੁਣਾਉਂਦੇ ਹਨ ਕਿ ਸਤਿਗੁਰੂ ਤੋਂ ਉਪਦੇਸ਼ ਲੈ ਕੇ ਉਸ ਉਤੇ ਅਮਲ ਕਰੇ ਬਗੈਰ ਕਿਸੇ ਮਨੁੱਖ ਨੂੰ ਪਰਮਾਤਮਾ ਦੇ ਦਰਸ਼ਨ ਨਹੀਂ ਹੋ ਸਕਦੇ। ਮੁਕਤੀ ਸਤਿਗੁਰੂ ਨੂੰ ਮਿਲਣ 'ਤੇ ਹੀ ਪ੍ਰਾਪਤ ਹੁੰਦੀ ਹੈ। ਇਸ ਪਉੜੀ ਵਿਚ ਗੁਰੂ ਜੀ ਪੂਰੇ ਸਤਿਗੁਰੂ ਦੀ ਗੁਰਮਤਿ definition ਵੀ ਦਿੰਦੇ ਹਨ।

*ਪਉੜੀ*
*ਬਿਨੁ ਸਤਿਗੁਰ ਕਿਨੈ ਨ ਪਾਇਓ*
*ਬਿਨੁ ਸਤਿਗੁਰ ਕਿਨੈ ਨ ਪਾਇਆ॥*
*ਸਤਿਗੁਰ ਵਿਚਿ ਆਪੁ ਰਖਿਓਨੁ ਕਰਿ*
*ਪਰਗਟੁ ਆਖਿ ਸੁਣਾਇਆ॥*

ਜੋਤਿ ਅਬਿਨਾਸ਼ੀ ਹੈ, ਚੇਤੰਨ ਹੈ, consciousness ਵਾਲੀ ਹੈ, ਆਨੰਦ ਸਰੂਪ ਹੈ, ਗਿਆਨ ਸਰੂਪ ਹੈ, ਸਭ ਕੁਝ ਜਾਣਦੀ ਹੈ, ਨਿਰਮਲ ਹੈ, ਭਰਮ ਰਹਿਤ ਹੈ। ਬ੍ਰਹਮ ਜੋਤਿ, ਪਰਮ ਚੇਤਨਾ, supreme Consciousness, ਬ੍ਰਹਮ ਨੇ ਸਤਿਗੁਰੂ ਵਿਚ ਆਪਣਾ ਆਪ ਰੱਖਿਆ ਹੈ। ਜੋਤਿ ਨੂੰ ਹਉਂ ਦਾ ਭਰਮ ਨਹੀਂ। ਸਤਿਗੁਰੂ ਨਿਰਮਲ ਹੈ, ਸਤਿਗੁਰੂ ਨੂੰ ਹਉਂ ਦਾ ਭਰਮ ਨਹੀਂ। ਜੋਤਿ ਪਰਮ ਪੁਰਖ ਹੈ, ਗਿਆਨ ਸਰੂਪ ਹੈ, ਸਭ ਕੁਝ ਜਾਣਦੀ ਹੈ। ਸਤਿਗੁਰੂ ਵੀ ਸਭ ਕੁਝ ਜਾਣਦਾ ਹੈ, ਸਤਿਗੁਰੂ ਤੋਂ ਬਿਨਾਂ ਪਾਰਬ੍ਰਹਮ ਨੂੰ ਕਿਸੇ ਨੇ ਪ੍ਰਾਪਤ ਨਹੀਂ ਕੀਤਾ।

ਸਤਿਗੁਰ ਵਿਚ ਬ੍ਰਹਮ ਨੇ ਆਪਣਾ ਆਪ ਰੱਖਿਆ ਹੈ, ਇਸ ਗੱਲ ਨੂੰ ਪ੍ਰਗਟ ਕਰ ਕੇ ਗੁਰੂ ਜੀ ਨੇ ਸੁਣਾ ਦਿਤਾ ਹੈ।

*ਸਤਿਗੁਰ ਮਿਲਿਐ ਸਦਾ ਮੁਕਤੁ ਹੈ*
*ਜਿਨਿ ਵਿਚਹੁ ਮੋਹੁ ਚੁਕਾਇਆ॥*

ਜਿਸ ਨੇ ਸਤਿਗੁਰੂ ਨਾਲ ਮੇਲ ਪ੍ਰਾਪਤ ਕਰ ਕੇ ਹਉਂ, ਮੈਂ, ਆਪੇ ਨਾਲ ਮੋਹ ਦੂਰ ਕੀਤਾ ਹੈ, ਉਹ ਸਦਾ ਮੁਕਤਿ ਹੈ।

ਹਉਂ ਤੇ ਮੋਹ ਕਿਦਾਂ ਜਾਂਦੀ ਹੈ?

*ਉਤਮੁ ਏਹੁ ਬੀਚਾਰੁ ਹੈ*
*ਜਿਨਿ ਸਚੇ ਸਿਉ ਚਿਤੁ ਲਾਇਆ॥*

ਇਹ ਵੀਚਾਰ ਉਤਮ ਹੈ ਕਿ ਜਿਸ ਨੇ ਸਤਿਗੁਰੂ ਨੂੰ ਮਿਲ ਕੇ, ਸੰਸਾਰ ਵਿਚ ਰਹਿੰਦਿਆਂ, ਸੱਚੇ ਨਾਮ ਨਾਲ ਗੁਰਸ਼ਬਦ ਗੁਰਮੰਤ੍ਰ ਨਾਮ ਵਾਹਿਗੁਰੂ ਨਾਲ ਨੇਹੁ ਲਗਾਇਆ ਹੈ, ਉਸ ਨੇ ਜਗਤ ਦਾ ਮੋਹ ਆਪ ਤੇ ਆਪੇ ਨਾਲ ਮੋਹ ਦੂਰ ਕਰ ਲਿਆ ਹੈ, ਉਸ ਦੀ ਹਉਂ ਦੂਰ ਹੋ ਗਈ।

*ਜਗਜੀਵਨੁ ਦਾਤਾ ਪਾਇਆ॥*

ਐਸੇ ਮਨੁੱਖਾਂ ਨੇ ਜਗਤ ਦੇ ਜੀਵਨ ਦਾਤੇ, ਪਾਰਬ੍ਰਹਮ ਨੂੰ ਪਾ ਲਿਆ ਹੈ, ਆਤਮਾ ਨੂੰ ਪਛਾਣ ਲਿਆ ਹੈ, ਤੇ ਮੁਕਤਿ ਹੋ ਗਏ ਹਨ।

# ਰਿਸ਼ੀਆਂ ਮੁਨੀਆਂ ਦਾ ਬ੍ਰਹਮਗਿਆਨ
# ਮੰਡੂਕ ਉਪਨਿਸ਼ਦ

*ਮੂਲ ਲੇਖਕ - ਡਾ. ਸਵਾਮੀ ਰਾਮ ਜੀ*
*ਅਨੁਵਾਦਕ - ਡਾ. ਬੀਬੀ ਤੇਜਿੰਦਰ ਮਲਹੋਤਰਾ*

### ਛੇਵਾਂ ਸਲੋਕ

ਜਿਹੜਾ ਦ੍ਰਿਸ਼ਟੀ ਤੋਂ ਪਰ੍ਹੇ ਹੈ, ਪਕੜ ਤੋਂ ਪਰ੍ਹੇ ਹੈ, ਭਾਵ ਪਕੜਿਆ ਨਹੀਂ ਜਾ ਸਕਦਾ, ਜਿਸ ਦਾ ਕੋਈ ਆਦਿ ਨਹੀਂ, ਸਰਵਤਰ ਪੂਰ ਰਿਹਾ ਹੈ ਜਿਸ ਦੇ ਕੋਈ ਹੱਥ, ਪੈਰ, ਨੇਤਰ ਨਹੀਂ ਭਾਵ ਜਿਸ ਦਾ ਕੋਈ ਅਕਾਰ ਹੀ ਨਹੀਂ ਜੋ ਪਰਮ ਸਤਿ ਹੈ। ਅਜਰ ਹੈ, ਅਟੱਲ ਹੈ, ਅਮਰ ਹੈ, ਸੂਖਮ ਹੈ, ਸਤਿ ਸੀ, ਸਤਿ ਹੈ, ਸਤਿ ਰਹੇਗਾ। ਸਤਿ ਤੋਂ ਉਤਪੰਨ ਹੋਇਆ ਹੈ, ਕੇਵਲ ਬ੍ਰਹਮਗਿਆਨੀ, ਪ੍ਰਭੂ ਪਿਆਰੇ ਹੀ ਉਸ ਨੂੰ ਦੇਖ ਸਕਦੇ ਹਨ।

(ਜਿਵੇਂ ਕਿ ਜਪੁਜੀ ਸਾਹਿਬ ਵਿਚ ਹੈ, ੴ ਸਤਿਨਾਮ ਕਰਤਾ ਪੁਰਖ ਨਿਰਭਉ ਨਿਰਵੈਰ ਅਕਾਲ ਮੂਰਤਿ ਅਜੂਨੀ ਸੈਭੰਨ ਗੁਰ ਪ੍ਰਸਾਦਿ॥ ਜਪੁ॥ ਆਦਿ ਸਚੁ ਜੁਗਾਦਿ ਸਚੁ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ)

ਸੱਚੀ ਸ਼ਕਤੀ ਤਾਂ ਅੰਦਰ ਹੀ ਹੈ ਸਾਰੇ, ਸਾਰੀ ਸੰਭਵਤਾ ਵੀ ਅੰਦਰ ਹੀ ਹੈ, ਬਾਹਰੀ ਸੰਸਾਰ ਤਾਂ ਕੇਵਲ ਅੰਦਰ ਵਸਦੀਆਂ ਸ਼ਕਤੀਆਂ ਦਾ ਪ੍ਰਗਟਾਵਾ ਹੀ ਹੈ, ਸਾਡੀਆਂ ਗਿਆਨ ਇੰਦ੍ਰੀਆਂ ਦੇ ਪ੍ਰਤੱਖ ਗਿਆਨ ਤੋਂ ਪਰ੍ਹੇ ਹੈ, ਸਾਡੇ ਦਿਮਾਗ ਤੋਂ ਵੀ ਪਰ੍ਹੇ ਹੈ। ਸਾਡੀ ਬੁੱਧੀ ਦੀ ਦਿਮਾਗ ਦੀ ਪਕੜ ਤੋਂ ਪਾਰ ਹੈ। ਉਸ ਦਾ ਸੰਕਲਪ ਕਰਨਾ ਵੀ ਔਖਾ ਹੈ ਭਾਵ ਸੰਕਲਪੀਕਰਣ ਤੋਂ ਵੀ ਪਰ੍ਹੇ ਹੈ। ਮਨ ਨੂੰ ਸਿਖਾਇਆ ਜਾ ਸਕਦਾ ਹੈ ਉਸ ਨੂੰ ਟਰੇਨਿੰਗ ਦਿਤੀ ਜਾ ਸਕਦੀ ਹੈ ਕਿ ਉਹ ਸੰਸਾਰਕ ਗਿਆਨ ਪ੍ਰਾਪਤ ਕਰ ਸਕੇ ਤੇ ਨਾਲ ਹੀ ਉਹ ਗਿਆਨ ਪ੍ਰਕਾਸ਼ ਲਈ ਬਾਧਾ ਨਾ ਬਣੇ। ਪਰ ਮਨ ਦੀ ਆਪਣੀ ਕੋਈ ਇਹੋ ਜਿਹੀ ਸ਼ਕਤੀ ਨਹੀਂ ਹੈ ਜਿਹੜੀ ਮਨ ਨੂੰ ਸੰਪੂਰਨਤਾ ਤਕ, ਪੂਰਨ ਸਤਿ ਦੇ ਗਿਆਨ ਤਕ ਲੈ ਜਾਵੇ।

ਉਚੇਰਾ ਤੇ ਡੂੰਘਾ ਗਿਆਨ ਨੇਤਰਾਂ ਤੋਂ ਪਰ੍ਹੇ ਇੰਦਰੀਆਂ ਤੋਂ ਪਰ੍ਹੇ ਹੈ, ਕਿਉਂਕਿ ਉਹ ਗਿਆਨ ਇੰਦਰੀਆਂ ਦੀ ਪਕੜ ਤੋਂ ਪਰ੍ਹੇ ਹੈ ਇਸੇ ਕਰਕੇ ਉਸਨੂੰ ਗ੍ਰਹਿਣ ਨਹੀਂ ਕੀਤਾ ਜਾ ਸਕਦਾ। ਪਰ ਇਹ ਉਚੇਰੀ ਤੇ ਡੂੰਘੀ ਵਿਦਿਆ ਹੀ ਹੈ ਜਿਹੜੀ ਸਾਰੇ ਗਿਆਨ ਦਾ ਸਰੋਤ ਹੈ, ਇਹ ਗਿਆਨ ਕਦੀ ਵੀ ਪੈਦਾ ਨਹੀਂ ਸੀ ਹੋਇਆ। ਇਸੇ ਕਰਕੇ ਇਸ ਦੀਆਂ ਕੋਈ ਵਿਸ਼ੇਸ਼ਤਾਵਾਂ ਨਹੀਂ ਹਨ, ਕੋਈ ਹੋਰ ਗੁਣ ਨਹੀਂ ਹਨ, ਇਸ ਗਿਆਨ ਦੇ ਕੋਈ ਕੰਨ, ਅੱਖਾਂ, ਹੱਥ, ਪੈਰ ਨਹੀਂ ਹਨ। ਇਹ ਗਿਆਨ ਅਸੀਮ ਹੈ ਤੇ ਇਸ ਨੂੰ ਨਾਪਿਆ ਤੋਲਿਆ ਨਹੀਂ ਜਾ ਸਕਦਾ। ਇਹ ਗਿਆਨ ਸੂਖਮ ਤੋਂ ਅਤਿ ਸੂਖਮ ਹੈ ਤੇ ਇਸ ਦਾ ਵਰਨਣ ਨਹੀਂ ਕੀਤਾ ਜਾ ਸਕਦਾ।

ਰਿਸ਼ੀਆਂ ਮੁਨੀਆਂ ਨੇ ਘੋਰ ਤਪਸਿਆ ਕਰਕੇ ਧਿਆਨ ਲਗਾ ਕੇ ਮੈਡੀਟੇਸ਼ਨ ਕਰਕੇ ਬੜੀ ਸ਼ਾਂਤੀ, ਸੰਤੁਲਨ ਵਿਚ ਰਹਿ ਕੇ, ਇਸ ਗਿਆਨ ਦੀ ਪ੍ਰਾਪਤੀ ਕੀਤੀ, ਇਹ ਗਿਆਨ ਉਨ੍ਹਾਂ ਨੂੰ ਪ੍ਰਗਟ ਹੋਇਆ ਹੈ, ਅੰਦਰੋਂ ਜਾਗਰਣ ਹੋਇਆ ਹੈ, ਇਕ ਉਦਾਹਰਣ ਨਾਲ ਤੁਸੀਂ ਚੰਗੀ ਤਰ੍ਹਾਂ ਨਾਲ ਸਮਝ ਜਾਓਗੇ। ਜਿਵੇਂ ਕਿ ਦਰਖਤ ਦੇ ਬੀਜ ਵਿਚ ਦਰਖਤ ਦੇ ਪੂਰੇ-ਪੂਰੇ ਗੁਣ ਹੁੰਦੇ ਹਨ। ਜੜ੍ਹਾਂ ਤੋਂ ਲੈ ਕੇ ਉਸ ਦੀਆਂ ਟਾਹਣੀਆਂ, ਪੱਤੇ, ਫੁੱਲ, ਫਲ ਉਸ ਤਰ੍ਹਾਂ ਹੀ ਇਹ ਸਭ ਕੁਝ ਇਥੇ ਹੈ, ਸਭ ਜਗ੍ਹਾ ਹੈ, ਜੜ੍ਹ ਵਿਚ ਹੈ ਚੇਤਨ ਵਿਚ ਹੈ। ਸਭ ਕੁਝ ਹੀ ਬ੍ਰਹਮ ਤੋਂ ਹੀ ਪੈਦਾ ਹੋਇਆ ਹੈ।

ਇਸੇ ਕਰਕੇ ਸਿਆਣੇ ਕੇਵਲ ਬ੍ਰਹਮਗਿਆਨ ਦੀ ਹੀ ਖੋਜ ਕਰਦੇ ਹਨ, ਜੋ ਅਜਰ ਹੈ, ਅਮਰ ਹੈ, ਅਟੱਲ ਹੈ। ਇਸ ਮੰਤਰ ਦਾ ਪਹਿਲਾ ਭਾਗ ਪਰਮ ਸਤਿ ਬਾਰੇ ਹੈ, ਇਸ ਨੂੰ ਵਰਨਣ ਕਰਨ ਲਈ ਬਹੁਤ ਸਾਰੇ ਸਕਾਰਾਤਮਕ ਵਿਸ਼ੇਸ਼ਣ ਵਰਤੇ ਗਏ ਹਨ। ਦੂਸਰੇ ਭਾਗ ਦੇ ਮੰਤਰ ਵਿਚ, ਪਰਮ ਸਤਿ ਦੀ ਵਿਆਖਿਆ ਸਕਾਰਾਤਮਕ ਵਿਸ਼ੇਸ਼ਣ ਵਰਤ ਕੇ ਕੀਤੀ ਗਈ ਹੈ, ਗੁਣਾਂ ਰਹਿਤ, ਵਿਸ਼ੇਸ਼ਤਾਵਾਂ ਰਹਿਤ, ਕਲਾ ਇਕ ਬ੍ਰਹਮਾ ਹੀ ਹੈ, ਉਸ ਦੀ ਆਪਣੀ ਹੀ ਹੋਂਦ ਹੈ, ਉਸ ਦੀ ਸਚਾਈ ਹੀ ਸਰਵਤਰ ਭਰਪੂਰ ਹੈ, ਪਰ ਉਸ ਦੀ ਆਪਣੀ ਨਾ ਕੋਈ ਪਛਾਣ ਹੈ, ਨਾ ਹੀ ਉਹ ਕਿਸੇ ਚੀਜ਼ ਤੋਂ ਪ੍ਰਭਾਵਿਤ ਹੁੰਦੀ ਹੈ।

### ਸੱਤਵਾਂ ਸਲੋਕ

ਜਿਵੇਂ ਮੱਕੜੀ ਆਪਣਾ ਜਾਲ ਬੁਣਦੀ ਹੈ, ਜਿਵੇਂ ਸਾਰੇ ਪੌਦਿਆਂ ਤੇ ਫਲ ਜਾਂ ਜੜ੍ਹੀਆਂ ਬੂਟੀਆਂ ਲਗਦੀਆਂ ਹਨ, ਇਹ ਸਾਰੇ ਬੂਟੇ ਧਰਤੀ ਤੋਂ ਹੀ ਪੈਦਾ ਹੁੰਦੇ ਹਨ, ਜਾਂ ਕਹਿ ਲਵੋ ਕਿ ਜਿਵੇਂ ਮਨੁੱਖੀ ਸਰੀਰ ਤੇ ਬਾਲ ਉਗਦੇ ਹਨ, ਠੀਕ ਇਸੇ ਪ੍ਰਕਾਰ ਵਿਸ਼ਵ ਪਰਮ ਸਤਿ, ਅਜਰ, ਅਮਰ ਆਦਿ ਸਚੁ, ਜੁਗਾਦਿ ਸਚੁ, ਅਵਿਨਾਸ਼ੀ ਤੋਂ ਹੋਇਆ ਹੈ।

ਇਸ ਸਲੋਕ ਵਿਚ ਸਾਧਾਰਣ ਮਿਸਾਲਾਂ ਦੇ ਕੇ ਦੱਸਿਆ ਗਿਆ ਹੈ ਕਿ ਬ੍ਰਹਮਾ ਹੀ ਪਰਮ-ਸ਼ੁਭ ਪ੍ਰਮਾਰਥ ਹਨ। ਬ੍ਰਹਮਾ ਹੀ ਸਭ ਦੇ ਸਾਰਿਆਂ ਦੇ ਜਨਮ ਦਾਤਾ ਹਨ। ਜਿਵੇਂ ਕਿ ਮੱਕੜੀ ਜਾਲ ਬੁਣ ਕੇ, ਫੇਰ ਉਸ ਜਾਲ ਦੇ ਅੰਦਰ ਚਲੀ ਜਾਂਦੀ ਹੈ ਤੇ ਫੇਰ ਉਸ ਵਿਚੋਂ ਧਾਗੇ ਖਿਚਦੀ ਹੈ, ਬਿਲਕੁਲ ਇਸ ਤਰ੍ਹਾਂ ਹੀ ਬ੍ਰਹਮਾ ਕਰਦੇ ਹਨ, ਜਨਮ ਦਿੰਦੇ ਹਨ, ਇਸ ਵਿਸ਼ਵ ਦੇ ਰਚਿਤਾ ਹਨ ਤੇ ਮੁੜ ਮੁੜ ਕੇ ਇਸ ਨੂੰ ਉਲੀਕਦੇ ਹਨ। ਅੱਗੇ ਲਿਆਉਣਾ ਵਿਸ਼ਵ ਵਿਚ ਲਿਆਉਣਾ ਹੀ ਰਚਨਾ ਹੈ, ਤੇ ਇਥੋਂ ਹਟ ਜਾਣ ਨੂੰ

ਵਿਨਾਸ਼ ਕਹਿੰਦੇ ਹਨ। ਜਿਵੇਂ ਕਿ ਸਾਰੇ ਪਲੈਨ ਇਕ ਦਮ ਬਿਨਾਂ ਕਿਸੇ ਉਪਰਾਲੇ ਦੇ ਕਿਸੇ ਜਤਨ ਦੇ ਇਸ ਧਰਤੀ ਤੇ ਉਲੀਕੇ ਜਾਂਦੇ ਹਨ। ਇਸ ਤਰ੍ਹਾਂ ਹੀ ਇਹ ਵਿਸ਼ਵ ਆਪਣੇ ਸਰੋਤ ਤੋਂ ਉਤਪੰਨ ਹੁੰਦਾ ਹੈ, ਸਰੋਤ ਹੈ ਪਰਮ ਸਤਿ ਬ੍ਰਹਮਾ।

ਬ੍ਰਹਮਾ ਨੂੰ ਕਿਸੇ ਦੀ ਵੀ ਸਹਾਇਤਾ ਦੀ, ਕਿਸੇ ਦੀ ਮਦਦ ਦੀ ਅਵਸ਼ਕਤਾ ਨਹੀਂ ਹੈ। ਕਿਸੇ ਦੇਵੀ ਦੇਵਤਾ ਦੀ ਮਦਦ ਦੀ ਵੀ ਜ਼ਰੂਰਤ ਨਹੀਂ ਹੈ। ਜਿਵੇਂ ਕਿ ਮੱਕੜੀ ਦਾ ਧਾਗਾ ਮੱਕੜੀ ਦੇ ਸਰੀਰ ਤੋਂ ਵੱਖ ਨਹੀਂ ਹੈ, ਇਸੇ ਤਰ੍ਹਾਂ ਵਿਸ਼ਵ ਬ੍ਰਹਮਾ ਤੋਂ ਵੱਖ ਨਹੀਂ ਹੈ, ਪੁਲਾੜ ਵੱਖ-ਵੱਖ ਗ੍ਰਹਿ, ਬ੍ਰਿਖ, ਝਾੜੀਆਂ ਇਹ ਧਰਤੀ ਤੋਂ ਵੱਖ ਨਹੀਂ ਹਨ, ਮਨੁੱਖ ਦੇ ਬਾਲ ਮਨੁੱਖ ਦੇ ਸਿਰ ਤੋਂ ਵੱਖ ਨਹੀਂ ਹਨ। ਬਾਲ ਭਾਵੇਂ ਸਿਰ ਤੇ ਹੁੰਦੇ ਹਨ ਫੇਰ ਵੀ ਗਤੀਹੀਣ ਹੁੰਦੇ ਹਨ। ਜਿਵੇਂ ਬਾਲ ਸਿਰ ਤੇ ਜਾਂ ਸਰੀਰ ਤੇ ਬਿਨਾਂ ਕਿਸੇ ਕੋਸ਼ਿਸ਼ ਦੇ ਉਗਦੇ ਹਨ, ਕਿਸੇ ਕਿਸਮ ਦਾ ਕੋਈ ਵੀ ਜ਼ੋਰ ਖਿੱਚ ਮਹਿਸੂਸ ਨਹੀਂ ਹੁੰਦੀ। ਬਿਲਕੁਲ ਇਸ ਤਰ੍ਹਾਂ ਹੀ ਬ੍ਰਹਮਾ ਤੋਂ ਬੁੱਧੀ, ਤੀਬਰਤਾ, ਸਿਆਣਪਤਾ ਪੈਦਾ ਹੁੰਦੀ ਹੈ। ਸਾਰਾ ਵਿਸ਼ਵ ਉਸ ਤਰ੍ਹਾਂ ਹੀ ਬਿਨਾਂ ਕਿਸੇ ਗਤੀ ਦੇ ਬਿਨਾਂ ਕਿਸੇ ਉਚੇਚੇ ਦੇ ਪੈਦਾ ਹੁੰਦਾ ਹੈ, ਉਤਪੰਨ ਹੁੰਦਾ ਹੈ।

ਸਭ ਤੋਂ ਪਹਿਲੀ ਮਿਸਾਲ ਵਿਚ ਦੱਸਿਆ ਗਿਆ ਹੈ ਕਿ ਬ੍ਰਹਮ ਹੀ ਵਿਸ਼ਵ ਦੇ ਰਚੈਤਾ ਹਨ ਤੇ ਬ੍ਰਹਮਾ ਹੀ ਨਿਵਾਸ਼ ਦੇ ਕਾਰਣ ਹਨ। ਦੂਸਰੇ ਉਦਾਹਰਣ ਵਿਚ ਦੱਸਿਆ ਗਿਆ ਹੈ ਕਿ ਵਿਸ਼ਵ ਦੀ ਰਚਨਾ ਤੋਂ ਬਾਅਦ ਵੀ ਇਹ ਗੱਲ ਬ੍ਰਹਮਾ ਤੇ ਹੀ ਨਿਰਭਰ ਹੈ ਕਿ ਇਹ ਵਿਸ਼ਵ ਇਹ ਸੰਸਾਰ ਬ੍ਰਹਮਾ ਤੇ ਹੀ ਪੂਰੀ ਤਰ੍ਹਾਂ ਨਾਲ ਨਿਰਭਰ ਹੈ। ਤੀਸਰੀ ਮਿਸਾਲ ਵਿਚ ਦੱਸਿਆ ਗਿਆ ਹੈ ਕਿ ਵਿਸ਼ਵ ਦਾ ਪ੍ਰਗਟਾਵਾ, ਪਸਾਰਾ ਬਿਲਕੁਲ ਕਿਸੇ ਵੀ ਕੋਸ਼ਿਸ਼ ਤੋਂ ਕਿਸੇ ਵੀ ਉਚੇਚ ਤੋਂ ਰਹਿਤ ਹੈ। ਇਹ ਇਕ ਬਹੁਤ ਹੀ ਰੌਚਕ ਗੱਲ ਹੈ ਕਿ ਵਿਸ਼ਵ ਦਾ ਪਾਸਾਰ ਸਤਿ ਦੀ ਕਾਇਆ ਪਲਟ ਨਹੀਂ ਹੈ ਜਾਂ ਕਹਿ ਲਓ ਕਿ ਰੂਪ ਪਰਿਵਰਤਨ ਨਹੀਂ ਹੈ। ਇਹ ਤਾਂ ਕੇਵਲ ਇਕ ਵਿਉਂਤ ਹੈ, ਇਕ ਪਰਛਾਵਾਂ ਹੈ, ਇਕ ਚਲ ਚਿੱਤਰ ਹੈ। ਇਸ ਪ੍ਰਕਾਰ ਬ੍ਰਹਮਾ ਇਕ ਵਾਸਤਵਿਕ ਤੇ ਇਕ ਸਮਰੱਥ ਕੁਸ਼ਲ ਕਾਰਣ ਹੈ। ਇਕ ਸੁਭਾਵਿਕ ਪ੍ਰਕਾਰ ਕੀਤੀ ਗਈ ਰਚਨਾ, ਜਾਂ ਕਹਿ ਲਓ ਇਕ ਸੁਭਾਵਿਕ ਰਚਨਾ, ਬੜੇ ਸਹਿਜ ਬਹੁਤ ਸਰਲ ਤਰੀਕੇ ਨਾਲ ਦੱਸੀ ਗਈ ਹੈ। ਬ੍ਰਹਮਾ ਬਿਨਾਂ ਕਿਸੇ ਮਦਦ ਦੇ ਬਿਨਾਂ ਕਿਸੇ ਦੇ ਯੋਗਦਾਨ ਦੇ ਇਸ ਵਿਸ਼ਵ ਨੂੰ ਅਕਾਰ ਦਿੰਦੇ ਹਨ, ਪ੍ਰਤੱਖ ਕਰਦੇ ਹਨ ਤੇ ਅੰਤ ਵਿਚ ਇਹ ਵਿਸ਼ਵ ਬ੍ਰਹਮਾ ਵਿਚ ਹੀ ਲੀਨ ਹੋ ਜਾਂਦਾ ਹੈ।

## ਅੱਠਵਾਂ ਸਲੋਕ

ਬ੍ਰਹਮਾ ਦਾ ਜ਼ਹੂਰ, ਬ੍ਰਹਮਾ ਦਾ ਪ੍ਰਕਾਸ਼ ਗਿਆਨ ਨਾਲ ਹੁੰਦਾ ਹੈ। ਗਿਆਨ ਤੋਂ ਹੀ ਉਸ ਦਾ ਅਹਾਰ ਮਿਲਦਾ ਹੈ, ਗਿਆਨ ਹੀ ਉਸ ਦੇ ਆਹਾਰ ਦਾ ਨਚੋੜ ਹੈ। ਉਸ ਤੋਂ ਹੀ ਪ੍ਰਾਣਾਂ ਦਾ ਵਿਸਤਾਰ ਹੁੰਦਾ ਹੈ। ਪ੍ਰਾਣ ਜੋ ਜੀਵਨ ਦਾ ਅਧਾਰ ਹਨ, ਮਨ ਦਾ ਆਧਾਰ ਹਨ ਤੇ ਪੰਜ ਤੱਤ (ਧਰਤੀ, ਪਾਣੀ, ਅੱਗ, ਹਵਾ ਤੇ ਆਕਾਸ਼) ਕਰਮਾਂ ਦਾ ਚੱਕਰ ਤੇ ਕਰਮਾਂ ਦੇ ਫਲ ਜਿਨ੍ਹਾਂ ਨੂੰ ਬਦਲਿਆ ਨਹੀਂ ਜਾ ਸਕਦਾ।

ਬ੍ਰਹਮ ਨੇ ਪ੍ਰਸੰਨ ਹੋ ਕੇ ਜਗਤ ਦੀ ਰਚਨਾ ਕੀਤੀ। ਇਥੇ ਇਹ ਜਾਣ ਲੈਣਾ ਜ਼ਰੂਰੀ ਹੋਵੇਗਾ ਕਿ ਤਪਸ ਸ਼ਬਦ ਦੇ ਅਰਥ, ਵੱਖ-ਵੱਖ ਗ੍ਰੰਥਾਂ ਵਿਚ ਵੱਖ-ਵੱਖ ਹਨ। ਇਥੇ ਤਪਸ਼ ਤੋਂ ਭਾਵ ਹੈ ਡੂੰਘਾ, ਗੰਭੀਰ ਤੇ ਅਨੰਦਮਈ। ਪੰਤਾਜਲ ਜੋ ਕਿ ਯੋਗ ਨੂੰ ਕਰਮਬੱਧ ਕਰਨ ਵਾਲੇ ਸੀ ਉਨ੍ਹਾਂ ਅਨੁਸਾਰ ਤਪਸ ਤੋਂ ਭਾਵ ਹੈ ਮਨ ਤੇ ਕਾਬੂ ਕਰਨਾ, ਮਨ ਤੇ ਨਿਅੰਤਰਣ ਰੱਖ ਕੇ ਮਨ ਦੀ ਸ਼ਕਤੀ ਨੂੰ ਖ੍ਰੈ ਨਾ ਹੋਣ ਦੇਣਾ, ਸ਼ਕਤੀ ਨੂੰ ਇੰਦਰੀਆਂ ਰਾਹੀਂ ਨਾ ਖਤਮ ਕਰ ਦੇਣਾ। ਅਨੁਸਾਸ਼ਨ ਰਾਹੀਂ ਜਗਿਆਸੂ ਨੂੰ ਇੰਦਰੀਆਂ ਦੀ ਸ਼ਕਤੀ ਨੂੰ ਨਿਯਮਬੱਧ ਕਰਨ ਵਿਚ ਸਹਾਇਤਾ ਮਿਲਦੀ ਹੈ।

ਕਿਸੇ ਵੀ ਅਭਿਲਾਸ਼ੀ ਨੂੰ ਜਤਨ ਕਰਨਾ ਪੈਂਦਾ ਹੈ, ਪਰ ਬ੍ਰਹਮਾ ਵਾਸਤੇ ਇਹ ਸਭ ਕੁਝ ਸੁਤੇ ਹੀ ਹੋ ਜਾਂਦਾ ਹੈ, ਬਿਲਕੁਲ ਬਿਨਾਂ ਕਿਸੇ ਜਤਨ ਕਰਨ ਦੇ। ਬਿਲਕੁਲ ਇਹ ਸਹਿਜ ਅਨੰਦ ਅਵਸਥਾ ਵਿਚ। ਆਪਣੇ ਗਿਆਨ ਨਾਲ ਬ੍ਰਹਮਾ ਨੇ ਇਸ ਸੰਸਾਰ ਨੂੰ ਪ੍ਰਗਟ ਕੀਤਾ ਤੇ ਬਿਲਕੁਲ ਇਕ ਗਣਿਤ ਦੇ ਗਿਆਨ ਦੇ ਅਧਾਰ ਤੇ ਹੀ ਇਕ ਤੋਂ ਅਨੇਕ ਪ੍ਰਗਟ ਕੀਤੇ। ਤੁਸੀਂ ਕੋਈ ਵੀ ਅੰਕ ਲੈ ਲਵੋ। ਉਸ ਦੇ ਅੰਦਰ ਦੀ ਮਹੱਤਤਾ ਪਹਿਲੇ ਅੰਕ ਨਾਲ ਜੁੜੀ ਹੁੰਦੀ ਹੈ। ਇਕ ਤੋਂ ਬਿਨਾਂ ਕਿਸੇ ਵੀ ਅੰਕ ਦੀ ਕੋਈ ਕੀਮਤ ਹੀ ਨਹੀਂ, ਸ਼ੂਨਯ ਦੀ ਜਾਂ ਕਹਿ ਲਵੋ ਜ਼ੀਰੋ ਦੀ ਆਪਣੀ ਕੋਈ ਕੀਮਤ ਨਹੀਂ, ਜਦੋਂ ਤਕ ਉਸ ਨਾਲ ਇਕ ਨਾ ਲਗਾਇਆ ਜਾਵੇ।

ਇਸ ਤੋਂ ਇਹ ਭਾਵ ਹੈ ਕਿ ਅੱਜ ਦੇ ਸਮੇਂ ਵਿਚ ਗਣਿਤ ਤੋਂ ਬਿਨਾਂ ਕੋਈ ਵੀ ਵਿਗਿਆਨ ਪੂਰਾ ਨਹੀਂ, ਸਾਰੇ ਵਿਗਿਆਨ ਦਾ ਆਧਾਰ ਗਣਿਤ ਹੀ ਹੈ। ਅੱਜ ਦਾ ਵਿਗਿਆਨ ਇਕ ਦੀ ਵਰਤੋਂ ਕਰਕੇ, ਬਾਅਦ ਵਿਚ ਬਾਕੀ ਅੰਕਾਂ ਦੀ ਵਰਤੋਂ ਕਰਦਾ ਹੈ ਤੇ ਬਾਕੀ ਦੇ ਅੰਕ ਕੇਵਲ ਦੌਹਰਾਏ ਜਾਂਦੇ ਹਨ। ਬਾਰ-ਬਾਰ ਲਿਖੇ ਜਾਂਦੇ ਹਨ। ਇਸੇ ਪ੍ਰਕਾਰ ਕੇਵਲ ਤੇ ਕੇਵਲ ਇਕ ਹੀ ਸਤਿ ਹੈ, ਸਰਬ ਵਿਆਪਕ ਹੈ, ਸਚੁ ਹੈ, ਆਪਣੇ ਅਨੰਦ ਵਿਚ ਹੈ, ਆਪਣੀ ਇੱਛਾ ਨਾਲ ਹੈ ਤੇ ਆਪ ਹੀ ਇਕ ਤੋਂ ਅਨੇਕ ਹੁੰਦਾ ਹੈ।

ਧਰਤੀ ਤੇ ਅੰਨ ਪੈਦਾ ਹੁੰਦਾ ਹੈ, ਧਰਤੀ ਨੂੰ ਤਪਸ਼ ਨਾਲ ਪ੍ਰਤੱਖ ਕੀਤਾ ਗਿਆ। ਜਿਸ ਨਾਲ ਜੀਵਨ ਜੀਉਣ ਲਈ ਸਹਾਇਤਾ ਮਿਲਦੀ ਹੈ ਤੇ ਹਰ ਸਮੇਂ ਪ੍ਰਾਣ ਸ਼ਕਤੀ ਮਿਲਦੀ ਹੈ। ਉਸ ਸਰੀਰ ਨੂੰ ਸ਼ਕਤੀ ਮਿਲਦੀ ਹੈ ਜਿਹੜਾ ਸੂਖਮ ਹੈ। ਇਹ ਕਿਹਾ ਜਾ ਸਕਦਾ ਹੈ ਕਿ ਜੀਵਨ ਦਾ ਸਭ ਤੋਂ ਪਹਿਲਾ ਹਿੱਸਾ ਤਪਸ਼, ਗਰਮੀ ਹੈ ਜਿਸ ਨਾਲ ਮਨ ਤੇ ਪ੍ਰਾਣ ਸਾਕਾਰ ਹੁੰਦੇ ਹਨ ਉਸ ਤੋਂ ਪਿਛੋਂ ਬਾਕੀ ਤੱਤ ਆਉਂਦੇ ਹਨ, ਕਿਉਂ ਜੋ ਭੋਜਨ ਤੋਂ ਸ਼ਕਤੀ ਆਉਂਦੀ ਹੈ ਫੇਰ ਮਨ ਆਉਂਦਾ ਹੈ।

ਇਹ ਬਿਲਕੁਲ ਸਚ ਹੈ ਕਿ ਭੋਜਨ ਤੋਂ ਬਿਨਾਂ ਮਨ ਕੰਮ ਨਹੀਂ ਕਰ ਸਕਦਾ ਤੇ ਮਨ ਦੇ ਕਾਰਜ ਕਰਨ ਤੋਂ ਬਿਨਾਂ ਕੋਈ ਵੀ ਕੰਮ ਨਹੀਂ ਹੋ ਸਕਦਾ। ਜਦੋਂ ਕੋਈ ਕਾਰਜ ਕਰਨ ਲਗਦਾ ਹੈ, ਉਹ ਉਲਝ ਜਾਂਦਾ ਹੈ ਉਹ ਕਰਮਾਂ ਦੀ ਘੁੰਮਣ ਘੇਰੀ ਵਿਚ ਪੈ ਜਾਂਦਾ ਹੈ ਕਿਉਂਕਿ ਮਨੁੱਖ ਕੋਲ ਕਲਾ ਹੀ ਨਹੀਂ ਹੈ ਕਿ ਉਹ ਕਰਮ ਕਿਵੇਂ ਕਰੇ ਜਿਸ ਕਰਕੇ ਮਨੁੱਖ ਸੰਤਾਪ ਵਿਚ ਪੈ ਜਾਂਦਾ ਹੈ ਤੇ ਆਪਣੇ ਆਪ ਲਈ ਬੰਧਨ ਖੜ੍ਹੇ ਕਰ ਲੈਂਦਾ ਹੈ।

ਸਾਧਾਰਨ ਤੌਰ ਤੇ ਤਪਸ਼ ਤੋਂ ਭਾਵ ਹੈ, ਤਪ, ਗਰਮੀ, ਗਰਮਾਇਸ਼ ਤੇ ਸੋਚ ਪਰ ਪੱਛਮੀ ਫਿਲੋਸਫਰ ਬਹੁਤ ਵਾਰੀ ਤਪਸ ਤੋਂ ਭਾਵ ਚਿੰਤਾਤੁਰ ਹੋਣਾ, ਵਿਚਾਰ ਮਗਨ ਹੋਣਾ ਲੈਂਦੇ ਹਨ। ਜਦੋਂ ਤਪਸ ਦੀ ਵਰਤੋਂ ਬ੍ਰਹਮਾ ਲਈ ਕੀਤੀ ਜਾਂਦੀ ਹੈ, ਫੇਰ ਤਪਸ ਗਿਆਨ ਵਿਚ ਪਰਵਰਤਿਤ ਹੋ ਜਾਂਦਾ ਹੈ, ਉਹ ਗਿਆਨ ਜਿਹੜਾ ਵਿਸ਼ਵ ਵਿਚ ਸਾਕਾਰ ਹੋ ਕੇ ਵਿਸ਼ਵ ਨੂੰ ਹੀ ਪ੍ਰਗਟਾਉਂਦਾ ਹੈ, ਉਘਾੜਦਾ ਹੈ। 'ਅੰਨਮ' ਸ਼ਬਦ ਦਾ ਅਰਥ ਹੈ ਅਨਾਜ। ਇਸ ਤੋਂ ਭਾਵ ਹੈ ਜੋ ਵੀ ਤੁਸੀਂ ਖਾਂਦੇ ਹੋ, ਤੁਸੀਂ ਉਸ ਦਾ ਅਨੰਦ ਲਓ ਉਸ ਵਿਚ ਖੁਸ਼ੀ ਪ੍ਰਾਪਤ ਕਰੋ ਤਾਂ ਜੋ ਤੁਸੀਂ ਚੰਗੀ ਤੇ ਸੁਅਸਥ ਸਿਹਤ ਮਾਣ ਸਕੋ ਤਾਂ ਜੋ ਸਰੀਰ ਇਕ ਚੰਗਾ ਤੇ ਸੁਅਸਥ ਸਾਧਨ ਬਣ ਸਕੇ।

ਪ੍ਰਾਣ ਸ਼ਬਦ ਦੇ ਵੀ ਵੱਖ-ਵੱਖ ਅਰਥ ਹਨ। ਇਸ ਪ੍ਰਾਣ ਜੀਵਨ ਦਾ ਅਧਾਰ ਹਨ, ਸ਼ਕਤੀ ਹਨ, ਜੀਵਨ ਅੰਗ ਹਨ, ਜੀਵਨਮਈ ਹਨ ਜਿਵੇਂ ਕਿ ਉਪਨਿਸ਼ਦਾਂ ਵਿਚ ਦੱਸਿਆ ਗਿਆ ਹੈ। ਪ੍ਰਾਣ ਜੀਵਨ ਦਾ ਪਹਿਲਾ ਪ੍ਰਕਾਸ਼ ਹਨ ਪਹਿਲਾ ਪ੍ਰਮਾਣ ਹਨ, ਇਥੇ ਸ਼ਬਦ ਦਾ ਅਰਥ ਹੈ 'ਸੋਨੇ ਦੇ ਅੰਡੇ' 'ਹਿਰਨ ਗਰਭ' ਇਹ ਉਹ ਕੇਂਦਰ ਹੈ ਜਿਥੋਂ ਸ਼ਕਤੀ ਵੱਖ-ਵੱਖ ਥਾਵਾਂ ਨੂੰ ਵੱਖ-ਵੱਖ ਹਿਸਿਆ ਨੂੰ ਜਾਂਦੀ ਹੈ। ਹਿੰਦੂ ਧਰਮ ਵਿਚ ਬ੍ਰਹਮਾ ਨੂੰ ਸੰਸਾਰ ਦੇ ਰਚੇਤਾ ਕਿਹਾ ਗਿਆ ਹੈ। ਜਾਂ 'ਹਿਰਨ ਗਰਭ' ਇਸ ਸ਼ਲੋਕ ਵਿਚ ਉਨ੍ਹਾਂ ਪੰਜਾਂ ਤੱਤਾਂ ਦਾ ਵੀ ਵਰਨਣ ਹੈ ਜਿਨ੍ਹਾਂ ਤੋਂ ਸੰਸਾਰ ਦੀ ਰਚਨਾ ਹੋਈ ਹੈ।

ਇਸ ਸੰਸਾਰ ਵਿਚ ਕੰਮ ਤੇ ਕਰਮ ਫਲ ਨਾਲ ਸਬੰਧ ਰਖਦੇ ਹਨ, ਇਹ ਇਕ ਲੰਮੀ ਕੜੀ ਹੈ ਕਰਮ, ਫੇਰ ਉਸ ਦਾ ਫਲ, ਫੇਰ ਕਰਮ ਫੇਰ ਫਲ। ਜਗਿਆਸੂ ਜਦੋਂ ਸਤਿ ਦੀ ਪ੍ਰਾਪਤੀ ਕਰ ਲੈਂਦਾ ਹੈ, ਉਹ ਇਸ ਬੰਧਨ ਤੋਂ ਛੁਟਕਾਰਾ ਪਾ ਲੈਂਦਾ ਹੈ, ਜਗਿਆਸੂ ਨੂੰ ਇਕ ਗੱਲ ਯਾਦ ਰੱਖਣੀ ਚਾਹੀਦੀ ਹੈ, ਇਹ ਮੰਤਰ ਸਰਗੁਣ ਰੂਪ ਬ੍ਰਹਮਾ ਦੇ ਹਨ ਉਹ ਬ੍ਰਹਮਾ ਜਿਸਦੇ ਵੱਖ-ਵੱਖ ਗੁਣ ਹਨ, ਵਿਸ਼ੇਸ਼ਤਾਵਾਂ ਹਨ।

ਹਿੰਦੂ ਦੀ ਤ੍ਰਿਅਮੂਰਤੀ ਅਨੁਸਾਰ ਪ੍ਰਗਟਾਵੇ ਦੇ ਤਿੰਨ ਪੱਖ ਹਨ। ਰਚਨਾ ਰਚਨ ਦਾ ਗੁਣ, ਰਚਨਾ ਨੂੰ ਸੰਭਾਲਣਾ, ਸੰਭਾਲ ਕਰਨੀ ਤੇ ਅੰਤ ਵਿਚ ਮਿਟਾਉਣਾ, ਖਤਮ ਕਰਨਾ। ਇਨ੍ਹਾਂ ਤਿੰਨਾਂ ਨੂੰ ਚਲਾਉਣ ਵਾਲੀਆਂ ਸ਼ਕਤੀਆਂ ਨੂੰ ਬ੍ਰਹਮਾ, ਵਿਸ਼ਨੂੰ ਤੇ ਮਹੇਸ਼ ਕਿਹਾ ਗਿਆ ਹੈ। ਪਰ ਸਤਿ ਆਪਣੇ ਆਪ ਵਿਚ ਸੰਪੂਰਨ ਸਤਿ ਹੈ ਜਾਂ ਕਹਿ ਲਵੋ ਬ੍ਰਹਮਾ ਅਟੱਲ ਹੈ, ਅਜਰ ਹੈ, ਅਮਰ ਹੈ ਉਹ ਰਚੇਤਾ ਹੈ, ਵਿਸਤਾਰ ਕਰਦਾ ਹੀ ਰਹਿੰਦਾ ਹੈ।

ਜਦੋਂ ਵਿਸ਼ਵ ਦਾ ਪਸਾਰਾ ਹੋਇਆ ਉਦੋਂ ਸਤਿ ਬ੍ਰਹਮਾ ਦੇ ਰੂਪ ਵਿਚ ਜਾਣਿਆ ਜਾਣ ਲੱਗਾ। ਸਰਗੁਣ ਸਰੂਪ ਬ੍ਰਹਮਾ ਵੱਖ-ਵੱਖ ਨਾਵਾਂ ਕਰਕੇ ਸਾਨੂੰ ਭਾਵੇਂ ਵੱਖ-ਵੱਖ ਲੱਗੇ ਵਾਸਤਵ ਵਿਚ ਸਾਰਾ ਪਸਾਰਾ ਇਕ ਭਰਮ ਹੈ, ਇਕ ਥੋਪਿਆ ਗਿਆ ਭਰਮ, ਜਿਸ ਦੇ ਵੱਖ-ਵੱਖ ਨਾਮ ਹਨ, ਵੱਖ-ਵੱਖ ਅਕਾਰ ਹਨ। ਇਹ ਵਿਸ਼ਵ ਦਾ ਇਕ ਪਰਦਾ ਹੈ ਕਿ ਅਸੀਂ ਇਕ ਵਿਚ ਅਨੇਕ ਦੇਖਦੇ ਹਾਂ।

ਇਹ ਬ੍ਰਹਿਮੰਡ ਦਾ ਪਰਦਾ ਜੋ ਕਿ ਮਾਇਆ ਦੇ ਰੂਪ ਵਿਚ ਹੈ, ਇਸ ਦਾ ਆਪਣਾ ਕੋਈ ਅਸਿਤਤ੍ਵ ਨਹੀਂ ਹੈ। ਇਹ ਤਾਂ ਬ੍ਰਹਮਾ ਤੇ ਨਿਰਭਰ ਹੈ, ਸਤਿ ਤੇ ਨਿਰਭਰ ਹੈ, ਇਹ ਕਿਹਾ ਜਾ ਸਕਦਾ ਹੈ ਕਿ ਇਹ ਬ੍ਰਹਮਾ ਦੀ ਸ਼ਕਤੀ ਹੈ, ਉਹ ਸ਼ਕਤੀ ਹੈ ਜਿਸ ਰਾਹੀਂ ਵਿਸ਼ਵ ਦਾ ਪਸਾਰਾ ਹੁੰਦਾ ਹੈ। ਅਸੀਂ ਮਾਇਆ ਨੂੰ ਵੱਖ-ਵੱਖ ਥਾਂ ਤੇ ਵਿਸਤਾਰ ਨਾਲ ਵਰਨਣ ਕਰਾਂਗੇ ਤਾਂ ਜੋ ਜਗਿਆਸੂ ਪਰੇਸ਼ਾਨ ਨਾ ਹੋ ਜਾਏ, ਉਲਝਣ ਵਿਚ ਨਾ ਪੈ ਜਾਵੇ। ਵਾਸਤਵ ਵਿਚ ਮਾਇਆ ਹੀ ਸਾਰੇ ਘੜਮੱਸ ਦੀ ਜੜ੍ਹ ਹੈ।

ਇਹ ਜਾਣ ਲੈਣਾ ਬਹੁਤ ਅਵੱਸ਼ਕ ਹੈ ਕਿ ਉਪਨਿਸ਼ਦਾਂ ਦੇ ਸਾਹਿਤ ਵਿਚ ਪ੍ਰਗਟਾਵੇ ਨੂੰ ਵਿਸਤਾਰ ਨੂੰ ਤੇ ਅਪ੍ਰਤੱਖ ਨੂੰ ਦੋ ਤਰੀਕਿਆਂ ਨਾਲ ਦੱਸਿਆ ਗਿਆ। 1. ਉਹ ਸਾਧਨ ਜਿਸ ਨਾਲ ਵਸਤੂਆਂ ਨੂੰ ਪ੍ਰਤੱਖ ਰੂਪ ਵਿਚ ਦੇਖਿਆ ਜਾਣਿਆ ਜਾ ਸਕਦਾ ਹੈ ਤੇ ਇਨ੍ਹਾਂ ਸਾਰੇ ਅਕਾਰਾਂ ਦੇ ਬੀਜ। ਬ੍ਰਹਮਾ ਦੇ ਇਨ੍ਹਾਂ ਦੋ ਪੱਖਾਂ ਨੂੰ ਦਿਨ ਤੇ ਰਾਤ ਕਿਹਾ ਗਿਆ ਹੈ, ਵਿਸਤਾਰ ਦੇ ਪ੍ਰਗਟਾਵੇ ਦੇ ਸਮੇਂ ਨੂੰ 'ਕਲਪ' ਕਿਹਾ ਗਿਆ ਹੈ ਇਕ ਪ੍ਰਕਾਰ ਸਾਇਕਲ ਕਿਹਾ ਗਿਆ ਹੈ।

ਜਦੋਂ ਵੀ ਜਿਥੇ ਵੀ ਰਚਨਾ ਦਾ ਸ਼ਬਦ ਵਰਤਿਆ ਗਿਆ ਹੈ। ਪ੍ਰਗਟਾਵੇ ਦਾ ਸ਼ਬਦ, ਵਿਸਤਾਰ ਦਾ ਸ਼ਬਦ ਵਰਤਿਆ ਗਿਆ ਹੈ ਉਥੇ ਇਸ ਤੋਂ ਭਾਵ ਹੈ ਇਕ ਸਾਇਕਲ, ਇਕ ਚੱਕਰ। ਨਵਾਂ ਚੱਕਰ ਪ੍ਰਮਾਤਮਾ ਦੀ ਇੱਛਾ ਨਾਲ ਸ਼ੁਰੂ ਹੁੰਦਾ ਹੈ ਜਾਂ ਕਹਿ ਲਵੋ ਸਰਗੁਣ ਸਰੂਪ ਬ੍ਰਹਮਾ ਸ਼ੁਰੂ ਕਰਦਾ ਹੈ। ਪਰ ਇਹ ਗੱਲ ਯਾਦ ਰੱਖਣਯੋਗ ਹੈ ਕਿ ਚੱਕਰ ਦੀ ਸ਼ੈਲੀ ਮਨੁੱਖਤਾ ਦੇ ਕਰਮ ਤੇ ਸੰਸਕਾਰਾਂ ਤੇ ਜੋ ਉਨ੍ਹਾਂ ਨੇ ਪਿਛਲੇ ਜਨਮਾਂ ਵਿਚ ਕੀਤੇ ਹਨ ਉਨ੍ਹਾਂ ਤੇ ਅਧਾਰਿਤ ਹੈ ਭਾਵ ਪਿਛਲੇ ਚੱਕਰਾਂ ਤੇ ਨਿਰਭਰ ਹੈ।

ਕੇਵਲ ਭੌਤਿਕ ਤੱਤ ਹੀ ਸੰਸਾਰ ਦਾ ਵਿਸਤਾਰ ਨਹੀਂ ਕਰ ਸਕਦਾ। ਚੇਤਨਾ, ਬੁੱਧੀ, ਭੌਤਿਕ ਤੱਤ ਇਨ੍ਹਾਂ ਦਾ ਮਿਸ਼ਰਨ ਹੀ ਬ੍ਰਹਿਮੰਡ ਦਾ, ਵਿਸ਼ਵ ਦਾ ਅਧਾਰ ਹਨ। ਵਿਸ਼ਵ ਦੇ ਵੱਖ-ਵੱਖ ਗੁਣ ਮਾਇਆ ਦਾ ਰੂਪ ਹਨ।

## ਸਲੋਕ ਨੌਵਾਂ

ਉਹ ਪਰਮ ਸਤਿ ਜਿਸ ਵਿਚ ਸਾਰਾ ਗਿਆਨ ਹੈ ਜੋ ਸਰਬੱਗਤਾ ਹੈ, ਉਸ ਦਾ ਅਨੁਸਾਸ਼ਨ ਤੇ ਅਭਿਆਸ ਹੀ

ਗਿਆਨ ਹੈ, ਉਸ ਵਿਚੋਂ ਹੀ ਸਰਬ ਵਿਆਪੀ ਬ੍ਰਹਮਾ ਪ੍ਰਗਟ ਹੋਏ ਹਨ। ਉਹ ਹਿਰਨਗਰਭ ਹਨ, ਨਾਵਾਂ ਦੇ ਤੱਤ ਹਨ, ਰੰਗਾਂ ਦੇ ਤੱਤ ਹਨ ਅਤੇ ਮੂਲ ਹਨ।

ਸਭ ਤੋਂ ਪਹਿਲਾਂ ਪ੍ਰਗਟ ਹੋਏ ਬ੍ਰਹਮਾ, ਈਸ਼ਵਰ ਜਾਂ ਹਿਰਨਗਰਭ ਤੇ ਹੋਰ ਵਿਅਕਤੀਗਤ ਆਤਮਾਵਾਂ ਜਿਸ ਵਿਚ ਸਾਰੇ ਜੀਵ ਜੰਤੂ ਸਾਰੀ ਪੁਸ਼ਟੀਕਰ ਜਿਹੜੇ ਸਾਰੇ ਜੀਵਾਂ ਨੂੰ ਪਾਲਣ ਪੋਸ਼ਣ ਕਰਦੇ ਹਨ। ਸਾਰੇ ਬ੍ਰਹਮਾ ਤੋਂ ਹੀ ਜਨਮ ਲੈਂਦੇ ਹਨ। ਬ੍ਰਹਮਾ ਜੋ ਕਿ ਬ੍ਰਹਮਗਿਆਨੀ ਹਨ, ਸਰਬ ਗਿਆਨੀ ਹਨ ਜਿਸ ਦੇ ਸਿਰਜਨਾਤਮਕ ਵਿਚਾਰ ਹੀ ਗਿਆਨ ਹਨ। ਜਗਿਆਸੂ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਸੰਸਕ੍ਰਿਤ ਦੇ ਸ਼ਬਦਾਂ ਦੀ ਵਰਤੋਂ ਕਿਵੇਂ ਕੀਤੀ ਜਾਂਦੀ ਹੈ। ਇਹ ਸਮਝ ਲੈਣਾ ਇਸ ਲਈ ਅਵੱਸ਼ਕ ਹੈ ਕਿਉਂਕਿ ਇਸ ਭੇਦ ਨੂੰ ਜਾਨਣ ਨਾਲ ਹੀ ਸਹੀ ਅਰਥ ਸਮਝੇ ਜਾ ਸਕਦੇ ਹਨ।

ਸਰਗੁਣ ਬ੍ਰਹਮਾ ਜਾਂ ਗੁਣ ਸਰੂਪ ਬ੍ਰਹਮਾ ਜਿਹੜੇ ਮਾਇਆ ਵਿਚ ਵੀ ਵਿਚਰ ਰਹੇ ਹਨ। ਉਹ ਸਾਰੇ ਬ੍ਰਹਿਮੰਡ ਦਾ ਨਰੀਖਣ ਕਰਦੇ ਹਨ। ਵਾਸਤਵ ਵਿਚ ਸਿਰਜਨਾਤਮਕ ਵਿਚਾਰ ਹੀ ਗਿਆਨ ਹੈ। ਬ੍ਰਹਮਾ ਦੀ ਇੱਛਾ ਸ਼ਕਤੀ ਬਿਲਕੁਲ ਵੱਖ ਹੈ, ਅਸੀਂ ਜਿਸਨੂੰ ਸਿਰਜਨਾਤਮਕ ਪਤ੍ਰਿਕਾ ਕਹਿੰਦੇ ਹਾਂ ਉਹ ਬਿਲਕੁਲ ਇਕ ਵੱਖ ਚੀਜ਼ ਹੈ। ਸੰਸਾਰ ਵਿਚ ਸਿਰਜਨਾਤਮਕ ਹੋਣ ਤੋਂ ਭਾਵ ਹੈ ਕੁਝ ਨਵਾਂ ਬਨਾਉਣਾ, ਕੁਝ ਨਵਾਂ ਪੈਦਾ ਕਰਨਾ ਜਿਵੇਂ ਕਿ ਭਵਨ ਬਣਾ ਲੈਣੇ। ਕੋਈ ਵੀ ਚੀਜ਼ ਬਣਾ ਲੈਣੀ, ਲੱਕੜੀ ਨਾਲ ਬਣਾ ਲੈਣੀ, ਕੁਝ ਵੀ। ਜੀਵ, ਵਿਅਕਤੀਗਤ ਆਤਮਾ ਤਾਂ ਅਗਿਆਨ ਭਰਪੂਰ ਹੈ, ਇਸ ਦੀਆਂ ਆਪਣੀਆਂ ਸੀਮਾਵਾਂ ਹਨ, ਬ੍ਰਹਮਾ ਤਾਂ ਸੀਮਾ ਰਹਿਤ ਹੈ। ਕਿਉਂਕਿ ਵਿਅਕਤੀਗਤ ਆਤਮਾ ਅਗਿਆਨ ਭਰਪੂਰ ਹੈ ਇਸ ਕਾਰਣ ਜੀਵ ਆਤਮਾ ਨੂੰ ਯਤਨ ਕਰਨੇ ਪੈਂਦੇ ਹਨ। ਤਪਸਿਆ ਕਰਨੀ ਪੈਂਦੀ ਹੈ, ਸਾਧਨਾ ਕਰਨੀ ਪੈਂਦੀ ਹੈ ਤਾਂ ਜੋ ਉਹ ਆਪਣੇ ਮੂਲ ਰੂਪ ਵਿਚ ਆ ਸਕੇ। ਆਪਣੀ ਪ੍ਰਤਿਸ਼ਠਾ ਲੈ ਸਕੇ। ਸ਼ਾਨ, ਗੌਰਵ ਪ੍ਰਾਪਤ ਕਰ ਸਕੇ, ਆਪਣੇ ਮੂਲ ਸੁਭਾ ਨੂੰ ਪ੍ਰਾਪਤ ਕਰ ਸਕੇ।

ਇਸ ਸਾਰੇ ਯਤਨ ਨੂੰ ਹੀ ਤਪਸਿਆ ਕਹਿੰਦੇ ਹਨ, ਪਰ ਬ੍ਰਹਮਾ ਲਈ ਤਪਸਿਆ ਆਪ ਮੁਹਾਰੀ ਹੈ। ਯਤਨ ਰਹਿਤ ਹੈ ਕਿਉਂਕਿ ਬ੍ਰਹਮਾ ਮਾਇਆ ਤੋਂ ਨਿਰਲਿਪਤ ਹਨ। ਭਾਵੇਂ ਮਾਇਆ ਬ੍ਰਹਮਾ ਦੇ ਗੁਣਾਂ ਵਿਚੋਂ ਇਕ ਗੁਣ ਹੈ ਜੋ ਕਿ ਅਵਿਦਿਆ ਦਾ ਰੂਪ ਧਾਰਨ ਕਰ ਲੈਂਦੀ ਹੈ ਤੇ ਵਿਅਕਤੀ ਨੂੰ ਕਰਮਾਂ ਦੇ ਬੰਧਨ ਵਿਚ ਜਕੜ ਲੈਂਦੀ ਹੈ। ਮਨੁੱਖ ਅਵਿਦਿਆ ਦੇ ਚੱਕਰ ਵਿਚ ਫਸ ਜਾਂਦਾ ਹੈ। ਇਸੇ ਕਾਰਣ ਕਰਕੇ ਮਨੁੱਖ ਨੂੰ ਬੜੇ ਗੰਭੀਰ ਰੂਪ ਵਿਚ ਯਤਨ ਕਰਨੇ ਪੈਂਦੇ ਹਨ। ਮਨੁੱਖੀ ਯਤਨ ਤਾਂ ਮਨੁੱਖ ਦੇ ਹੀ ਹੁੰਦੇ ਹਨ ਜਿਸ ਗਿਆਨ ਦੀ ਵਰਤੋਂ ਕਰਕੇ ਮਨੁੱਖ ਜਤਨ ਕਰਦਾ ਹੈ। ਉਹ ਗਿਆਨ ਸਦਾ ਹੀ ਆਤਮ ਗਿਆਨ ਹੁੰਦਾ ਹੈ. ਜਦੋਂ ਜਗਿਆਸੂ ਕੋਈ ਵੀ ਜਤਨ ਸੁਹਿਰਦ ਹੋ ਕੇ ਨਿਸ਼ਕਪਟ ਹੋ ਕੇ ਕਰਦਾ ਹੈ, ਉਦੋਂ ਗਿਆਨ ਪ੍ਰਾਪਤੀ ਕਰਦਾ ਹੈ। ਅਵਿਦਿਆ ਦੀਆਂ, ਅਗਿਆਨ ਦੀਆਂ ਬੇੜੀਆਂ ਟੁੱਟ ਜਾਂਦੀਆਂ ਨੇ ਤੇ ਮਨੁੱਖ ਸਦਾ ਲਈ ਸੁਤੰਤਰ ਹੋ ਜਾਂਦਾ ਹੈ।

ਜੀਵ ਵਿਚ ਉਹ ਸਾਰੇ ਗੁਣ ਹਨ ਜੋ ਬ੍ਰਹਮਾ ਦੇ ਹਨ ਪਰ ਕਿਉਂਕਿ ਜੀਵ ਅਵਿਦਿਆ ਦਾ ਘੇਰਿਆ ਪਿਆ ਹੈ ਇਸ ਕਾਰਣ ਆਪਣੇ ਆਪ ਨੂੰ ਸੀਮਤ ਹੀ ਜਾਣਦਾ ਹੈ। ਇਥੇ ਮਨੁੱਖ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਰੂਹਾਨੀ ਸਿਰਜਨਾ ਤੇ ਮਨੁੱਖੀ ਸਿਰਜਨਾ ਵਿਚ ਬਹੁਤ ਅੰਤਰ ਹੈ। ਮਨੁੱਖੀ ਸਿਰਜਨਾ ਦਾ ਅਧਾਰ ਕਿਸੇ ਹੋਂਦ ਤੇ ਹੈ, ਜਿਹੜੀ ਕਾਰਕ ਤੋਂ ਵੱਖ ਹੋਵੇ, ਅਲੱਗ ਹੋਵੇ। ਬ੍ਰਹਮਾ ਦੀ ਸਿਰਜਨਾ ਸ਼ਕਤੀ ਨੂੰ ਤਾਂ ਕਿਸੇ ਵੀ ਚੀਜ਼ ਦੀ ਲੋੜ ਨਹੀਂ, ਉਹ ਤਾਂ ਵਿਸ਼ਵ ਨੂੰ ਕਿਵੇਂ ਵੀ ਪ੍ਰਗਟ ਕਰ ਸਕਦੇ ਹਨ ਤੇ ਕਰਦੇ ਹਨ। ਜਦੋਂ ਜੀਵ ਅਵਿਦਿਆ ਤੋਂ ਸੁਤੰਤਰ ਹੋ ਜਾਂਦਾ ਹੈ ਉਹ ਆਪਣੇ ਆਪ ਨੂੰ ਪਛਾਣ ਜਾਂਦਾ ਹੈ। ਜਦੋਂ ਉਹ ਆਪਾ ਚੀਨ ਲੈਂਦਾ ਹੈ, ਮੂਲ ਰੂਪ ਵਿਚ ਆ ਕੇ ਆਪਾ ਜਾਣ ਲੈਂਦਾ ਹੈ, ਪਛਾਣ ਲੈਂਦਾ ਹੈ।

ਉਪਨਿਸ਼ਦ ਬ੍ਰਹਿਮੰਡ ਦੀ ਸੂਖਮ ਪਰਿਭਾਸ਼ਾ ਦਿੰਦਾ ਹੈ। ਅਗਿਆਨ ਤੇ ਅਵਿਦਿਆ। ਸੰਸਾਰ ਵਿਚ ਸਿਰਜਨਾ ਕਰਨ ਲਈ ਮਨੁੱਖ ਨੂੰ ਸ਼ੁਧ, ਯਥਾਰਥੀ ਤੇ ਇਕ ਮਸ਼ੀਨ ਵਾਂਗ ਜੰਤਰਕ ਹੋਣਾ ਪੈਂਦਾ ਹੈ। ਪਰ ਜਿਥੋਂ ਤਕ ਅਧਿਆਤਮਕ ਵਿਆਖਿਆ ਦਾ ਵਾਸਤਾ ਹੈ, ਬ੍ਰਹਮਾ ਦਾ ਸਿਰਜਨਾਤਮਕ ਹੋਣ ਤੋਂ ਭਾਵ ਹੈ ਆਪ ਮੁਹਾਰੇ ਹੀ ਹੋਣਾ, ਜਤਨ ਰਹਿਤ ਹੋਣਾ।

ਸ਼ਿਸ਼ ਨੂੰ ਇਹ ਜਾਣ ਲੈਣਾ ਚਾਹੀਦਾ ਹੈ, ਸਮਝ ਲੈਣਾ ਚਾਹੀਦਾ ਹੈ ਕਿ ਰੂਹਾਨੀ ਚੇਤਨਤਾ ਪ੍ਰਾਪਤ ਕਰਨ ਲਈ ਜਤਨਸ਼ੀਲ ਹੋਣਾ ਅਤਿਅਵਸ਼ਕ ਹੈ। ਜਗਿਆਸੂ ਨੂੰ ਇਹ ਕਤਈ ਨਹੀਂ ਸਮਝ ਲੈਣਾ ਚਾਹੀਦਾ ਕਿ ਉਸ ਨੂੰ ਸਤਿ ਦੀ ਪ੍ਰਾਪਤੀ ਸੁਤੇ ਸਿੱਧ ਬਿਨਾਂ ਕਿਸੇ ਜਤਨ ਕੀਤਿਆਂ ਹੋ ਜਾਵੇਗੀ। ਬਿਨਾਂ ਕਿਸੇ ਤਪਸਿਆ ਦੇ ਹੋ ਜਾਵੇਗੀ। ਤਪਸਿਆ ਇਕ ਉਹ ਅਨੁਸਾਸ਼ਨ ਹੈ ਜਿਹੜਾ ਤੁਹਾਡਾ ਵਿਸਤਾਰ ਕਰਦਾ ਹੈ, ਤੁਹਾਨੂੰ ਵਿਕਸਤ ਕਰਦੀ ਹੈ ਤੇ ਤੁਹਾਡੀ ਆਤਮਾ ਨੂੰ ਸ਼ੁਧ ਕਰਦੀ ਹੈ। ਅਨੁਸਾਸ਼ਨ ਕਦੀ ਵੀ ਬਾਹਰੋਂ ਉਪਰੋਂ ਨਹੀਂ ਥੋਪਿਆ ਜਾਣਾ ਚਾਹੀਦਾ। ਅਨੁਸਾਸ਼ਨ ਜਗਿਆਸੂ ਨੂੰ ਆਪਣੇ ਆਪ ਉਤੇ ਆਪ ਇਹ ਸਮਝ ਕੇ ਲਾਗੂ ਕਰਨਾ ਚਾਹੀਦਾ ਹੈ ਕਿ ਅਨੁਸਾਸ਼ਨ ਆਤਮ ਮਾਰਗ ਦਾ ਇਕ ਆਵਸ਼ਕ ਭਾਗ ਹੈ ਤੇ ਇਸਨੂੰ ਇਕ ਅਨੰਦਦਾਇਕ ਕਿਰਿਆ ਸਮਝ ਕੇ ਜੀਵਨ ਵਿਚ ਉਤਾਰਨਾ ਚਾਹੀਦਾ ਹੈ।

ਇਥੇ ਪਹਿਲੇ ਸਲੋਕ ਦਾ ਅੰਤ ਹੈ।

# ਹਿਮਾਲੀਅਨ ਯੋਗੀ ਦਾ ਸੰਗ
# (Walking With Himalayan Master)

*ਡਾ. ਜਸਟਿਨ ਓਬਰਾਇਨ*
*ਅਨੁਵਾਦਕ ਡਾ. ਤੇਜਿੰਦਰ ਮਲਹੋਤਰਾ*

## ਸ੍ਵਾਸ

ਦਿਨ ਵਿਚ ਤਿੰਨ ਵਾਰ ਪੰਜ ਤੋਂ ਦੱਸ ਮਿੰਟ ਲਈ ਸ਼ਵਆਸਨ ਦਾ ਅਭਿਆਸ ਕਰੋ। ਸਿੱਧੇ ਲੇਟੋ, ਪੈਰ ਦੂਰ ਦੂਰ ਰੱਖੋ, ਲੱਤਾਂ ਵਖਰੀਆਂ ਕਰਕੇ ਰੱਖੋ। ਬਾਹਵਾਂ ਸਿੱਧੀਆਂ ਦੂਰ, ਹਥੇਲੀਆਂ ਉਪਰ ਵਲ, ਹੱਥਾਂ ਦੀਆਂ ਉਂਗਲੀਆਂ ਪੂਰੀ ਤਰ੍ਹਾਂ ਨਾਲ ਨਿਸਲ ਹੋਣ। ਸਿਰ ਬਿਲਕੁਲ ਦਰਮਿਆਨ ਵਿਚ, ਸਾਰਾ ਸਰੀਰ ਇਕ ਤਰਤੀਬ ਵਿਚ ਹੋਵੇ। ਜਦੋਂ ਸ਼ਵ ਆਸਨ ਵਿਚ ਲੇਟੋ, ਮਲਮੂਤਰ ਵਾਲੀ ਜਗ੍ਹਾ ਨੂੰ ਸੰਗੋੜ ਲਵੋ ਤਾਂ ਜੋ ਉਥੇ ਦੇ ਪੱਠੇ ਢਿੱਲੇ ਨਾ ਰਹਿਣ। ਇਸ ਨੂੰ ਅਸਵਿਨੀ ਮੁਦਰਾ ਕਹਿੰਦੇ ਹਨ। ਇਸ ਨਾਲ ਉਪਾਨ ਵਾਯੂ ਦੇ ਬਹਾਅ ਵਿਚ ਕੋਈ ਰੁਕਾਵਟ ਨਹੀਂ ਆਵੇਗੀ। ਬੜੇ ਆਰਾਮ ਨਾਲ ਤੇ ਹੌਲੀ ਜਿਹੀ ਪੇਟ ਨੂੰ ਅੰਦਰ ਕਰੋ, ਆਪਣਾ ਹੋਠ ਵੀ ਪੀਚ ਲਵੋ, ਨਾਸਿਕਾ ਰਾਹੀਂ ਸਾਹ ਬਾਹਰ ਕੱਢੋ, ਫੇਰ ਪੇਟ ਨੂੰ ਢਿੱਲਾ ਛੱਡੋ, ਕੋਈ ਜ਼ੋਰ ਨਹੀਂ ਲਗਾਓ ਤੇ ਸ੍ਵਾਸ ਅੰਦਰ ਕਰੋ। ਜਦੋਂ ਤੁਸੀਂ ਪੇਟ ਅੰਦਰ ਕਰਦੇ ਹੋ ਉਸ ਨਾਲ ਸਾਰੇ ਪੱਠੇ ਅੰਦਰ ਹੋ ਜਾਂਦੇ ਹਨ, diaphragm ਵੀ ਅੰਦਰ ਹੋ ਜਾਂਦਾ ਹੈ। Diaphragm ਦੇ ਧੱਕੇ ਜਾਣ ਨਾਲ ਫੇਫੜੇ ਅੰਦਰ ਹੁੰਦੇ ਹਨ, ਉਸ ਨਾਲ ਕਾਰਬਨ ਡਾਈਆਕਸਾਈਡ ਬਾਹਰ ਨਿਕਲਦੀ ਹੈ। ਜਦੋਂ ਤੁਸੀਂ ਆਰਾਮ ਨਾਲ ਹੌਲੀ ਜਿਹੀ ਸ੍ਵਾਸ ਅੰਦਰ ਕਰਦੇ ਹੋ ਤਾਂ diaphragm ਵੀ ਨਿਸਲ ਹੋ ਜਾਂਦਾ ਹੈ, ਪੂਰੀ ਤਰ੍ਹਾਂ ਜਿੰਨਾਂ ਬਾਹਰ ਕੱਢ ਸਕਦੇ ਹੋ, ਕੱਢੋ, ਜਿੰਨਾਂ ਵੱਧ ਤੋਂ ਵੱਧ ਅੰਦਰ ਕਰ ਸਕਦੇ ਹੋ ਕਰੋ, ਇਸ ਤਰ੍ਹਾਂ ਦਸ ਵਾਰੀ ਕਰੋ। ਆਪਣੇ ਧਿਆਨ ਨੂੰ ਸ੍ਵਾਸ ਨਾਲ ਜੋੜੋ।

ਸ੍ਵਾਸ ਬੈਰੋਮੀਟਰ ਦੀ ਤਰ੍ਹਾਂ ਹਨ, ਜਿਨ੍ਹਾਂ ਨਾਲ ਤੁਹਾਡੇ ਅੰਤਰ ਦਾ ਪਤਾ ਲਗਦਾ ਹੈ। ਤੁਸੀਂ ਦੇਖੋਗੇ ਜਦੋਂ ਤੁਹਾਡੇ ਸ੍ਵਾਸ ਆਰਾਮ ਨਾਲ ਆ ਰਹੇ ਹੋਣ, ਡੂੰਘੇ ਹੋਣ, ਕੋਈ ਵਿਚ ਵਿਸ਼ਰਾਮ ਨਾ ਹੋਵੇ, ਤੁਸੀਂ ਦੇਖੋਗੇ, ਅਨੁਭਵ ਕਰੋਗੇ, ਤੁਸੀਂ ਬਹੁਤ ਹੀ ਸੁਖ ਆਰਾਮ ਤੇ ਅਨੰਦ ਦੀ ਹਾਲਤ ਵਿਚ ਹੋ।

## ਇਕ ਦੌਰ ਦਾ ਅੰਤ

ਸਵਾਮੀ ਜੀ ਨਾਲ ਆਸ਼ਰਮ ਵਿਚ ਰਹਿਣ ਦੇ ਦਿਨ ਖਤਮ ਹੋ ਰਹੇ ਸੀ। ਹਰ ਇਕ ਘੰਟਾ ਜਿਹੜਾ ਬੀਤ ਰਿਹਾ ਸੀ ਖਾਸ ਕਰਕੇ ਰਾਤ ਨੂੰ ਅੱਗ ਦੇ ਸਾਮ੍ਹਣੇ ਜਿਹੜਾ ਸਮਾਂ ਬੀਤ ਰਿਹਾ ਸੀ, ਜੀ ਕਰਦਾ ਸੀ ਕਿ ਉਸ ਨੂੰ ਕਿਤੇ ਸਾਂਭ ਕੇ ਰੱਖ ਲਈਏ। ਉਸ ਨੂੰ ਫੜ ਲਈਏ, ਉਹ ਲੰਘੇ ਨਾ, ਸਮਾਂ ਉਥੇ ਹੀ ਜਿਵੇਂ ਰੁਕ ਜਾਵੇ ਪਰ ਇਹ ਨਾ ਕਦੀ ਹੋਇਆ ਹੈ, ਨਾ ਹੀ ਹੋ ਸਕਦਾ ਹੈ। ਪਹਾੜਾਂ ਦਾ ਦ੍ਰਿਸ਼ ਐਡਾ ਸੋਹਣਾ ਸੀ ਜਿਹੜਾ ਅੱਖੋਂ ਓਹਲੇ ਹੀ ਨਹੀਂ ਕੀਤਾ ਜਾ ਸਕਦਾ। ਇਕ ਸ਼ਾਮ ਨੂੰ ਜਦੋਂ ਅਸੀਂ ਗੁੱਡ ਨਾਈਟ ਕਿਹਾ। ਸਵਾਮੀ ਜੀ ਮੈਨੂੰ ਕਹਿਣ ਲੱਗੇ ਇਹ ਗਲੀਚਾ ਤੁਸੀਂ ਗੋਲ ਕਰ ਲਵੋ। ਅਸੀਂ ਉਸ ਉਤੇ ਰੋਜ਼ ਬੈਠਦੇ ਸੀ।

ਮੈਂ ਚਾਹੁੰਦਾ ਹਾਂ ਤੁਸੀਂ ਦੋਨੋਂ ਹੀ ਇਹ ਗਲੀਚਾ ਲੈ ਜਾਓ। ਸਵਾਮੀ ਜੀ ਕਹਿਣ ਲੱਗੇ, ਇਸ ਨੂੰ ਆਪਣੇ ਨਾਲ ਅਮਰੀਕਾ ਲੈ ਜਾਓ। ਮੈਂ ਬੜੇ ਸਾਲ ਇਸ ਉਤੇ ਬੈਠ ਕੇ ਮੈਡੀਟੇਸ਼ਨ ਕੀਤੀ ਹੈ। ਹੁਣ ਇਹ ਤੁਹਾਡੀ ਹੈ, ਸਵਾਮੀ ਜੀ ਨੇ ਨਾਲ ਸਾਨੂੰ ਇਕ ਚਿੱਠੀ ਦਿਤੀ ਕਿ ਇਹ ਪੁਰਾਣਾ ਗਲੀਚਾ ਹੈ ਤਾਂ ਜੋ ਏਸ ਉਪਰ ਕੋਈ ਟੈਕਸ ਨਾ ਲੱਗੇ।

ਹੁਣ ਜਦੋਂ ਤੁਸੀਂ ਜਾਓ, ਸੰਸਥਾ ਵਿਚ ਨਾ ਰਹੋ। ਮੈਂ ਚਾਹੁੰਦਾ ਹਾਂ ਤੁਸੀਂ ਵੱਖ-ਵੱਖ ਥਾਂ ਜਾ ਕੇ ਕੰਮ ਕਰੋ, ਤੁਸੀਂ ਦੇਖੋਗੇ ਮੈਂ ਤੁਹਾਨੂੰ ਕਿਥੇ-ਕਿਥੇ ਭੇਜਦਾ ਹਾਂ। ਤੁਸੀਂ ਆਪਣੇ ਲਈ ਇਕ ਫਲੈਟ ਦੇਖੋ ਤੇ ਪਸੰਦ ਕਰੋ। ਪਰ ਤੁਹਾਡੇ ਫਲੈਟ ਵਿਚ ਤਿੰਨ ਕਮਰਿਆਂ ਤੋਂ ਵੱਧ ਨਹੀਂ ਹੋਣੇ ਚਾਹੀਦੇ, ਮੈਂ ਫੇਰ ਤੁਹਾਡੇ ਕੋਲ ਆਵਾਗਾਂ।

ਸਵਾਮੀ ਜੀ ਨੇ ਆਪਣਾ ਹੱਥ ਸਾਡੇ ਸਿਰ ਤੇ ਰੱਖਿਆ। ਸਾਨੂੰ ਲੱਗਾ, ਸਾਨੂੰ ਅਸ਼ੀਰਵਾਦ ਦੇ ਰਹੇ ਹਨ। ਅਸੀਂ ਉਹ ਗਲੀਚਾ ਨਾਲ ਲੈ ਆਏ। ਮੈਂ ਆਪਣੇ ਮਨ ਵਿਚ ਸੋਚਿਆ ਸਵਾਮੀ ਜੀ ਹੁਣ ਕਾਹਦੇ ਉਤੇ ਬੈਠਣਗੇ? ਪਰ ਸਵਾਮੀ ਜੀ ਗਲੀਚਾ ਰੱਖਣ ਵਾਸਤੇ ਨਹੀਂ ਮੰਨ ਰਹੇ ਸੀ। ਸਵਾਮੀ ਜੀ ਨੇ ਐਨਾ ਪਿਆਰ ਦਿਤਾ। ਐਨਾ ਪਿਆਰ ਦਿਤਾ ਅਸੀਂ ਕੁਝ ਹੋਰ ਸੋਚ ਹੀ ਨਹੀਂ ਸੀ ਸਕਦੇ।

ਸ਼ਿਵਰਾਤਰੀ ਦੀ ਛੁੱਟੀ ਆ ਰਹੀ ਹੈ ਤੇ ਬਹੁਤ ਸਾਰੇ ਹਿੰਦੁਸਤਾਨੀ ਕਠਮੰਡੂ ਆਉਣਗੇ ਤੇ ਪਸ਼ੂਪਤੀ ਨਾਥ ਦੇ ਮੰਦਰ ਜਾਣਗੇ। ਬਹੁਤ ਸਾਰੇ ਲੋਕ ਆਸ਼ਰਮ ਵੀ ਆਉਣਗੇ, ਤੇ ਸਵਾਮੀ ਜੀ ਕੋਲ ਵੀ ਆਉਣਗੇ। ਅਜੇ ਫੁੱਲਾਂ ਦੇ ਖਿੜਨ ਦਾ ਮੌਸਮ ਨਹੀਂ ਸੀ ਆਇਆ, ਅਸੀਂ ਕੁਝ ਫੁੱਲ ਬਜ਼ਾਰ ਤੋਂ ਲੈ ਕੇ ਆਏ ਸੀ ਤਾਂ ਜੋ ਆਸ਼ਰਮ ਵਿਚ ਕੁਝ ਖੇੜਾ ਹੋਰ ਵਧ ਜਾਏ। ਥਰੀਸਾ ਨੇ ਉਹ ਫੁੱਲ ਲਗਾਏ ਸੀ ਸਜਾਏ ਸੀ।

ਸਵਾਮੀ ਜੀ ਪੁੱਛਣ ਲੱਗੇ, ਥਰੀਸਾ ਤੇਰੇ ਦਿਮਾਗ ਵਿਚ ਕੀ ਚੱਲ ਰਿਹਾ ਹੈ, ਤੂੰ ਕਿਉਂ ਉਦਾਸ ਹੈਂ?

ਸਵਾਮੀ ਜੀ ਮੈਂ ਸੋਚ ਰਹੀ ਸੀ ਜਦੋਂ ਇਹ ਫੁੱਲ ਖਿਲਣਗੇ ਮੈਂ ਇਥੇ ਨਹੀਂ ਹੋਵਾਂਗੀ। ਅਸੀਂ ਚਾਰ ਦਿਨਾਂ ਨੂੰ ਚਲੇ ਜਾਣਾ ਹੈ ਇਹ ਚੰਗਾ ਨਹੀਂ ਲਗ ਰਿਹਾ ਕਿ ਅਸੀਂ ਚਲੇ ਜਾਣਾ ਹੈ। ਐਨੀ ਛੇਤੀ ਮੈਨੂੰ ਜਾਣ ਨੂੰ ਜੀਅ ਨਹੀਂ ਕਰ ਰਿਹਾ।

ਮੈਂ ਆਪਣੇ ਕੰਨ ਖੜ੍ਹੇ ਕਰ ਲਏ ਕਿ ਦੇਖਾਂ ਸਵਾਮੀ ਜੀ ਕੀ ਕਹਿੰਦੇ ਹਨ, ਤੂੰ ਕਿਹੜੇ ਫੁੱਲ ਖਿੜੇ ਦੇਖਣੇ ਚਾਹੇਂਗੀ?

ਥਰੀਸਾ ਪੈਰਾਂ ਭਾਰ ਬੈਠ ਗਈ ਤੇ ਮੁਸਕਰਾਉਂਦੇ ਹੋਏ ਸਵਾਮੀ ਜੀ ਨੂੰ ਕਹਿਣ ਲੱਗੀ, ਮੇਰੇ ਮਨ ਭਾਉਂਦੇ ਤਾਂ ਡੈਫੋਡਿਲ ਹੀ ਹਨ।

ਠੀਕ ਹੈ ਸਵਾਮੀ ਜੀ ਕਹਿਣ ਲੱਗੇ, ਹੋਰ ਕੀ ਪਸੰਦ ਕਰੇਂਗੀ, ਹੋਰ ਫੁੱਲ ਕਿਹੜੇ ਚੰਗੇ ਲਗਦੇ ਹਨ?

ਥਰੀਸਾ ਕਹਿਣ ਲੱਗੀ, ਮੈਨੂੰ ਜਦੋਂ ਫੱਲਾਂ ਦੇ ਦਰਖਤਾਂ ਉਪਰ ਫੁੱਲ ਆਉਂਦੇ ਹਨ ਉਹ ਬਹੁਤ ਹੀ ਸੋਹਣੇ ਲਗਦੇ ਹਨ। ਸਵਾਮੀ ਜੀ ਨੇ ਵਾਅਦਾ ਕੀਤਾ ਤੇ ਕਹਿਣ ਲੱਗੇ ਉਹ ਸਾਮ੍ਹਣੇ ਅਲੂਚਿਆ ਦਾ ਦਰਖਤ ਹੈ। ਉਹ ਸਾਮ੍ਹਣੇ ਘਰ ਦੇ ਨਾਲ। ਤੇਰੇ ਜਾਣ ਤੋਂ ਪਹਿਲਾਂ ਉਸ ਦਰਖਤ ਉਤੇ ਤੇਰੇ ਲਈ ਫੁੱਲ ਖਿੜੇ ਹੋਣਗੇ, ਕੇਵਲ ਤੇਰੇ ਲਈ।

ਥੋੜ੍ਹੀ ਦੇਰ ਹੋਰ ਬਗੀਚੇ ਵਿਚ ਕੰਮ ਕਰਦੇ ਰਹੇ, ਫੇਰ ਮੈਂ ਉਪਰ ਚਲਾ ਗਿਆ ਤੇ ਫੇਰ ਮੈਂ ਉਸ ਦਰਖਤ ਨੂੰ ਦੇਖਣ ਗਿਆ, ਜਿਸ ਉਪਰ ਸਵਾਮੀ ਜੀ ਨੇ ਕਿਹਾ ਸੀ ਕਿ ਫੁਲ ਲਗਣਗੇ, ਉਸ ਉਪਰ ਮਣਕੇ ਜਿੱਡੀਆਂ ਡੋਡੀਆਂ ਲੱਗੀਆਂ ਹੋਈਆਂ ਸੀ। ਇਹ ਮੰਗਲਵਾਰ ਦੀ ਗੱਲ ਹੈ ਅਸੀਂ ਸ਼ੁਕਰਵਾਰ ਨੂੰ ਚਲੇ ਜਾਣਾ ਸੀ। ਅਸੀਂ ਰੋਜ਼ ਉਸ ਦਰਖਤ ਨੂੰ ਦੇਖਦੇ ਰਹੇ। ਮੈਨੂੰ ਉਸ ਵਿਚ ਕੁਝ ਵੀ ਬਦਲਾਵ ਨਹੀਂ ਸੀ ਲਗ ਰਿਹਾ। ਵੀਰਵਾਰ ਸ਼ਾਮ ਤੱਕ ਉਸ ਵਿਚ ਕੋਈ ਵੀ ਆਸਾਰ ਨਹੀਂ ਦਿਸ ਰਹੇ ਸੀ, ਚਾਨਣੀ ਰਾਤ ਸੀ, ਮੈਂ ਫੇਰ ਦਰਖਤ ਨੂੰ ਚੰਗੀ ਤਰ੍ਹਾਂ ਦੇਖਣ ਗਿਆ ਪਰ ਕੋਈ ਚਿੰਨ ਨਹੀਂ ਦਿਸ ਰਹੇ ਸੀ।

ਸ਼ੁਕਰਵਾਰ ਸਵੇਰ ਜਦੋਂ ਅਸੀਂ ਨਾਸ਼ਤਾ ਲੈਣ ਲੱਗੇ, ਸਵਾਮੀ ਜੀ ਨੇ ਆਵਾਜ਼ ਲਗਾਈ ਥਰੀਸਾ ਤੇ ਥਰੀਸਾ ਖਾਣੇ ਵਾਲੇ ਕਮਰੇ ਵਿਚੋਂ ਦੌੜਦੀ ਚਲੀ ਗਈ। ਐਨੀ ਤੇਜ਼ ਉਹ ਕਦੀ ਪਹਿਲਾਂ ਦੌੜੀ ਹੋਵੇ, ਮੇਰੇ ਯਾਦ ਨਹੀਂ ਸੀ।

ਜਦੋਂ ਮੈਂ ਪਹੁੰਚਿਆ ਮੈਂ ਦੇਖਿਆ, ਸਵਾਮੀ ਜੀ ਤੇ ਥਰੀਸਾ ਦੋਨੋਂ ਹੀ ਚਮਕ ਰਹੇ ਸੀ। ਖੁਸ਼ ਹੋ ਰਹੇ ਸੀ, ਹੱਸ ਰਹੇ ਸੀ ਤੇ ਅਲੂਚਿਆਂ ਦਾ ਦਰਖਤ ਪੂਰੀ ਤਰ੍ਹਾਂ ਖਿੜਿਆ ਪਿਆ ਸੀ। ਤੇ ਉਨ੍ਹਾਂ ਦੇ ਪੈਰਾਂ ਦੇ ਕੋਲ ਪੂਰੇ ਪੰਦਰਾਂ ਡੈਫੋਡਿਲ ਵੀ ਖਿੜੇ ਪਏ ਸੀ, ਉਸ ਖੁਸ਼ੀ ਦੇ ਵਾਤਾਵਰਣ ਵਿਚ ਹਿੱਸਾ ਲੈਂਦੇ ਮੈਂ ਕਿਹਾ, ਸਵਾਮੀ ਜੀ ਇਸ ਸਮੇਂ ਤਾਂ ਲਾਮਾ ਗੋਵਿੰਦਾ ਨੂੰ ਆ ਜਾਣਾ ਚਾਹੀਦਾ ਹੈ।

ਹਾਂ, ਹਾਂ ਜ਼ਰੂਰ। ਸਵਾਮੀ ਜੀ ਕਹਿਣ ਲੱਗੇ ਇਸ ਸ਼ੁਭ ਅਵਸਰ ਤੇ ਤਾਂ ਜ਼ਰੂਰ ਲਾਮਾ ਗੋਵਿੰਦਾ ਨੂੰ ਆਉਣਾ ਹੀ ਚਾਹੀਦਾ ਹੈ।

ਫੇਰ ਸਵਾਮੀ ਜੀ, ਥਰੀਸਾ ਤੇ ਮੈਂ ਅਸੀਂ ਸਾਰਿਆਂ ਨੇ ਆਪਣੇ ਲਈ ਖਾਸ ਮੌਜ ਮੇਲਾ ਕਰਨ ਦਾ ਸੋਚਿਆ, ਮੈਂ ਸਵਾਮੀ ਜੀ ਦਾ ਲਾਲ ਵਾਲਾ ਚੋਗਾ ਪਾਇਆ। ਉਨ੍ਹਾਂ ਦੇ ਪੌਂਦੇ ਪਾਏ ਤੇ ਟੀਕੋਜ਼ੀ ਸਿਰ ਤੇ ਪਾਈ, ਧੁੱਪ ਬਹੁਤ ਹੀ ਸੋਹਣੀ ਤੇ ਚਮਕਵੀ ਸੀ। ਮੈਂ ਫੁੱਲਾਂ ਨਾਲ ਭਰੇ ਹੋਏ ਦਰਖਤ ਕੋਲ ਖੜ੍ਹਾ ਹੋਇਆ ਤੇ ਸਵਾਮੀ ਜੀ, ਸਵਾਮੀ ਅਜੈ ਨੂੰ ਬੁਲਾਉਣ ਗਏ ਤੇ ਬਾਕੀ ਹੋਰ ਜਿਹੜੇ ਵੀ ਸ਼ਰਧਾਲੂ ਭਾਰਤ ਵਰਸ਼ ਤੋਂ ਗਏ ਹੋਏ ਸੀ।

ਛੇਤੀ ਕਰੋ, ਛੇਤੀ ਕਰੋ। ਸਵਾਮੀ ਜੀ ਕਹਿਣ ਲੱਗੇ, ਇਥੇ ਸਾਡੇ ਕੋਲ ਇਕ ਲਾਮਾ ਆਇਆ ਹੈ ਉਹ ਸਾਡਾ ਪ੍ਰਾਹੁਣਾ ਹੈ। ਉਹ ਤੁਹਾਨੂੰ ਸਭ ਨੂੰ ਆਸ਼ੀਰਵਾਦ ਦੇਵੇਗਾ। ਸਵਾਮੀ ਜੀ ਦੀ ਆਵਾਜ਼ ਸਾਰੇ ਆਸ਼ਰਮ ਵਿਚ ਗੂੰਜ ਗਈ ਤੇ ਕੋਈ ਵੀਹ ਸ਼ਰਧਾਲੂ ਦੌੜੇ ਦੌੜੇ ਆਏ, ਸਵਾਮੀ ਅਜੈ ਸਭ ਤੋਂ ਅੱਗੇ ਸੀ ਉਹ ਆਪਣਾ ਕੈਮਰਾ ਲੈ ਕੇ ਆਏ ਸੀ ਤੇ ਫੋਟੋ ਲੈ ਰਹੇ ਸੀ।

ਸਾਰੇ ਬਾਹਰ ਵਿਹੜੇ ਵਿਚ ਇਕੱਠੇ ਹੋ ਗਏ, ਬੜੇ ਹੀ ਸਤਿਕਾਰ ਨਾਲ ਸਾਰੇ ਖੜ੍ਹੇ ਹੋ ਗਏ ਤੇ ਲਾਮਾ ਨੂੰ ਦੇਖਣ ਲਗ ਪਏ। ਅੱਖਾਂ ਬੰਦ ਕਰਕੇ ਹੱਥ ਜੋੜ ਕੇ ਬੜੀ ਹੀ ਸ਼ਾਨ ਨਾਲ ਲਾਮਾ ਗੋਵਿੰਦਾ ਖੜ੍ਹਾ ਸੀ। ਇਕ ਮਿੰਟ ਵਾਸਤੇ ਅਜੈ ਨੇ ਮੈਨੂੰ ਦੇਖਿਆ ਤੇ ਲੱਗਾ ਕਿ ਮੈਂ ਵੀ ਤਿੱਬਤ ਤੋਂ ਹਾਂ। ਅਜੈ ਅੱਗੇ ਹੋ ਕੇ ਝੁਕਿਆ ਪਰ ਛੇਤੀ ਹੀ ਉਹ ਆਪਣੇ ਗੁਰੂ ਭਾਈ ਨੂੰ ਪਛਾਣ ਗਿਆ ਸੀ। ਉਸ ਨੇ ਸਵਾਮੀ ਜੀ ਵਲ ਦੇਖਿਆ ਤੇ ਉਹ ਬਹੁਤ ਹੀ ਦੁਵਿਧਾ ਵਿਚ ਪੈ ਗਿਆ।

ਅਜੈ ਅੱਗੇ ਹੋ, ਸਵਾਮੀ ਜੀ ਕਹਿ ਰਹੇ ਸੀ ਅੱਗੇ ਹੋ ਕੇ ਲਾਮਾ ਦੇ ਚਰਨ ਸਪਰਸ਼ ਕਰ।

ਅਜੈ ਨੇ ਲਾਮਾ ਦੇ ਚਰਨ ਸਪਰਸ਼ ਕੀਤੇ ਤੇ ਫੇਰ ਹਸਦੇ ਹਸਦੇ ਨੇ ਫੋਟੋ ਖਿਚੀਆਂ, ਭਾਰਤੀ ਯਾਤਰੀ ਹੈਰਾਨ ਸੀ ਪਰ ਉਹ ਵੀ ਚਰਨ ਸਪਰਸ਼ ਕਰ ਰਹੇ ਸੀ, ਤਿਬੜੀ ਲਾਮਾ ਆਰਾਮ ਨਾਲ ਸਿਰ ਤੇ ਟੀਕੋਜ਼ੀ ਲਈ ਸਭ ਕੁਝ ਹੁੰਦਾ ਦੇਖ ਕੇ ਇਨ੍ਹਾਂ ਪਲਾਂ ਦਾ ਅਨੰਦ ਮਾਣ ਰਿਹਾ ਸੀ। ਇਹ ਪਲ ਜੋ ਸਵਾਮੀ ਜੀ ਨਾਲ ਵਿਦਾ ਹੋਣ ਤੋਂ ਪਹਿਲਾਂ ਉਹ ਇਕੱਠੇ

ਬਿਤਾ ਰਹੇ ਸੀ। ਸਵਾਮੀ ਜੀ ਨਾਲ ਹੀ ਖੜ੍ਹੇ ਇਹ ਵਚਿੱਤਰ ਸੀਨ ਨੂੰ ਬੜੇ ਗੰਭੀਰ ਹੋ ਕੇ ਦੇਖ ਰਹੇ ਸੀ।

# ਅਧਿਆਇ 21

## ਪ੍ਰਬੁੱਧ ਚੇਤਨਾ

ਮੈਂ ਦੇਖਦਾ ਹਾਂ ਕਿ ਦੂਰ ਸਵਾਮੀ ਜੀ ਖੜ੍ਹੇ ਹਨ, ਇਕ ਪਹਾੜੀ ਤੇ ਖੜ੍ਹੇ ਹਨ ਤੇ ਨਾਲ ਕੋਈ ਬਹੁਤ ਹੀ ਗੂੜ੍ਹੀ ਚਮਕਦੀ ਚੀਜ਼ ਖੜ੍ਹੀ ਹੈ, ਜਿਵੇਂ ਹੀ ਮੈਂ ਸਵਾਮੀ ਜੀ ਦੇ ਕੋਲ ਜਾਂਦਾ ਹਾਂ। ਮੈਂ ਕੀਲਿਆ ਜਾਂਦਾ ਹਾਂ। ਸਵਾਮੀ ਜੀ ਨੇ ਸੋਹਣੇ ਚਮਕਦਾਰ ਸਫੈਦ ਵਸਤਰ ਪਾਏ ਹੋਏ ਹਨ, ਸਵਾਮੀ ਜੀ ਦਾ ਚਿਹਰਾ ਚਮਕ ਰਿਹਾ ਹੈ। ਮੈਨੂੰ ਇਸ ਤਰ੍ਹਾਂ ਲਗ ਰਿਹਾ ਸੀ ਜਿਵੇਂ ਸਵਾਮੀ ਜੀ ਪੂਰੇ ਜਲਾਲ ਵਿਚ ਹੋਣ, ਸਵਾਮੀ ਜੀ ਦੇ ਖੱਬੇ ਪਾਸੇ ਵੀ ਮਹਾਂਪੁਰਖ ਖੜ੍ਹੇ ਹਨ, ਉਨ੍ਹਾਂ ਦਾ ਜਲਾਲ ਵੀ ਝੱਲਿਆ ਨਹੀਂ ਜਾਂਦਾ। ਮੈਂ ਉਨ੍ਹਾਂ ਵਲ ਇਕ ਨਿਗ੍ਹਾ ਦੇਖ ਨਹੀਂ ਸਕਦਾ। ਮੈਂ ਆਪਣੀਆਂ ਅੱਖਾਂ ਝਪਕੀਆਂ ਤੇ ਦੇਖਣਾ ਚਾਹਿਆ ਕਿ ਕੌਣ ਹੈ ਪਰ ਲਸ਼ਕਾਰਾ ਐਨਾ ਵਧ ਸੀ ਕਿ ਦੇਖਿਆ ਹੀ ਨਹੀਂ ਗਿਆ। ਮੈਨੂੰ ਅੱਖਾਂ ਪਰ੍ਹੇ ਕਰਨੀਆਂ ਪਈਆਂ। ਫੇਰ ਮੇਰੇ ਦੇਖਦੇ-ਦੇਖਦੇ ਇਕ ਕਰੌਸ ਬਣ ਗਿਆ, ਇਹ ਸਵਾਮੀ ਜੀ ਤੇ ਉਸ ਮਹਾਂਪੁਰਸ਼ ਦੇ ਅੱਗੇ ਬਣਿਆ।

ਇਹ ਇਕ ਬੜਾ ਅਜੀਬ ਸੁਪਨਾ ਸੀ ਮੈਂ ਉਸ ਚਮਕਦੀ ਜਲਾਲ ਵਾਲੀ ਹਸਤੀ ਨੂੰ ਕਰੌਸ ਨਾਲ ਨਹੀਂ ਜੋੜ ਸਕਿਆ। ਕਿੰਨੇ ਮਹੀਨੇ ਮੈਂ ਇਸ ਸੁਪਨੇ ਬਾਰੇ ਸੋਚਦਾ ਰਿਹਾ। ਬੜਾ ਸੋਚ ਸੋਚ ਕੇ ਮੈਂ ਇਸ ਨਤੀਜੇ ਤੇ ਪਹੁੰਚਿਆ ਕਿ ਸਵਾਮੀ ਜੀ ਦਾ ਸਬੰਧ ਕਿਸੇ ਨਾ ਕਿਸੇ ਤਰ੍ਹਾਂ ਈਸਾਈ ਮੱਤ ਨਾਲ ਹੈ, ਕਿੰਨੇ ਸਾਲ ਬੀਤ ਗਏ ਇਸ ਸੁਪਨੇ ਨੂੰ ਇਕ ਦਿਨ ਸਵਾਮੀ ਜੀ ਤੇ ਮੈਂ ਪਹਾੜਾਂ ਤੇ ਕਿਤੇ ਬੈਠੇ ਸੀ, ਮੈਂ ਇਸ ਸੁਪਨੇ ਨੂੰ ਯਾਦ ਕਰ ਰਿਹਾ ਸੀ ਜਿਵੇਂ ਕਿ ਕੋਈ ਇਤਿਹਾਸ ਹੋਵੇ।

ਜੇ ਅਸੀਂ ਕਹੀਏ ਪ੍ਰਮਾਤਮਾ ਚੰਗਾ ਹੈ ਤੇ ਸਭ ਕੁਝ ਚੰਗਾ ਦੇਣ ਦਾ ਦਾਤਾ ਹੈ ਫੇਰ ਅਸੀਂ ਪ੍ਰਮਾਤਮਾ ਨੂੰ ਇਹ ਅਰਦਾਸ ਕਿਉਂ ਕਰਦੇ ਹਾਂ ਕਿ ਸਾਨੂੰ ਦੁਖ ਕਲੇਸ਼ ਵਿਚੋਂ ਕੱਢ? ਇਹ ਗੱਲ ਇਕ ਦਿਨ ਸਵਾਮੀ ਜੀ ਨੇ ਆਸ਼ਰਮ ਦੇ ਛੋਟੇ ਜਿਹੇ ਕਮਰੇ ਵਿਚ ਬੈਠਿਆਂ ਪੁਛੀ। ਫਰਵਰੀ ਦਾ ਮਹੀਨਾ ਸੀ ਚੰਗਾ ਠੰਢਾ ਮੌਸਮ ਸੀ, ਅਸੀਂ ਆਪਣੇ ਆਪ ਨੂੰ ਨਿੱਘਾ ਰੱਖਣ ਦੀ ਕੋਸ਼ਿਸ਼ ਕਰ ਰਹੇ ਸੀ। ਮੈਂ ਗੁਰੂ ਜੀ ਹਾਂ ਇਸ ਗੱਲ ਦੀ ਮੈਨੂੰ ਬਹੁਤ ਹੀ ਖੁਸ਼ੀ ਸੀ ਤੇ ਮੈਂ ਇਸ ਗੱਲ ਦਾ ਅਨੰਦ ਮਾਣ ਰਿਹਾ ਸੀ। ਅਸੀਂ ਅੱਗ ਦੇ ਆਲੇ ਦੁਆਲੇ ਬੈਠੇ ਸੀ, ਥਰੀਸਾ ਜ਼ਮੀਨ ਤੇ ਸਵਾਮੀ ਜੀ ਦੇ ਸਾਮ੍ਹਣੇ ਬੈਠੀ ਸੀ। ਸਵਾਮੀ ਜੀ ਸਾਡੇ ਦੋਨਾਂ ਦੇ ਵਿਚਕਾਰ ਬੈਠੇ ਸੀ। ਸਵਾਮੀ ਜੀ ਕਹਿਣ ਲੱਗੇ, ਲੋਕੀ ਤਾਂ ਇਸ ਤਰ੍ਹਾਂ ਪ੍ਰਮਾਤਮਾ ਨੂੰ ਅਰਦਾਸਾਂ ਕਰਦੇ ਹਨ ਜਿਵੇਂ ਪ੍ਰਮਾਤਮਾ ਨੇ ਹੀ ਲੋਕਾਂ ਨੂੰ ਮੁਸ਼ਕਲਾਂ ਵਿਚ ਤਕਲੀਫਾਂ ਵਿਚ ਪਾਇਆ ਹੋਵੇ, ਜੇ ਪ੍ਰਮਾਤਮਾ ਚੰਗਾ ਹੈ ਤੇ ਉਹ ਤੁਹਾਡੇ ਲਈ ਕੋਈ ਵੀ ਮੁਸ਼ਕਲ ਨਹੀਂ ਖੜ੍ਹੀ ਕਰਦਾ। ਕੋਈ ਔਖਿਆਈ ਨਹੀਂ ਆਣ ਦਿੰਦਾ, ਅਸੀਂ ਕਿਉਂ ਕਹਿੰਦੇ ਹਾਂ ਪ੍ਰਮਾਤਮਾ ਇਹ ਕਰਦੇ, ਉਹ ਕਰਦੇ ਇਸ ਤਰ੍ਹਾਂ ਕਰਦੇ? ਅਰਦਾਸ ਕਰਕੇ ਸਾਨੂੰ ਉਤਸ਼ਾਹ ਮਿਲਦਾ ਹੈ, ਪਰ ਜਿਥੋਂ ਤਕ ਸਮੱਸਿਆਵਾਂ ਦਾ ਸੁਆਲ ਹੈ ਉਹ ਤਾਂ ਸਾਡੀਆਂ ਆਪਣੀਆਂ ਹੀ ਬਣਾਈਆਂ ਹੋਈਆਂ ਹਨ। ਅਸੀਂ ਹੀ ਉਨ੍ਹਾਂ ਦਾ ਹੱਲ ਕੱਢਣਾ ਹੈ, ਅਸੀਂ ਆਪ ਹੀ ਉਨ੍ਹਾਂ ਤੋਂ ਛੁਟਕਾਰਾ ਪਾਉਣਾ ਹੈ, ਮਹਾਂਪੁਰਖ ਕਦੀ ਵੀ ਔਖੇ ਵੇਲੇ ਪ੍ਰਮਾਤਮਾ ਤੋਂ ਕੁਝ ਨਹੀਂ ਮੰਗਦੇ।

ਇਹ ਇਕ ਬਿਲਕੁਲ ਨਵਾਂ ਵਿਚਾਰ ਸੀ ਕਿ ਮਹਾਂਪੁਰਖ ਆਪਤੀ ਦੇ ਸਮੇਂ ਪ੍ਰਮਾਤਮਾ ਤੋਂ ਕੁਝ ਨਹੀਂ ਮੰਗਦੇ। ਮੇਰਾ ਮਨ ਇਕ ਦਮ ਪਿਛੇ ਮੇਰੇ ਨਾਲ ਹੋਇਆ ਉਥੇ ਦੌੜ ਗਿਆ ਤੇ ਮੈਂ ਸੋਚਣ ਲਗ ਪਿਆ। ਮੈਂ ਕੀ ਕਰਦਾ ਰਿਹਾ ਹਾਂ ਜਿਵੇਂ ਹੀ ਸਵਾਮੀ ਜੀ ਬਚਨ ਕਰ ਰਹੇ ਸੀ, ਮੈਂ ਸੋਚ ਰਿਹਾ ਸੀ ਕਿ ਪੱਛਮੀ ਲੋਕ ਪ੍ਰਮਾਤਮਾ ਨੂੰ ਇਕ ਨਾਇਕ ਦੀ ਤਰ੍ਹਾਂ ਦੇਖਦੇ ਹਨ।

ਸਵਾਮੀ ਜੀ ਨੇ ਇਕ ਦਮ ਮੇਰੇ ਵਿਚਾਰ ਪਕੜ ਲਏ ਤੇ ਕਹਿਣ ਲੱਗੇ ਨਾਇਕ ਦੀ ਪੂਜਾ ਬਹੁਤ ਵਾਰੀ ਪੁਰਾਤਨ ਗਿਆਨ ਵਿਚ ਬਾਧਾ ਪੈਦਾ ਕਰ ਦਿੰਦੀ ਹੈ। ਕ੍ਰਿਸ਼ਨ ਜੀ ਨੇ ਵੀ ਗੀਤਾ ਵਿਚ ਕਿਹਾ ਹੈ ਕਿ ਉਹ ਪੁਰਾਤਨ ਗਿਆਨ ਨੂੰ ਸੋਧ ਕੇ ਸਮੇਂ ਅਨੁਸਾਰ ਅੱਗੇ ਰੱਖ ਰਹੇ ਹਨ। ਸਵਾਮੀ ਜੀ ਕਹਿਣ ਲੱਗੇ, ਮੈਨੂੰ ਇਹ ਦੇਖ ਕੇ ਦੁਖ ਹੁੰਦਾ ਹੈ ਕਿ ਇਸਾਈਆਂ ਨੇ ਕਿਵੇਂ ਯਸੂ ਮਸੀਹ ਨੂੰ ਗਲਤ ਤਰ੍ਹਾਂ ਨਾਲ ਲੋਕਾਂ ਅੱਗੇ ਰੱਖਿਆ ਹੈ।

ਮੈਂ ਪੁਛਿਆ, "ਸਵਾਮੀ ਜੀ ਉਹ ਕਿਸ ਤਰ੍ਹਾਂ?"

"ਈਸਾਈਆਂ ਨੇ ਆਪਣੇ ਆਪ ਨੂੰ ਯਸੂ ਮਸੀਹ ਤੋਂ ਐਨਾ ਦੂਰ ਕਰ ਲਿਆ ਹੈ, ਐਨਾ ਦੂਰ ਕਰ ਲਿਆ ਹੈ ਕਿ ਉਹ ਯਸੂ ਮਸੀਹ ਦੇ ਗੁਣ ਜਾਣ ਹੀ ਨਹੀਂ ਸਕਦੇ। ਕਦੇ ਉਨ੍ਹਾਂ ਨੂੰ ਅਪਣਾਅ ਹੀ ਨਹੀਂ ਸਕਦੇ।

ਮੈਂ ਕਿਹਾ ਪਰ ਸਵਾਮੀ ਜੀ ਬਹੁਤ ਸਾਰੇ ਈਸਾਈ ਇਸ ਤਰ੍ਹਾਂ ਦੇ ਹਨ ਜਿਹੜੇ ਆਪਣੇ ਜੀਵਨ ਬੜੇ ਸਦਾਚਾਰਕ ਢੰਗ ਨਾਲ ਜੀਉਂਦੇ ਹਨ ਤੇ ਦੂਸਰਿਆਂ ਦੀ ਸਹਾਇਤਾ ਕਰਦੇ ਹਨ।

ਸਵਾਮੀ ਜੀ ਨੇ ਮੇਰੇ ਵਲ ਦੇਖਿਆ ਤੇ ਕਹਿਣ ਲੱਗੇ, ਕੀ ਈਸਾਈ ਮੱਤ ਬਸ ਇਹ ਹੀ ਹੈ, ਐਨਾ ਹੀ ਈਸਾਈ

ਮੱਤ ਵਿਚ ਹੈ?

ਮੈਂ ਸੁਣ ਕੇ ਹੱਕਾ ਬੱਕਾ ਰਹਿ ਗਿਆ। ਇਸ ਤੋਂ ਪਹਿਲਾਂ ਕਿ ਮੈਂ ਕੋਈ ਜਵਾਬ ਦਿੰਦਾ, ਸਵਾਮੀ ਜੀ ਨੇ ਆਪਣੇ ਪ੍ਰਵਚਨ ਚਾਲੂ ਰੱਖੇ।

ਚਾਹੇ ਉਹ ਯਸੂ ਮਸੀਹ ਹੈ, ਚਾਹੇ ਬੁੱਧ ਹੈ, ਚਾਹੇ ਕ੍ਰਿਸ਼ਨ ਜੀ ਹਨ। ਇਹ ਸਾਰੇ ਹੀ ਇਸ ਗੱਲ ਦੇ ਪ੍ਰਤੀਕ ਹਨ ਕਿ ਇਨਸਾਨ ਕੀ ਬਣ ਸਕਦਾ ਹੈ, ਮਨੁੱਖ ਦੇ ਅੰਦਰ ਕਿਸ ਤਰ੍ਹਾਂ ਦੀਆਂ ਯੋਗਤਾਵਾਂ ਭਰੀਆਂ ਪਈਆਂ ਹਨ ਤੇ ਉਹ ਕੀ ਨਹੀਂ ਕਰ ਸਕਦਾ। ਕੀ ਅਸੀਂ ਇਨ੍ਹਾਂ ਸਾਰਿਆਂ ਦੀ ਪੂਜਾ ਹੀ ਕਰਨੀ ਹੈ? ਇਹ ਸਾਰੇ ਤਾਂ ਸਾਡਾ ਮਾਰਗ ਦਰਸ਼ਨ ਕਰ ਰਹੇ ਹਨ। ਅਸੀਂ ਕੀ ਕਰ ਸਕਦੇ ਹਾਂ, ਅਸੀਂ ਉਨ੍ਹਾਂ ਦੀ ਪੂਜਾ ਨਹੀਂ ਕਰਨੀ। ਅਸੀਂ ਉਹ ਬਣਨਾ ਹੈ ਜੋ ਉਹ ਹਨ, ਉਹ ਬਣਨਾ ਹੈ ਤੇ ਉਸ ਤੋਂ ਵੀ ਅੱਗੇ ਜਾਣਾ ਹੈ। ਈਸਾਈ ਤਾਂ ਕੇਵਲ ਆਪਣੇ ਪਾਪ ਹੀ ਧੋਂਦੇ ਰਹਿ ਗਏ। ਉਹ ਸਤਿ ਨੂੰ ਤਾਂ ਭੁੱਲ ਹੀ ਗਏ ਹਨ, ਸਤਿ ਕੀ ਹੈ, ਉਸ ਦੀ ਪ੍ਰਾਪਤੀ ਕਿਵੇਂ ਹੋਣੀ ਹੈ।

ਕਿਹੜੇ ਮੂਲ ਤੱਤ ਆਪ ਜੀ ਕਹਿ ਰਹੇ ਹੋ।

ਈਸਾਈ ਆਪਣੀ ਸੋਚ ਵਿਚ ਉਲਝੇ ਪਏ ਹਨ, ਜਦੋਂ ਉਹ ਯਸੂ ਮਸੀਹ ਨੂੰ ਪੂਜਦੇ ਹਨ। ਉਹ ਆਪਣੇ ਆਪ ਨੂੰ ਤੁਛ ਕਿਉਂ ਸਮਝਦੇ ਹਨ? ਇਹ ਵਿਚਾਰ ਉਨ੍ਹਾਂ ਨੂੰ ਨਿਰਭਰ ਬਣਾਉਂਦਾ ਹੈ, ਇਸ ਕਾਰਣ ਉਹ ਆਪਣੇ ਅੰਦਰ ਬੈਠਾ ਪ੍ਰਮਾਤਮਾ ਨਹੀਂ ਦੇਖਦੇ, ਉਨ੍ਹਾਂ ਦੇ ਭੈ ਇਕ ਐਸੇ ਪ੍ਰਮਾਤਮਾ ਦਾ ਨਿਰਮਾਣ ਕਰ ਦਿੰਦਾ ਹੈ, ਜਿਹੜਾ ਉਨ੍ਹਾਂ ਦੀਅ ਲੋੜਾਂ ਪੂਰੀਆਂ ਕਰੇ, ਉਨ੍ਹਾਂ ਦਾ ਭਰੋਸਾ ਉਨ੍ਹਾਂ ਨੂੰ ਅਧੂਰਾ ਬਣਾ ਦਿੰਦਾ ਹੈ, ਮੇਰੇ ਲਈ ਇਹ ਮੰਨਣਾ ਬੜਾ ਔਖਾ ਹੈ ਕਿ ਪ੍ਰਮਾਤਮਾ ਜਿਹੜਾ ਪਿਆਰ ਦਾ ਸਾਗਰ ਹੈ, ਪਿਆਰ ਦੀ ਮੂਰਤੀ ਹੈ, ਉਹ ਉਨ੍ਹਾਂ ਲਈ ਸਮੱਸਿਆ ਕਿਵੇਂ ਖੜ੍ਹੀ ਕਰ ਸਕਦਾ ਹੈ। ਮੈਂ ਤੇ ਜੋ ਕੁਝ ਵੀ ਪੜ੍ਹਿਆ ਹੈ ਮੈਨੂੰ ਤਾਂ ਕਿਤੇ ਵੀ ਇਹੋ ਜਿਹਾ ਪ੍ਰਮਾਤਮਾ ਨਹੀਂ ਮਿਲਿਆ। ਮੇਰੇ ਲਈ ਤਾਂ ਪਰਮਾਤਮਾ ਨਾ ਤਾਂ ਬਦਲਾ ਲੈਣ ਵਾਲਾ ਹੈ ਨਾ ਹੀ ਸਮੱਸਿਆ ਖੜ੍ਹੀਆਂ ਕਰਨ ਵਾਲਾ ਹੈ। ਲੋਕੀ ਆਪਣੇ ਲਈ ਸਮੱਸਿਆਵਾਂ ਆਪ ਖੜ੍ਹੀਆਂ ਕਰਦੇ ਹਨ, ਲੋਕੀ ਆਪ ਆਪਣੀਆਂ ਜ਼ਿੰਮੇਵਾਰੀਆਂ ਤੋਂ ਦੌੜਦੇ ਹਨ ਤੇ ਦੋਸ਼ ਪ੍ਰਮਾਤਮਾ ਨੂੰ ਦਿੰਦੇ ਹਨ। ਵਿਸ਼ਵਾਸ਼, ਭਰੋਸਾ ਕਰਨਾ, ਬਾਈਬਲ ਪੜ੍ਹਨੀ ਇਹ ਗੱਲਾਂ ਨਿੱਜੀ ਜੀਵਨ ਨੂੰ ਧਰਵਾਸ ਦੇ ਸਕਦੀਆਂ ਹਨ ਪਰ ਮੁਕਤ ਨਹੀਂ ਕਰ ਸਕਦੀਆਂ। ਸੁਤੰਤਰ ਨਹੀਂ ਕਰ ਸਕਦੀਆਂ। ਵਿਅਕਤੀਤ੍ਵ ਦੀ ਉਸਾਰੀ ਵਿਅਕਤੀਤ੍ਵ ਦਾ ਪਰਿਵਰਤਨ, ਕਾਇਆ ਕਲਪ, ਤਦ ਹੀ ਹੋ ਸਕਦਾ ਹੈ ਜਦੋਂ ਤੁਸੀਂ ਆਪਾ ਚੀਨਦੇ ਹੋ, ਅੰਦਰ ਜਾਂਦੇ ਹੋ, ਇਹ ਦੇਖਦੇ ਹੋ ਕਿ ਪ੍ਰਮਾਤਮਾ ਤੁਹਾਡੇ ਅੰਦਰ ਹੀ ਹੈ।

ਸਾਡੀ ਆਪਣੇ ਗੁਆਢੀਆਂ ਨਾਲ ਨਹੀਂ ਬਣਦੀ, ਫੇਰ ਵੀ ਅਸੀਂ ਪ੍ਰਮਾਤਮਾ ਨਾਲ ਇਕ ਹੋਣਾ ਚਾਹੁੰਦੇ ਹਾਂ। ਅਸੀਂ ਸਮਝਦੇ ਹੀ ਨਹੀਂ, ਉਹ ਰਿਸ਼ਤਾ ਕੀ ਹੈ? ਬਜਾਇ ਏਸ ਦੇ ਕਿ ਅਸੀਂ ਸੰਸਾਰਕ ਜ਼ਿੰਮੇਵਾਰੀਆਂ ਪੂਰੀਆਂ ਕਰਦਿਆਂ ਹੋਇਆਂ ਪ੍ਰਮਾਤਮਾ ਨੂੰ ਪਿਆਰ ਕਰੀਏ, ਪਰ ਹੁੰਦਾ ਕੀ ਹੈ ਜਿਹੜੇ ਕਹਿੰਦੇ ਹਨ ਅਸੀਂ ਪ੍ਰਭੂ ਤੇ ਭਰੋਸਾ ਰਖਦੇ ਹਾਂ, ਵਿਸ਼ਵਾਸ਼ ਰਖਦੇ ਹਾਂ ਉਹ ਇਸ ਤੋਂ ਬਿਲਕੁਲ ਉਲਟ ਹੀ ਚਲਦੇ ਹਨ। ਉਹ ਆਪਣੇ ਤੇ ਸੰਸਾਰ ਤੋਂ ਦੋਨਾਂ ਤੋਂ ਹੀ ਵਿਪਰੀਤ ਹੋ ਜਾਂਦੇ ਹਨ। ਮਹਾਂਪੁਰਖਾਂ ਦਾ ਮਾਰਗ ਇਕ ਮਜ਼ਬ ਦੇ ਅਨੁਆਈ ਤੋਂ ਬਿਲਕੁਲ ਵਖਰਾ ਹੈ। ਮਹਾਂਪੁਰਖ ਪ੍ਰਮਾਤਮਾ ਦੀ ਖੋਜ ਨਹੀਂ ਕਰਦਾ, ਉਹ ਜੀਵਾਂ ਨੂੰ ਪਿਆਰ ਕਰਦਾ ਹੈ, ਹਰ ਇਕ ਨੂੰ ਪਿਆਰ, ਹਰ ਇਕ ਚੀਜ਼ ਵਿਚ ਪ੍ਰਭੂ ਹੀ ਦੇਖਦਾ ਹੈ, ਮਹਾਂਪੁਰਖ ਤਾਂ ਸਦਾ ਹੀ ਪ੍ਰਮਾਤਮਾ ਦੇ ਨਾਲ ਹਨ। ਪ੍ਰਮਾਤਮਾ ਉਨ੍ਹਾਂ ਦੇ ਅੰਗ ਸੰਗ ਹੈ। ਉਹ ਤਾਂ ਕਦੀ ਪ੍ਰਮਾਤਮਾ ਨਾਲ ਗੱਲਬਾਤ ਨਹੀਂ ਕਰ ਸਕਦੇ, ਚਿੰਤਾ ਜਨਕ ਲੋਕੀ ਪ੍ਰਭੂ ਨਾਲ ਗੱਲ ਕਰਦੇ ਹਨ।

ਸਵਾਮੀ ਜੀ ਉਦਾਸ ਹੋ ਗਏ, ਉਨ੍ਹਾਂ ਨੇ ਇਕ ਘੁੱਟ ਨਿੰਬੂ ਵਾਲੀ ਚਾਹ ਪੀਤੀ ਤੇ ਕੁਝ ਮਿੰਟ ਬਾਅਦ ਫੇਰ ਆਪਣੇ ਪ੍ਰਵਚਨ ਚਾਲੂ ਕੀਤੇ। ਮੈਨੂੰ ਇਹ ਐਨਾ ਅਜੀਬ ਲਗਦਾ ਹੈ ਕਿ ਮਜ਼ਹਬ ਦੇ ਨਾਮ ਤੇ ਲੋਕੀ ਇਕ ਦੂਸਰੇ ਨੂੰ ਮਾਰਦੇ ਹਨ, ਫੇਰ ਉਸ ਮਾਰਣ ਨੂੰ ਮਜ਼ਹਬ ਦੇ ਨਾਮ ਤੇ ਕਹਿੰਦੇ ਹਨ ਕਿ ਅਸੀਂ ਠੀਕ ਕੀਤਾ ਹੈ, ਆਪਣੇ ਮਜ਼ਹਬ ਦੀ ਰੱਖਿਆ ਲਈ ਕੀਤਾ। ਇਹ ਗੱਲ ਪੂਰਬ ਪੱਛਮ ਦੋਨਾਂ ਵਿਚ ਹੀ ਹੁੰਦੀ ਹੈ। ਇਹ ਸਦਾ ਤੋਂ ਹੁੰਦਾ ਆਇਆ ਹੈ ਤੇ ਹੋ ਰਿਹਾ ਹੈ। ਅੰਦਰ ਦੀ ਸ਼ਕਤੀ ਤਾਂ ਸ਼ਾਂਤ ਹੋਣ, ਸਥਿਰ ਤੇ ਨਿਰਮਲ ਹੋਣ ਨਾਲ ਆਉਂਦੀ ਹੈ। ਜਦੋਂ ਤੁਸੀਂ ਸ਼ਾਂਤ ਹੁੰਦੇ ਹੋ, ਤੁਸੀਂ ਕਿੰਨੇ ਸ਼ਕਤੀਸ਼ਾਲ ਹੁੰਦੇ ਹੋ, ਏਸੇ ਕਰਕੇ ਆਤਮ ਮਾਰਗ ਦੀ ਪਹਿਲੀ ਪੌੜੀ ਪ੍ਰਭੂ ਦੀ ਸੋਚ ਨਹੀਂ, ਆਤਮ ਮਾਰਗ ਦੀ ਪਹਿਲੀ ਪੌੜੀ ਮਨ ਨੂੰ ਕਾਬੂ ਕਰਨਾ ਹੈ, ਤਾਂ ਜੋ ਜਦੋਂ ਇਕ ਵਾਰੀ ਮਨ ਵਸ ਹੋ ਜਾਂਦਾ ਹੈ, ਸਮਸਿਆ ਪੈਦਾ ਕਰਨ ਵਾਲਾ ਕੁਝ ਰਹਿੰਦਾ ਹੀ ਨਹੀਂ।

ਮੇਰਾ ਮਨ ਇਕ ਦਮ ਪਿਛੇ ਧਰਮ ਯੁੱਧਾਂ ਵਲ ਚਲਾ ਗਿਆ। ਜਿਹੜੀਆਂ ਲੜਾਈਆਂ ਮਜ਼ਹਬ ਦੇ ਨਾਮ ਤੇ ਹੁੰਦੀਆਂ ਰਹੀਆਂ, ਉਨ੍ਹਾਂ ਵਲ ਚਲਾ ਗਿਆ। ਪੱਛਮ ਵਿਚ ਜੋ ਕੁਝ ਹੁੰਦਾ ਰਿਹਾ, ਚਰਚਾ ਵਿਚ ਉਨ੍ਹਾਂ ਦੀ ਹੱਤਿਆ ਜਿਹੜੇ ਆਪਣੇ ਆਪ ਨੂੰ ਬਿਮਾਰੀਆਂ ਠੀਕ ਕਰਨ ਵਾਲੇ ਅਖਵਾਉਂਦੇ ਸੀ। ਬਿਸ਼ਪ ਖੜ੍ਹਾ ਹੋ ਕੇ ਉਨ੍ਹਾਂ ਜਹਾਜ਼ਾਂ ਨੂੰ ਅਸ਼ੀਰਵਾਦ ਦੇ ਰਿਹਾ ਹੈ ਜਿਹਡੇ ਵੀਤਨਾਮ ਵਿਚ ਬੰਬ ਲੈ ਕੇ ਜਾ ਰਹੇ ਹਨ। ਕੋਰੀਆ ਵਿਚ ਬੰਬ ਲੈ ਕੇ ਜਾ ਰਹੇ ਹਨ। ਜਿਵੇਂ ਮੈਂ ਵੱਡਾ ਹੁੰਦਾ ਗਿਆ, ਮੈਂ ਦੇਖਦਾ ਗਿਆ, ਕਿਵੇਂ ਦੋਨੋਂ ਬੜੇ ਆਪਣੇ ਆਪਣੇ ਵਿਸ਼ਵਾਸ਼ ਨੂੰ ਬਚਾਣ ਵਿਚ

ਉਸ ਨੂੰ ਠੀਕ ਸਿੱਧ ਕਰਨ ਵਿਚ ਲੱਗੇ ਹੋਏ ਹਨ। ਇਹ ਸਾਫ ਦਿਸ ਰਿਹਾ ਸੀ ਕਿ ਸਭ ਦਾ ਪ੍ਰਮਾਤਮਾ ਵੱਖ-ਵੱਖ ਹੈ। ਇਕ ਦਾ ਯਸੂ ਮਸੀਹ ਦੂਸਰੇ ਨਾਲ ਨਹੀਂ ਸੀ ਮੇਲ ਖਾਂਦਾ। ਬੈਪਟਿਸਟ ਦਾ ਯਸੂ ਮਸੀਹ ਹੋਰ ਹੈ। ਕੈਲਵੀਨਿਸਟਕ ਦਾ ਹੋਰ ਹੈ। ਲੂਥੇਰੀਅਨ ਦਾ ਹੋਰ ਹੈ। ਕੈਥੋਲਿਕ ਦਾ ਹੋਰ ਹੈ ਆਦਿਵਾਸੀਆਂ ਦੀ ਲੜਾਈ ਵਖਰੀ ਹੀ ਹੈ। ਭਰੋਸੇ ਵਾਲਿਆਂ ਦਾ, ਵਿਸ਼ਵਾਸ਼ੀਆਂ ਦਾ ਭਰੋਸਾ ਏਨਾ ਹੀ ਸੀ ਕਿ ਉਹ ਤਾਂ ਆਦਿਵਾਸੀ ਦੇਵੀ ਦੇਵਤਾ ਦੇ ਨੇੜੇ ਹੀ ਆਪਣੇ ਆਪ ਨੂੰ ਸੁਰਖਿਅਤ ਮਹਿਸੂਸ ਕਰਦੇ ਸੀ। ਹਰ ਇਕ ਗਰੋਹ ਇਹ ਮਹਿਸੂਸ ਕਰਦਾ ਸੀ, ਇਹ ਵਿਸ਼ਵਾਸ਼ ਰਖਦਾ ਸੀ ਕਿ ਉਨ੍ਹਾਂ ਦਾ ਮਜ਼ਹਬ ਹੀ ਠੀਕ ਹੈ, ਸਭ ਤੋਂ ਉਤਮ ਹੈ। ਉਹ ਪ੍ਰਾਰਥਨਾ ਕਰਦੇ ਸੀ ਤੇ ਇਹ ਆਸ ਰਖਦੇ ਸੀ ਕਿ ਪ੍ਰਮਾਤਮਾ ਉਨ੍ਹਾਂ ਨੂੰ ਸੰਕਟ ਵਿਚੋਂ ਕੱਢੇਗਾ ਤੇ ਸ਼ਤਰੂ ਦਾ ਨਾਸ ਕਰੇਗਾ। ਮੈਨੂੰ ਸਦਾ ਇਹ ਹੀ ਲਗਦਾ ਰਿਹਾ ਹੈ ਕਿ ਮਜ਼ਹਬ ਗਲਤ ਰਸਤੇ ਤੇ ਚਲ ਰਿਹਾ ਹੈ।

ਬੜੀ ਦੇਰ ਚੁੱਪ ਰਹਿਣ ਤੋਂ ਬਾਅਦ ਮੈਂ ਪੁਛਿਆ, ਚਰਚਾਂ ਵਿਚ ਕੀ ਖਰਾਬੀ ਹੈ?

ਉਹ ਅਨੁਸਾਸ਼ਨ ਦਾ ਮਾਰਗ ਕਿਵੇਂ ਹੈ ਜਿਸ ਤੇ ਚਲ ਕੇ ਤੁਸੀਂ ਪ੍ਰਬੁੱਧ ਚੇਤਨਤਾ ਪਰਾ ਚੇਤਤਨਾ ਤੇ ਪਹੁੰਚ ਸਕਦੇ ਹੋ, ਕਿਥੇ ਹੈ ਉਹ ਮੈਂ ਜਾਨਣਾ ਚਾਹਵਾਂਗਾ? ਸਵਾਮੀ ਜੀ ਨੇ ਪੁਛਿਆ।

ਉਨ੍ਹਾਂ ਨੂੰ ਲੋੜ ਕਿਉਂ ਹੈ? ਮੈਂ ਪੁਛਿਆ, ਮੈਂ ਸੋਚਿਆ ਸਵਾਮੀ ਜੀ ਹੋਰ ਵਿਸਤਾਰ ਨਾਲ ਅੱਗੋਂ ਦੱਸਣਗੇ ਤੇ ਮੈਂ ਹੋਰ ਗਿਆਨ ਪ੍ਰਾਪਤ ਕਰ ਸਕਾਂਗਾ।

ਮੈਨੂੰ ਕੋਈ ਇਕੱਲਾ, ਕੋਈ ਵਿਗਿਆਨ, ਕੋਈ ਫਿਲੋਸਫੀ ਕੁਝ ਵੀ ਦਿਖਾਓ ਜਿਸ ਨੇ ਉਚਾਈਆਂ ਦੀ ਪ੍ਰਾਪਤੀ ਬਿਨਾ ਅਨੁਸਾਸ਼ਨ ਤੋਂ ਕੀਤੀ ਹੋਵੇ। ਅਨੁਸਾਸ਼ਨ ਦੇ ਬਿਨਾਂ ਸੋਚਣਾ ਅਨੁਸਾਸ਼ਨ ਦੇ ਬਿਨਾਂ ਜੀਣਾ ਮਨੁੱਖ ਦੇ ਜੀਵਨ ਵਿਚ ਉਥੱਲ-ਪੁਥੱਲ ਪੈਦਾ ਕਰ ਸਕਦਾ ਹੈ। ਈਸਾਈ ਆਤਮਾ ਦੇ ਭੁੱਖੇ ਹਨ, ਪਰ ਉਹ ਜਾਣਦੇ ਨਹੀਂ ਕਿ ਉਹ ਕੀ ਲੱਭ ਰਹੇ ਹਨ। ਉਨ੍ਹਾਂ ਨੂੰ ਸਿਖਿਆ ਇਹ ਹੀ ਦਿਤੀ ਗਈ ਹੈ ਕਿ ਉਹ ਅਨੁਭਵ ਤੋਂ ਬਿਨਾਂ ਹੀ ਮੰਨ ਲੈਣ। ਮੁਕਤੀ ਵਿਚ ਵਿਸ਼ਵਾਸ਼ ਰੱਖਣ ਦਾ ਕੀ ਭਾਵ ਹੈ, ਜਦੋਂ ਤੁਸੀਂ ਹਾਲੇ ਦੁਖੀ ਹੋ, ਚਿੰਤਾ ਤੇ ਦੁਖ ਨਾਲ ਤਾਂ ਕੋਈ ਵੱਡਾ ਨਹੀਂ ਬਣਦਾ। ਚਿੰਤਾ ਤੇ ਦੁਖ ਨਾਲ ਤਾਂ ਤੁਸੀਂ ਦਬੇ ਰਹਿੰਦੇ ਹੋ। ਅਮਰੀਕਨਾਂ ਦਾ ਵਿਸ਼ਵਾਸ਼ ਹੈ ਕਿ ਬਿਨਾਂ ਦੁਖ ਸਹੇ ਕੁਝ ਪ੍ਰਾਪਤੀ ਨਹੀਂ ਹੁੰਦੀ। ਇਹ ਹੀ ਵਿਸ਼ਵਾਸ਼ ਉਹ ਮਜ਼ਹਬ ਵਿਚ ਲਾਗੂ ਕਰਦੇ ਹਨ।

ਮੈਂ ਸਵਾਮੀ ਜੀ ਨੂੰ ਪੁਛਿਆ ਕਿ ਈਸਾਈਆਂ ਨੂੰ ਕਿਸ ਗੱਲ ਦੀ ਰੋਕ ਹੈ ਕਿ ਉਹ ਪਰਾ ਚੇਤਨਤਾ ਤਕ ਕਿਉਂ ਨਹੀਂ ਜਾਂਦੇ, ਕਿਉਂ ਉਥੇ ਦੀ ਗੱਲ ਨਹੀਂ ਕਰਦੇ।

ਈਸਾਈਆਂ ਨੇ ਆਸਥਾ ਨੂੰ ਅਨੁਭਵ ਵਿਚ ਤਾਂ ਰੱਖ ਲਿਆ ਹੈ, ਇਸ ਭਰੋਸੇ ਕਰਕੇ ਹੀ ਈਸਾਈ ਆਪਣੀ ਜੀਵਨ ਸ਼ਕਤੀ ਤੇ ਭਰੋਸਾ ਨਹੀਂ ਰਖਦੇ। ਉਸ ਨੂੰ ਮੰਨਦੇ ਹੀ ਨਹੀਂ, ਈਸਾਈ ਲੋਕ ਬੜੇ ਹੀ ਉਤਮ ਲੋਕਾਂ ਵਿਚੋਂ ਹਨ, ਭਰੋਸੇ ਮੰਦ ਹਨ, ਮੈਂ ਆਪਣੇ ਜੀਵਨ ਵਿਚ ਬਹੁਤ ਹੀ ਚੰਗੇ ਈਸਾਈਆਂ ਨੂੰ ਮਿਲਿਆ ਹਾਂ। ਜਿਥੋਂ ਤਕ ਉਨ੍ਹਾਂ ਦੇ ਅਧਿਆਤਮਵਾਦ ਦਾ ਪ੍ਰਸ਼ਨ ਹੈ, ਉਹ ਬਹੁਤ ਹੀ ਪਿਛੇ ਹਨ। ਉਨ੍ਹਾਂ ਨੇ ਬਹੁਤ ਕੁਝ ਛੱਡਿਆ ਹੋਇਆ ਹੈ। ਆਤਮ ਮਾਰਗ ਤੇ ਉਨ੍ਹਾਂ ਦਾ ਵਿਕਾਸ ਕਿਸੇ ਵਿਧੀਪੂਰਬਕ ਹੈ ਹੀ ਨਹੀਂ, ਉਹ ਤਾਂ ਪ੍ਰਾਰਥਨਾ ਕਰਦੇ ਹਨ। ਕਰਮ ਕਾਂਡ ਕਰਦੇ ਹਨ, ਵਹਿਮਾਂ ਭਰਮਾਂ ਵਿਚ ਪਏ ਹੋਏ ਹਨ। ਜਿਥੋਂ ਤਕ ਚੇਤਨਤਾ ਨੂੰ ਸਮਝਣ ਦੀ ਗੱਲ ਹੈ, ਆਤਮਾ ਦੇ ਅਨੁਭਵ ਦਾ ਸਵਾਲ ਹੈ ਇਹ ਲੋਕ ਬਿਲਕੁਲ ਇਸ ਤੋਂ ਵਾਂਝੇ ਹਨ। ਇਸ ਚੀਜ਼ ਦੀ ਪੂਰਤੀ ਉਹ ਚਰਚ ਦੇ ਰੂਲ, ਚਰਚ ਦੇ ਅਨੁਸਾਸ਼ਨ ਵਿਚ ਰਹਿ ਕੇ ਪੂਰੀ ਕਰਦੇ ਹਨ। ਕਿੰਨਿਆਂ ਨੂੰ ਪਰਾ ਚੇਤਨਤਾ ਦਾ ਪਤਾ ਹੈ? ਕਿੰਨੇ ਲੋਕ ਜਾਣਦੇ ਹਨ? ਈਸਾਈਆਂ ਨੂੰ ਅੰਦਰ ਜਾਣ ਲਈ ਉਤਸਾਹਿਤ ਹੀ ਨਹੀਂ ਕੀਤਾ ਜਾਂਦਾ। ਸਗੋਂ ਉਨ੍ਹਾਂ ਨੂੰ ਮਨ੍ਹਾ ਕੀਤਾ ਜਾਂਦਾ ਹੈ, ਉਨ੍ਹਾਂ ਨੂੰ ਉਸ ਰਾਹ ਤੇ ਪਾਇਆ ਹੀ ਨਹੀਂ ਜਾਂਦਾ, ਜਿਥੇ ਉਹ ਅਧਿਆਤਮਕ ਉਚਾਈਆਂ ਛੋਹ ਸਕਣ, ਆਪਣੇ ਆਪ ਨੂੰ ਉਸ ਉਚੇ ਪੱਧਰ ਤੇ ਜਾਣ ਸਕਣ। ਕਿੰਨਿਆਂ ਨੇ ਅੱਜ ਤਕ ਆਪਣੇ ਵਿਸ਼ਵਾਸ਼ ਦੇ ਸਰੋਤ ਨੂੰ ਜਾਨਣ ਦੀ ਕੋਸ਼ਿਸ਼ ਕੀਤੀ ਹੈ ਉਥੇ ਤਕ ਪਹੁੰਚਣ ਦੀ ਕੋਸ਼ਿਸ਼ ਕੀਤੀ ਹੈ। ਕੀ ਪ੍ਰਮਾਤਮਾ ਏਨਾ ਹੀ ਸੀਮਤ ਹੈ ਕਿ ਉਹ ਆਪਣੇ ਭਗਤਾਂ ਨੂੰ ਕੇਵਲ ਵਿਸ਼ਵਾਸ਼ ਤੇ ਭਰੋਸਾ ਹੀ ਦੇ ਸਕਦਾ ਹੈ?

ਇਨ੍ਹਾਂ ਹਾਲਾਤਾਂ ਵਿਚ ਈਸਾਈ ਕੀ ਕਰ ਸਕਦੇ ਹਨ? ਮੈਂ ਸਵਾਮੀ ਜੀ ਨੂੰ ਪੁਛਿਆ।

ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਵਿਸ਼ਵਾਸ਼ ਨੂੰ, ਆਪਣੇ ਭਰੋਸੇ ਨੂੰ ਆਪਣੀ ਨਿਸ਼ਠਾ ਨੂੰ ਜਾਚਣ, ਦੇਖਣ, ਬੜੇ ਹੀ ਠੰਢੇ ਦਿਮਾਗ ਨਾਲ ਇਹ ਸਭ ਕੁਝ ਦਾ ਨਰੀਖਣ ਕਰਨ, ਯਸੂ ਮਸੀਹ ਨੂੰ ਸਾਮ੍ਹਣੇ ਰੱਖ ਕੇ ਇਹ ਸਭ ਕੁਝ ਦੇਖਣ। ਬ੍ਰਹਮਗਿਆਨੀ ਕਹਿੰਦੇ ਹਨ ਕਿ ਪ੍ਰਮਾਤਮਾ ਨੇ ਇਹ ਸੰਸਾਰ ਦੀ ਰਚਨਾ ਜ਼ੀਰੋ ਤੋਂ ਕੀਤੀ ਭਾਵ ਕੁਝ ਵੀ ਨਹੀਂ ਤੋਂ ਕੀਤੀ। ਕੁਝ ਨਹੀਂ ਤੋਂ ਕੁਝ ਵੀ ਪ੍ਰਾਪਤ ਨਹੀਂ ਹੁੰਦਾ। ਜੇ ਈਸਾਈ ਇਹ ਮੰਨ ਕੇ ਚਲਦੇ ਹਨ ਫੇਰ ਉਨ੍ਹਾਂ ਨੂੰ ਚਾਹੀਦਾ ਹੈ ਕਿ ਇਸਨੂੰ ਪੂਰੀ ਤਰ੍ਹਾਂ ਮੰਨਣ। ਬਾਈਬਲ ਦੇ ਪਹਿਲੇ ਅਧਿਆਇ ਵਿਚ ਜਦੋਂ ਪੂਰੇ ਸੱਤ ਦਿਨਾਂ ਦਾ ਵਰਨਣ ਕੀਤਾ ਹੈ ਉਥੇ, ਪ੍ਰਮਾਤਮਾ ਦੀ ਕਲਾ ਦਾ ਵਰਨਣ ਬਹੁਤ ਹੀ ਸੋਹਣੇ ਤਰੀਕੇ ਨਾਲ ਕੀਤਾ ਹੈ, ਬਹੁਤ ਹੀ ਰੂਹਾਨੀ ਤਰੀਕੇ ਨਾਲ ਕੀਤਾ ਹੈ। ਉਸ ਨੂੰ ਦੇਖ ਕੇ, ਪੜ੍ਹ ਕੇ ਕਿਤੇ ਵੀ ਨਿਰਾਸਤਾ ਦੀ ਝਲਕ ਨਹੀਂ ਲਗਦੀ। ਹਾਲੇ ਤਾਂ ਈਸਾਈਆਂ ਦਾ ਜੀਵਨ ਦਾ ਸਵੀਕਰਨ ਬਹੁਤ ਹੀ ਕਮਜ਼ੋਰ ਹੈ, ਉਹ ਤਾਂ ਸਾਰਾ ਜੀਵਨ ਡਰ ਵਿਚ ਭੈ ਵਿਚ ਹੀ ਜੀਉਂਦੇ ਹਨ। ਸਾਰਾ ਕੁਝ ਹੀ ਸਾਰਾ ਅਧਿਆਤਮਵਾਦ ਸਵਰਗ ਤੇ ਨਰਕ ਦੇ ਦੁਆਲੇ ਹੀ ਘੁੰਮਦਾ ਹੈ। ਕੀ ਸਜ਼ਾ ਮਿਲੇਗੀ, ਕੀ ਇਨਾਮ ਮਿਲੇਗਾ, ਫੇਰ ਵੀ ਮੌਤ ਤੋਂ ਹਰ ਈਸਾਈ ਐਨਾ ਡਰਦਾ ਹੈ ਕਿ ਪੁਛੋ

ਨਾ, ਇਹ ਇਕ ਬਹੁਤ ਹੀ ਅਜੀਬ ਗੱਲ ਲਗਦੀ ਹੈ। ਗੱਲ ਬਹੁਤ ਵਚਿੱਤਰ ਹੈ ਕਿ ਆਮ ਈਸਾਈ ਵੀ ਮੌਤ ਤੋਂ ਭੈ ਭੀਤ ਹੈ ਤੇ ਮੌਤ ਨੂੰ ਇਕ ਸਜ਼ਾ ਦੇ ਰੂਪ ਵਿਚ ਹੀ ਦੇਖਦਾ ਹੈ। ਇਹ ਬਹੁਤ ਹੀ ਦੁਖ ਦੀ ਗੱਲ ਹੈ ਜਦੋਂ ਕਿ ਮੌਤ ਕੇਵਲ ਉਸ ਤਰ੍ਹਾਂ ਹੀ ਹੈ ਜਿਵੇਂ ਤੁਸੀਂ ਸ੍ਵਾਸ ਅੰਦਰ ਕਰਦੇ ਹੋ, ਬਾਹਰ ਕਰਦੇ ਹੋ। ਕਿਉਂਕਿ ਈਸਾਈ ਨੂੰ ਭੈ, ਡਰ ਬਾਰੇ ਦੱਸਿਆ ਹੀ ਨਹੀਂ ਗਿਆ ਇਹ ਸਮਝਾਇਆ ਹੀ ਨਹੀਂ ਗਿਆ ਕਿ ਭੈ ਦੀ ਕੋਈ ਗੱਲ ਹੀ ਨਹੀਂ। ਇਹ ਵੀ ਨਹੀਂ ਦੱਸਿਆ ਗਿਆ ਕਿ ਭੈ ਕਿਥੋਂ ਪੈਦਾ ਹੁੰਦਾ ਹੈ, ਇਸ ਕਰਕੇ ਮੌਤ ਬਾਰੇ ਉਨ੍ਹਾਂ ਦੇ ਭੈ ਉਨ੍ਹਾਂ ਦਾ ਡਰ ਬਹੁਤ ਹੀ ਮਹੱਤਵਪੂਰਨ ਬਣ ਜਾਂਦਾ ਹੈ।

ਮਤ, ਮਜ਼ਹਬ ਡਰ ਪੈਦਾ ਕਰਦੇ ਹਨ, ਨਿਰਭਰਤਾ ਪੈਦਾ ਕਰਦੇ ਹਨ ਤੇ ਡਰ ਤੋਂ ਛੁਟਕਾਰੇ ਬਿਨਾਂ ਕੋਈ ਸੁਤੰਤਰਤਾ ਹੋ ਹੀ ਨਹੀਂ ਸਕਦੀ। ਮਹਾਂਪੁਰਖ ਕੋਈ ਵੀ ਕਦੀ ਵੀ ਆਪਣੇ ਆਪ ਨੂੰ ਨਿਖੇਦਦੇ ਨਹੀਂ। ਉਨ੍ਹਾਂ ਦਾ ਤਰੀਕਾ ਤਾਂ ਬੜਾ ਹੀ ਪ੍ਰੈਕਟੀਕਲ ਹੈ। ਉਹ ਹੁੰਦੇ ਹੀ ਬੜੇ ਪ੍ਰੈਕਟੀਕਲ ਹਨ ਤੇ ਆਪਣਾ ਜੀਵਨ ਬਹੁਤ ਹੀ ਪ੍ਰੈਕਟੀਕਲ ਤਰੀਕੇ ਨਾਲ ਜੀਉਂਦੇ ਹਨ। ਇਕ ਸਾਧਾਰਣ ਚੀਜ਼ ਲੈ ਲਓ, ਮੈਂ ਝੂਠ ਨਹੀਂ ਬੋਲਾਂਗਾ, ਫੇਰ ਤੁਸੀਂ ਆਪਣੀ ਸ਼ਕਤੀ ਦੇਖੋ ਕਿਥੋਂ ਤੱਕ ਤੁਸੀਂ ਇਹ ਕਰ ਸਕਦੇ ਹੋ। ਇਹ ਕਹਿ ਕੇ ਤੁਸੀਂ ਆਪਣੇ ਅੰਦਰ ਦੀ ਸ਼ਕਤੀ ਤੇ ਬਾਹਰੀ ਸੰਸਾਰ ਦੇ ਦਬਾਅ ਦੇਖੋ ਕਿ ਤੁਹਾਡੇ ਉਤੇ ਕਿੰਨੇ ਦਬਾਅ ਹਨ। ਸਮਾਜ ਕੀ ਨਹੀਂ ਕਰ ਰਿਹਾ, ਕਿਵੇਂ ਸਮਾਜ ਤੁਹਾਡੇ ਉਤੇ ਭਾਰੂ ਹੋ ਜਾਂਦਾ ਹੈ। ਜਦੋਂ ਤੁਸੀਂ ਪਰੇਸ਼ਾਨ ਹੁੰਦੇ ਹੋ, ਘਬਰਾਏ ਹੁੰਦੇ ਹੋ, ਤੁਸੀਂ ਸੋਚ ਨਹੀਂ ਰਹੇ ਹੁੰਦੇ, ਤੁਸੀਂ ਪ੍ਰਮਾਤਮਾ ਦੀ ਓਟ ਆਸਰਾ ਲੈਂਦੇ ਹੋ, ਇਹ ਇਕ ਕਮਜ਼ੋਰੀ ਹੈ, ਪ੍ਰਮਾਤਮਾ ਨੂੰ ਇਸ ਤਰ੍ਹਾਂ ਨਾਲ ਉਸ ਦੀ ਪੂਰਨ ਪਛਾਣ ਨਾ ਕਰ ਸਕਣਾ ਉਸ ਕੋਲ ਕੇਵਲ ਦੁਖ ਦੇ ਸਮੇਂ ਦੁਖਾਂ ਤੋਂ ਛੁਟਕਾਰਾ ਪਾਉਣ ਲਈ ਪ੍ਰਾਰਥਨਾ ਕਰਨਾ ਇਹ ਗੱਲ ਜੀਵਨ ਵਿਚ ਸੰਪੂਰਨਤਾ ਨਹੀਂ ਲਿਆ ਸਕਦੀ।

ਚਾਹ ਹੋਰ ਪਾ ਦਿਤੀ ਗਈ। ਸਵਾਮੀ ਜੀ ਨੇ ਲੱਕੜੀ ਚੁੱਕੀ ਤੇ ਅੱਗ ਨੂੰ ਹਿਲਾਉਣ ਲਗ ਪਏ। ਬਾਹਰ ਐਨੀ ਜ਼ੋਰ ਦੀ ਹਵਾ ਚੱਲ ਰਹੀ ਸੀ ਜਿਵੇਂ ਤੁਫਾਨ ਆ ਰਿਹਾ ਹੋਵੇ। ਅਸੀਂ ਉਸ ਨੂੰ ਸੁਣ ਰਹੇ ਸੀ, ਅਸੀਂ ਠੰਢ ਕਾਰਣ ਆਪਣੀਆਂ ਸ਼ਾਲਾਂ ਜ਼ਰਾ ਹੋਰ ਚੰਗੀ ਤਰ੍ਹਾਂ ਲਪੇਟ ਲਈਆਂ। ਥੋੜ੍ਹੀ ਦੇਰ ਚੁੱਪ ਰਹਿਣ ਤੋਂ ਬਾਅਦ ਸਵਾਮੀ ਜੀ ਨੇ ਪ੍ਰਵਚਨ ਫੇਰ ਸ਼ੁਰੂ ਕੀਤੇ।

***'ਚਲਦਾ'***


(ਇਥੋਂ ਕੱਟ ਕੇ ਭੇਜੋ ਜੀ)

**MEMBERSHIP FORM** ☐ ਨਵੀਂ ਮੈਂਬਰਸ਼ਿੱਪ ☐ ਰਿਨੀਊਵਲ ☐ ਲਾਈਫ ਮੈਂਬਰਸ਼ਿਪ

ਆਤਮ ਮਾਰਗ
Monthly Magazine ਮਾਸਿਕ ਪਤ੍ਰਿਕਾ

**SUBSCRIPTION (ਦੇਸ਼)**

| ਸਾਲਾਨਾ | ਜੀਵਨ ਕਾਲ | ਫੀ ਕਾਪੀ |
|---|---|---|
| 200/- | 2000/- | 20/- |
| 220/- | 2020/- | |

**SUBSCRIPTION ਵਿਦੇਸ਼**

| | Annual | Life |
|---|---|---|
| U.S.A. | 50 US$ | 500 US$ |
| U.K. | 30 £ | 300 £ |
| Aus. | 80 $ | 800 $ |
| Europ | 50 Euro | 500 Euro |

ਨਾਮ/Name ..........

ਪਤਾ/Address ..........

..........

..........

..........Pin Code ..........

Phone .......... Email : ..........

ਮੈਂ..........ਰੁਪਏ ਮਨੀਆਰਡਰ/ਬੈਂਕ ਡਰਾਫਟ/ਚੈਕ ਨੰ..........ਮਿਤੀ..........ਰਾਹੀਂ ਭੇਜ ਰਿਹਾ ਹਾਂ।

ਦਸਖਤ..........

**ATAM MARG MONTHLY MAGAZINE**
Gurdwara Ratwara Sahib, P.o. Mullanpur Garibdas, Distt. Ropar (Pb.) Pin - 140901
Phone : 0160-2255002, Fax : 0160-2255009, Email : atammarg@glide.net.in, www.ratwarasahib.org

## ਰਤਵਾੜਾ ਸਾਹਿਬ ਵਿਖੇ ਮਹਾਂਪੁਰਸ਼ਾਂ ਦੇ ਦੀਵਾਨਾਂ ਦਾ ਪ੍ਰੋਗਰਾਮ

**ਐਤਵਾਰ** – 04, 11, 18, 25 ਸਤੰਬਰ।

**ਸੰਗਰਾਂਦ -** 15 ਸਤੰਬਰ, ਦਿਨ ਵੀਰਵਾਰ।

**ਪੂਰਨਮਾਸ਼ੀ -** 18 ਸਤੰਬਰ, ਦਿਨ ਐਤਵਾਰ

(ਸਮਾਂ ਦੁਪਹਿਰ 12 ਵਜੇ ਤੋਂ ਸ਼ਾਮ 3.30 ਵਜੇ ਤੱਕ)

**ਅੰਮ੍ਰਿਤ ਸੰਚਾਰ** - ਹਰੇਕ ਪੂਰਨਮਾਸ਼ੀ ਨੂੰ ਗੁਰਦਵਾਰਾ ਈਸ਼ਰ ਪ੍ਰਕਾਸ਼, ਰਤਵਾੜਾ ਸਾਹਿਬ ਵਿਖੇ ਦਿਨ ਦੇ 12.00 ਵਜੇ ਹੁੰਦਾ ਹੈ।

**ਨਿਰਮਲ ਡੇਰਾ ਹਿਰਦਾਪੁਰ ਖੇੜੀ** – ਮਹੀਨੇ ਦੇ ਆਖਰੀ ਸ਼ਨਿੱਚਰਵਾਰ 24 ਸਤੰਬਰ 2005, ਸਮਾਂ ਦਿਨ ਦੇ – 11.00 ਵਜੇ ਤੋਂ 1.00 ਵਜੇ ਤੱਕ ਦੀਵਾਨ ਸਜਦਾ ਹੈ।

## ਸੂਚਨਾ

ਸੰਤ ਮਹਾਰਾਜ 'ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ' ਮੈਮੋਰੀਅਲ ਹਸਪਤਾਲ ਰਤਵਾੜਾ ਸਾਹਿਬ ਦੀ ਕਾਰ ਸੇਵਾ ਚਲ ਰਹੀ ਹੈ। ਜਿਨ੍ਹਾਂ ਵੀ ਪ੍ਰੇਮੀਆਂ ਨੇ ਹਸਪਤਾਲ ਵਾਸਤੇ ਮਾਇਆ ਭੇਜਣੀ ਹੋਵੇ ਉਹ ਹਸਪਤਾਲ ਅਕਾਊਂਟ ਨੰਬਰ SB-18177 A/C ਵਿਚ ਚੈਕ, ਮਨੀਆਰਡਰ, ਡਰਾਫਟ ਆਦਿ ਰਾਹੀਂ ਮਾਇਆ ਭੇਜਣ ਦੀ ਕ੍ਰਿਪਾਲਤਾ ਕਰਨ –

**Postal Address**

**Vishav Gurmat Roohani Mission Charitable Trust, (Hospital A/c)**

**Gurdwara Ishar Parkash**

Ratwara Sahib

P.O. Mullanpur Garibdass

Teh. Kharar, Via : Chandigarh.

Distt. Ropar (Pb)-140901

## ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ

ਦੇ ਬਾਨੀ ਸੰਤ ਬਾਬਾ ਵਰਿਆਮ ਸਿੰਘ ਜੀ ਵੱਲੋਂ ਲਿਖਤ ਅਤੇ ਪ੍ਰਕਾਸ਼ਿਤ ਪੁਸਤਕਾਂ

ਇਹ ਪੁਸਤਕਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੂੜ੍ਹ ਸਿਧਾਂਤਾਂ ਨੂੰ ਭਲੀਭਾਂਤ ਨਿਖਾਰ ਕੇ ਪੇਸ਼ ਕਰਦੀਆਂ ਹਨ। ਇਨ੍ਹਾਂ ਵਿਚ ਨਾਮ, ਸੇਵਾ ਤੇ ਸਿਮਰਨ ਦੀਆਂ ਜੁਗਤੀਆਂ ਨੂੰ ਜਨ ਸਾਧਾਰਣ ਦੀ ਬੋਲੀ ਵਿਚ ਅੰਕਿਤ ਕੀਤਾ ਗਿਆ ਹੈ ਜੋ ਹਰ ਗੁਰਸਿੱਖ ਜਗਿਆਸੂ ਲਈ ਅਮੋਲਕ ਖਜ਼ਾਨਾ ਹੈ। ਆਤਮਿਕ ਸੁੱਖ-ਸ਼ਾਂਤੀ ਲਈ ਇਨ੍ਹਾਂ ਨੂੰ ਪ੍ਰਾਪਤ ਕਰਕੇ ਆਪ ਪੜ੍ਹੋ ਅਤੇ ਹੋਰਨਾਂ ਨੂੰ ਪੜ੍ਹਾਓ। ਜੋ ਕਿ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਵਿਖੇ ਉਪਲਬਧ ਹਨ।

| | | ਪੰਜਾਬੀ | ਹਿੰਦੀ |
|---|---|---|---|
| 1. | ਸੁਰਤਿ ਸਬਦਿ ਮਾਰਗ | 50/ | 70/- |
| 2. | ਕਿਵ ਕੂੜੈ ਤੁਟੈ ਪਾਲਿ | 40/- | 35/- |
| 3. | ਬਾਤ ਅਗੰਮ ਕੀ - ਸੱਤ ਭਾਗਾਂ ਵਿਚ | 155/- | 235/- |
| 4. | ਕਿਵ ਸਚਿਆਰਾ ਹੋਈਐ - ਭਾਗ ਪਹਿਲਾ | 30/- | 35/- |
| 5. | ਕਿਵ ਸਚਿਆਰਾ ਹੋਈਐ - ਭਾਗ ਦੂਜਾ | 60/- | 65/- |
| 6. | ਕਿਵ ਸਚਿਆਰਾ ਹੋਈਐ - ਭਾਗ ਤੀਜਾ | 80/- | 100/- |
| 7. | ਹੋਵੈ ਅਨੰਦੁ ਘਣਾ | 25/- | 30/- |
| 8. | ਚਉਥੈ ਪਹਰਿ ਸਬਾਹ ਕੈ | 55/- | 60/- |
| 9. | ਸੁਰਤਿਆਂ ਉਪਜੈ ਚਾਉ | 40/- | 40/- |
| 10. | ਬਾਬਾਣੀਆਂ ਕਹਾਣੀਆਂ | 50/- | 50/- |
| 11. | ਸਰਬ ਪ੍ਰਿਅ ਗੁਰੂ ਗੋਬਿੰਦ ਸਿੰਘ | 10/- | 10/- |
| 12. | ਅੰਮ੍ਰਿਤ ਫੁਹਾਰ | 10/- | 10/- |
| 13. | ਅਗੰਮ ਅਗੋਚਰ ਦਾ ਮਾਰਗ | 60/- | 70/- |
| 14. | ਪੁਰਾਤਨ ਟੀਕਾ - ਜਪੁਜੀ ਸਾਹਿਬ | 10/- | 15/- |
| 15. | ਅਮਰ ਜੋਤਾਂ | 15/- | 15/- |
| 16. | ਗੁਰਮਤਿ ਪ੍ਰਚਾਰ ਦਾ ਸਰੋਤ-ਰਤਵਾੜਾ ਸਾਹਿਬ | 5/- | 5/- |
| 17. | ਹਿਮਾਲੀਆ ਦੇ ਸੰਤਾਂ ਦੇ ਸੰਗ ਨਿਵਾਸ | 70/- | |
| 18. | ਅਮਰ ਗਾਥਾ | 100/- | 100/- |
| 19. | ਧਰਮ ਯੁਧ ਕੇ ਚਾਇ | 50/- | |
| 20. | ਪਵਿਤਰ ਪੈਂਡਾ | 25/- | |
| 21. | ਭਗਤ ਪ੍ਰਹਿਲਾਦ | 10/- | 10/- |
| 22. | ਵੈਸਾਖੀ | 10/- | |
| 23. | ਰਾਜ ਯੋਗ | 40/- | |
| 24. | ਸਾਜਨ ਚਲੇ ਪਿਆਰਿਆ | 10/- | 10/- |
| 25. | ਅਬਿਨਾਸੀ ਜੋਤ ਭਾਗ-1 | 90/- | |
| 26. | ਅਬਿਨਾਸੀ ਜੋਤ ਭਾਗ-2 | 90/- | |
| 27. | ਰੂਹਾਨੀ ਗੁਲਦਸਤਾ -1 | 60/- | |
| 28. | ਰੂਹਾਨੀ ਗੁਲਦਸਤਾ - 2 | 60/- | |
| 29. | ਸੰਤ ਤੁਮਾਰੇ ਤੁਮਰੇ ਪ੍ਰੀਤਮ | 50/- | |
| 30. | ਅੰਮ੍ਰਿਤ ਬਚਨ ਸਾਧ ਕੀ ਬਾਣੀ | 80/- | |
| 31. | ਗੁਰੂ ਅਮਰਦਾਸ ਪਰਸੀਐ | 50/- | |

| | English Version | Price |
|---|---|---|
| 1. | Baisakhi | Rs. 5/- |
| 2. | How Rend The Veil of Untruth | Rs. 70/- |
| C. | Discourses on the Beyond-1 | Rs 50/- |
| 4. | Discourses on the Beyond -2 | Rs. 50/- |
| 5. | Discourses on the Beyond -3 | Rs. 50/- |
| 6. | Discourses on the Beyond -4 | Rs. 60/- |
| 7. | Discourses on the Beyond -5 | Rs. 60/- |
| 8. | The way to the imperceptible | Rs. 80/- |
| 9. | The Lights Immortal | Rs. 20/- |
| 10. | Transcendental Bliss | Rs. 70/- |
| 11. | How to Know Thy Real Self-(Vol-1) | Rs. 80/- |
| 12. | How to Know Thy Real Self-(Vol-2) | Rs. 80/- |
| 13. | How to Know Thy Real Self-(Vol-3) | Rs. 110/- |
| 14. | The Dawn of Khalsa Ideals | Rs. 10/- |
| 15. | A Glimpse of His Holiness - Baba ji | Rs. 5/- |